Skyways
TRUCK DRIVING SCHOOL
Class 1A, 3A & Air Brake Training
Certified trainers with over 16 years experience.
ਆਪਣੀ ਬੋਲੀ ਵਿੱਚ ਟਰੱਕ ਸਿੱਖਣ ਲਈ ਸੰਪਰਕ ਕਰੋ:
Financing Available
Tariq Hameed
Babir Hameed
Shamshair Tariq
@skywaystds
2110 Winnipeg St North Regina (SK) S0G 5K0
Call Toll Free: 1-844 468 6912
www.skywaystrucking.ca

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ
ਪੰਜਾਬੀ ਅਖ਼ਬਾਰ
Punjabi Akhbaar
ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Edmonton : 780 599 2000 I Regina/Saskatoon : 639 999 1000 : Winnipeg 431 733 3000
Chief Editor : Harbans Buttar

For All your Real Estate Needs
Amandeep Dhaliwal
REALTOR
Cell: 306-241-8501
ਕੋਈ ਵੀ ਬਿਜ਼ਨਿਸ ਪ੍ਰਾਪਰਟੀ ਜਾਂ ਘਰ ਖਰੀਦਣਾ/ਵੇਚਣਾ ਹੋਵੇ ਤਾਂ ਅਮਨਦੀਪ ਧਾਲੀਵਾਲ ਨਾਲ ਗੱਲਬਾਤ ਕਰੋ।
ROYAL LEPAGE
Saskatoon Real Estate
Independently Owned and Operated, Broker

Vol: 8 No: 183 Website : www.punjabiakhbaar.ca Email: editor@punjabiakhbaar.ca Friday, 5 November 2021

# ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ 'ਚੋਂ ਦਿੱਤਾ ਅਸਤੀਫਾ



ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)-ਮੁੱਖ ਮੰਤਰੀ ਦੀ ਕੁਰਸੀ ਤੋਂ ਲਾਂਭੇ ਕੀਤੇ ਜਾਣ ਤੋਂ ਬਾਅਦ ਕਾਂਗਰਸ ਛੱਡਣ ਦਾ ਐਲਾਨ ਕਰ ਚੁੱਕੇ ਕੈਪਟਨ ਅਮਰਿੰਦਰ ਸਿੰਘ ਨੇ ਹੁਣ ਕਾਂਗਰਸ ਨਾਲੋਂ ਨਾਤਾ ਪੂਰੀ ਤਰ੍ਹਾਂ ਤੋੜਦੇ ਹੋਏ ਕਾਂਗਰਸ 'ਚੋਂ ਅਸਤੀਫਾ ਦੇ ਦਿੱਤਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ 7 ਪੰਨ੍ਹਿਆ ਦਾ ਲੰਮਾ-ਚੌੜਾ ਅਸਤੀਫਾ ਭੇਜਿਆ ਹੈ। ਇਸ ਵਿਚ ਉਨ੍ਹਾਂ ਆਪਣੇ ਪੂਰੇ ਸਿਆਸੀ ਸਫਰ ਦਾ ਜਕਿਰ ਕੀਤਾ ਹੈ। ਜਿਸ ਵਿਚ ਉਨ੍ਹਾਂ ਨੇ ਇਕ ਵਾਰ ਫਿਰ ਪੰਜਾਬ ਵਿਚ 92 ਫੀਸਦ ਵਾਅਦੇ ਪੂਰੇ ਕਰਨ ਦਾ ਜਕਿਰ ਕੀਤਾ ਹੈ। ਕੈਪਟਨ ਨੇ ਅਸਤੀਫੇ 'ਚ ਇਹ ਤੱਕ ਆਖਿਆ ਹੈ ਕਿ ਉਨ੍ਹਾਂ ਨੂੰ ਕਾਂਗਰਸ ਨੇ ਜਲੀਲ ਕੀਤਾ ਹੈ ਅਤੇ ਇਹ ਸਭ ਜਾਣਦੇ ਹੋਏ ਵੀ ਤੁਸੀਂ ਚੁੱਪ ਚਾਪ ਸਭ ਦੇਖਦੇ ਰਹੇ। ਇਸ ਵਿਚ ਕੈਪਟਨ ਨੇ ਨਵਜੋਤ ਸਿੱਧ 'ਤੇ ਵੀ ਵੱਡੇ ਹਮਲੇ ਬੋਲਦੇ ਹੋਏ ਸਵਾਲ ਖੜ੍ਹੇ ਕੀਤੇ ਹਨ। ਕੈਪਟਨ ਨੇ ਪਹਿਲਾਂ ਹੀ ਆਖਿਆ ਸੀ ਕਿ ਉਹ ਨਾ ਤਾਂ ਹੁਣ ਕਾਂਗਰਸ ਵਿਚ ਰਹਿਣਗੇ ਅਤੇ ਨਾ ਹੀ ਭਾਜਪਾ ਵਿਚ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਸੀ ਕਿ ਉਹ ਨਵੀਂ ਪਾਰਟੀ ਬਣਾ ਕੇ ਪੰਜਾਬ ਵਿਧਾਨ ਸਭਾ ਦੀਆਂ ਸਾਰੀਆਂ 117 ਸੀਟਾਂ 'ਤੇ ਚੋਣ ਲੜਨਗੇ। ਇਥੇ ਹੀ ਬਸ ਨਹੀਂ ਕੈਪਟਨ ਨੇ ਇਹ ਵੀ ਆਖਿਆ ਸੀ ਕਿ ਕਾਂਗਰਸ ਦੇ ਕਈ ਲੀਡਰ ਉਨ੍ਹਾਂ ਦੇ ਸੰਪਰਕ ਵਿਚ ਹਨ। ਕੈਪਟਨ ਅਮਰਿੰਦਰ ਸਿੰਘ ਨੇ ਸੋਨੀਆ ਗਾਂਧੀ ਨੂੰ ਭੇਜੇ ਗਏ 7 ਪੰਨ੍ਹਿਆ ਦੇ ਅਸਤੀਫੇ ਵਿਚ ਵੱਡੇ ਮਿਹਣੇ ਮਾਰੇ ਹਨ। ਕੈਪਟਨ ਨੇ ਅਸਤੀਫੇ 'ਚ ਇਹ ਤੱਕ ਆਖਿਆ ਹੈ ਕਿ ਉਨ੍ਹਾਂ ਨੂੰ ਕਾਂਗਰਸ ਨੇ ਜਲੀਲ ਕੀਤਾ ਹੈ ਅਤੇ ਇਹ ਸਭ ਜਾਣਦੇ ਹੋਏ ਵੀ ਤੁਸੀਂ ਚੁੱਪ ਚਾਪ ਸਭ ਦੇਖਦੇ ਰਹੇ।

## ਕੈਪਟਨ ਵਲੋਂ ਨਵੀਂ ਪਾਰਟੀ ਦਾ ਐਲਾਨ, 'ਪੰਜਾਬ ਲੋਕ ਕਾਂਗਰਸ' ਹੋਵੇਗਾ ਨਾਂ

ਚੰਡੀਗੜ੍ਹ (ਪੰਜਾਬੀ ਅਖਬਾਰ ਬਿਊਰੋ)-ਕਾਂਗਰਸ ਵਿਚੋਂ ਅਸਤੀਫਾ ਦੇਣ ਤੋਂ ਬਾਅਦ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਨਵੀਂ ਪਾਰਟੀ ਦਾ ਐਲਾਨ ਵੀ ਕਰ ਦਿੱਤਾ ਹੈ। ਕੈਪਟਨ ਅਮਰਿੰਦਰ ਸਿੰਘ ਦੀ ਨਵੀਂ ਪਾਰਟੀ ਦਾ ਨਾਂ 'ਪੰਜਾਬ ਲੋਕ ਕਾਂਗਰਸ' ਪਾਰਟੀ ਹੋਵੇਗਾ। ਮੁੱਖ ਮੰਤਰੀ ਦੀ ਕੁਰਸੀ ਤੋਂ ਲਾਂਭੇ ਕੀਤੇ ਜਾਣ ਤੋਂ ਖਫਾ ਚੱਲ ਰਹੇ ਕੈਪਟਨ ਅਮਰਿੰਦਰ ਸਿੰਘ ਪਹਿਲਾਂ ਹੀ ਆਖ ਚੁੱਕੇ ਸਨ ਕਿ ਉਹ ਹੁਣ ਕਿਸੇ ਕੀਮਤ 'ਤੇ ਕਾਂਗਰਸ ਦਾ ਹਿੱਸਾ ਨਹੀਂ ਰਹਿਣਗੇ। ਹਾਲਾਂਕਿ ਕੈਪਟਨ ਨੇ ਇਹ ਜਰੂਰ ਆਖਿਆ ਸੀ ਕਿ ਉਹ ਚੋਣਾਂ ਦੌਰਾਨ ਭਾਜਪਾ ਨਾਲ ਗਠਜੋੜ ਜਰੂਰ ਕਰ ਸਕਦੇ ਹਨ ਪਰ ਇਹ ਵੀ ਤਾਂ ਹੀ ਹੋਵੇਗਾ ਜੇਕਰ ਭਾਜਪਾ ਸਰਕਾਰ ਪਹਿਲਾਂ ਕਿਸਾਨੀ ਮਸਲੇ ਦਾ ਹੱਲ ਕਰਦੀ ਹੈ। ਕੈਪਟਨ ਨੇ ਆਖਿਆ ਸੀ ਕਿ ਉਨ੍ਹਾਂ ਦੀ ਪਾਰਟੀ ਪੰਜਾਬ ਵਿਧਾਨ ਸਭਾ ਦੀਆਂ ਸਾਰੀਆਂ 117 ਸੀਟਾਂ 'ਤੇ ਚੋਣ ਲੜੇਗੀ। ਇਥੇ ਹੀ ਬਸ ਨਹੀਂ ਕੈਪਟਨ ਨੇ ਇਹ ਵੀ ਆਖਿਆ ਸੀ ਕਿ ਕਾਂਗਰਸ ਦੇ ਕਈ ਲੀਡਰ ਉਨ੍ਹਾਂ ਦੇ ਸੰਪਰਕ ਵਿਚ ਹਨ। ਕੈਪਟਨ ਅਮਰਿੰਦਰ ਸਿੰਘ ਵਲੋਂ ਸੋਨੀਆ ਗਾਂਧੀ ਨੂੰ ਭੇਜੇ ਗਏ 7 ਪੰਨ੍ਹਿਆ ਦੇ ਅਸਤੀਫੇ ਵਿਚ ਵੱਡੇ ਮਿਹਣੇ ਮਾਰੇ ਹਨ। ਕੈਪਟਨ ਨੇ ਅਸਤੀਫੇ 'ਚ ਇਹ ਤੱਕ ਆਖਿਆ ਹੈ ਕਿ ਉਨ੍ਹਾਂ ਨੂੰ ਕਾਂਗਰਸ ਨੇ ਜਲੀਲ ਕੀਤਾ ਹੈ ਅਤੇ ਇਹ ਸਭ ਜਾਣਦੇ ਹੋਏ ਵੀ ਤੁਸੀਂ ਚੁੱਪ ਚਾਪ ਸਭ ਦੇਖਦੇ ਰਹੇ।

## ਨਵੰਬਰ 84 ਸਿੱਖ ਕਤਲੇਆਮ ਦੇ ਸ਼ਹੀਦਾਂ ਦੀ ਯਾਦ 'ਚ ਐਸਜੀਪੀਸੀ ਵੱਲੋਂ ਸਮਾਗਮ

ਅੰਮ੍ਰਿਤਸਰ (ਪੰਜਾਬੀ ਅਖਬਾਰ ਬਿਊਰੋ)-ਨਵੰਬਰ 1984 'ਚ ਦਿੱਲੀ ਸਮੇਤ ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿਚ ਕੀਤੇ ਗਏ ਸਿੱਖ ਕਤਲੇਆਮ ਦੇ ਸ਼ਹੀਦਾਂ ਦੀ ਯਾਦ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਗੁਰਦੁਆਰਾ ਝੰਡਾ ਬੁੰਗਾ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਗੁਰਪ੍ਰੀਤ ਸਿੰਘ ਨੇ ਕੀਰਤਨ ਕੀਤਾ ਅਤੇ ਅਰਦਾਸ ਭਾਈ ਬਲਜੀਤ ਸਿੰਘ ਨੇ ਕੀਤੀ। ਇਸ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਬਲਜੀਤ ਸਿੰਘ ਨੇ ਨਵੰਬਰ 1984 ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਇਸ ਨੂੰ ਸਿੱਖ ਕੌਮ 'ਤੇ ਹੋਇਆ ਵੱਡਾ ਹਮਲਾ ਕਿਹਾ। ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸੁਰਜੀਤ ਸਿੰਘ ਭਿੱਟੇਵੱਡ ਅਤੇ ਜਨਰਲ ਸਕੱਤਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਗੱਲਬਾਤ ਕਰਦਿਆਂ ਕਿਹਾ ਕਿ ਨਵੰਬਰ 1984 ਦਾ ਦੁਖਾਂਤ ਅਤਿ ਦੁਖਦਾਈ ਸੀ, ਜਿਸ ਨੂੰ ਕੌਮ ਕਦੇ ਵੀ ਭੁਲਾ ਨਹੀਂ ਸਕਦੀ। ਦਿੱਲੀ, ਕਾਨਪੁਰ ਤੇ ਬੋਕਾਰੋ ਆਦਿ ਥਾਵਾਂ 'ਤੇ ਨਵੰਬਰ 1984 'ਚ ਹਕੂਮਤੀ ਸ਼ਹਿ ਹੇਠ ਕੀਤੇ ਗਏ ਸਿੱਖ ਕਤਲੇਆਮ ਦੇ ਜ਼ਖ਼ਮ 37 ਸਾਲ ਬੀਤਣ ਬਾਅਦ ਵੀ ਨਹੀਂ ਭਰੇ ਹਨ ਅਤੇ ਦੁੱਖ ਦੀ ਗੱਲ ਹੈ ਕਿ ਕੌਮ ਨੂੰ ਇੰਨੇ ਲੰਮੇ ਸਮੇਂ ਮਗਰੋਂ ਵੀ ਇਨਸਾਫ਼ ਨਹੀਂ ਮਿਲਿਆ।

ਦੀਵਾਲੀ ਅਤੇ ਬੰਦੀਛੋੜ ਦਿਵਸ ਦੀਆਂ ਲੱਖ-ਲੱਖ ਵਧਾਈਆਂ

FLEX REALTY
Independently Owned And Operated Brokerage
ਕਿਸੇ ਵੀ ਕਿਸਮ ਦੀ ਜਾਇਦਾਦ ਘਰ,ਹੋਟਲ-ਮੋਟਲ, ਖੇਤੀ ਲਈ ਫਾਰਮ ਜਾਂ ਕੋਈ ਬਿਜਨਿਸ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ
CJ Singh
REALTOR® Bcomm. Accounting
CJ.Singh187@gmail.com
306 270-2567

Universal Immigration Consultancy
UIC Immigration Consultant
Paramjit Kaur
param@uicimmigration.com
www.uicimmigration.com
Phone: 306-914-8555 | Office: 306-546-0502
To help you attain your goals for immigration to Canada through...
• Provincial Nominee Programs
• Express Entry
• Family/ Spouse Sponsorship
• Work Permit, Visitor Visa
• PR Card and Citizenship
• Prepare Immigration applications or related documents
• Student Recruitment and Student visa, SINP, TR to PR,
ਇੰਮੀਗ੍ਰੇਸ਼ਨ ਦੇ ਕਿਸੇ ਵੀ ਮਸਲੇ ਬਾਰੇ ਜਾਣਕਾਰੀ ਅਤੇ ਉਹਦੇ ਹੱਲ ਸੰਬੰਧੀ ਯੂਨੀਵਰਸਲ ਇੰਮੀਗ੍ਰੇਸ਼ਨ ਵਾਲਿਆਂ ਨੂੰ ਕਾਲ ਕਰੋ।
Unit#4-3000 Diefenbaker Dr, Saskatoon (SK) S7L7K2 (Near Superstore West)
Regulated Canadian Immigration Consultant, CEO Member of ICCRC

## ਪੰਜਾਬੀ ਮੂਲ ਦੀ ਜੋਤੀ ਗੌਂਡੇਕ ਨੇ ਕੈਲਗਰੀ ਦੀ 37ਵੀਂ ਅਤੇ ਪਹਿਲੀ ਔਰਤ ਵੱਜੋਂ ਮੇਅਰ ਦੇ ਅਹੁਦੇ ਦੀ ਸਹੁੰ ਚੁੱਕੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)ਡਾ. ਜੋਤੀ ਗੌਂਡੇਕ ਨੇ ਕੈਲਗਰੀ ਦੀ 37ਵੀਂ ਅਤੇ ਪਹਿਲੀ ਔਰਤ ਮੇਅਰ ਵਜੋਂ ਆਪਣੇ ਅਹੁਦੇ ਦਾ ਹਲਫ਼ ਲੈ ਲਿਆ ਹੈ। ਐਸੋਸਿਏਟ ਚੀਫ਼ ਜਸਟਿਸ ਔਫ਼ ਕੋਰਟ ਔਫ਼ ਕਾਈਨ'ਜ਼ ਬੈਂਚ, ਜਸਟਿਸ ਜੌਨ ਰੂਕ ਨੇ ਗੌਂਡੇਕ ਨੂੰ ਉਹਨਾਂ ਦੇ ਅਹੁਦੇ ਦਾ ਹਲਫ਼ ਦੁਆਇਆ। ਦਸਤਾਵੇਜ਼ਾਂ 'ਤੇ ਹਸਤਾਖਰ ਕਰਨ ਮਗਰੋਂ ਮੇਅਰ ਜੋਤੀ ਦੇ ਪਤੀ ਟੌਡ ਗੌਂਡੇਕ ਨੇ ਮੇਅਰਲ ਚੇਨ ਔਫ਼ ਔਫਿਸ ਉਹਨਾਂ ਦੇ ਗਲ ਵਿੱਚ ਪਾਈ। ਇਸ ਮਗਰੋਂ ਜੋਤੀ ਗੌਂਡੇਕ ਨੇ ਨਵੇਂ ਚੁਣੇ ਗਏ ਕੌਂਸਲਰਾਂ ਨੂੰ ਉਹਨਾਂ ਦੀ ਸੀਟਿੰਗ ਦੇ ਹਿਸਾਬ ਨਾਲ ਇੱਕ-ਇੱਕ ਕਰਕੇ ਸਹੁੰ ਚੁਕਾਈ ਤੇ ਉਹਨਾਂ ਨਾਲ ਹੱਥ ਮਿਲਾ ਕੇ ਫੋਟੋ ਖਿਚਵਾਈ। ਵਾਰਡ 4 ਤੋਂ ਕੌਂਸਲਰ ਸ਼ੌਨ ਚੂ ਦੀ ਵਾਰੀ ਆਉਣ 'ਤੇ ਮੇਅਰ ਨੇ ਜਸਟਿਸ ਰੂਕ ਨੂੰ ਬੇਨਤੀ ਕੀਤੀ ਤੇ ਉਹ ਖੁਦ ਆਪਣੇ ਪਰਿਵਾਰ ਦੇ ਨਾਲ ਜਾ ਕੇ ਬੈਠ ਗਏ। ਸਹੁੰ ਚੁੱਕਣ ਮਗਰੋਂ ਸ਼ੌਨ ਚੂ ਨੇ ਜਸਟਿਸ ਰੂਕ ਨਾਲ ਹੱਥ ਮਿਲਾ ਕੇ ਤਸਵੀਰ ਖਿਚਵਾਈ। ਸਾਰੇ ਕੌਂਸਲਰਾਂ ਨੇ ਮੇਅਰ ਅਤੇ ਜਸਟਿਸ ਰੂਕ ਅਤੇ ਮੂਲ ਨਿਵਾਸੀ ਆਗੂ ਰੌਡ ਹੰਟਰ ਨਾਲ ਗਰੁੱਪ ਤਸਵੀਰ ਕਰਵਾਈ ਤੇ ਰਸਮੀ ਰੂਪ ਵਿੱਚ ਕੌਂਸਲ ਦਾ ਚਾਰ ਸਾਲ ਦਾ ਸਮਾਂ ਸ਼ੁਰੂ ਹੋ ਗਿਆ। ਸਹੁੰ ਚੁੱਕ ਸਮਾਗਮ ਵਿੱਚ ਕੋਵਿਡ-19 ਸੰਬੰਧੀ ਲਾਗੂ ਹਿਦਾਇਤਾਂ ਦਾ ਪਾਲਨ ਕੀਤਾ ਗਿਆ ਸੀ ਬਹੁਤ ਘੱਟ ਲੋਕ ਚੇਂਬਰ ਵਿੱਚ ਹਾਜ਼ਰ ਸਨ।

APNA BAZAAR
SOUTH ASIAN GROCERY STORE
ਆਪਣਾ ਬਜ਼ਾਰ ਸਾਊਥ ਏਸ਼ੀਅਨ ਗਰੌਸਰੀ ਸਟੋਰ
ਤਾਜ਼ੀਆਂ ਸਬਜ਼ੀਆਂ, ਦਾਲਾਂ, ਮਸਾਲੇ, ਆਟਾ, ਵੇਸਣ, ਆਚਾਰ, ਮੁਰੱਬੇ, ਬਰਤਨ ਆਦਿ ਨਿੱਤ ਦੀ ਵਰਤੋਂ ਵਾਲਾ ਸਾਰਾ ਸਮਾਨ ਇੱਕ ਛੱਤ ਹੇਠ ਮਿਲਦਾ ਹੈ।
102 Hampton Cir #40, Saskatoon, SK S7R 0B7
PH: 306 491 4742

CENTURY 21 Fusion
RANDY SINGH
Saskatoon REALTOR®
306.361.7810
randy.singh@century21.ca
randysinghrealty.com
Call me today!
Not intended to solicit properties currently listed for sale or buyers under contract. Each office is independently owned and operated.

NIRMAL TRUCK DRIVING SKILLS
1A, 3A, (Air Brake) TRAINING (SGI APPROVED)
ACCORDING TO NEW MELT PROGRAM
Surjit Singh
(Truck Instructor)
1-306-450-2129
ਐਸ ਜੀ ਆਈ ਦੇ ਨਿਯਮਾਂ ਅਨੁਸਾਰ ਨਵੇਂ ਮੈਲਟ ਪ੍ਰੋਗਰਾਮ ਤਹਿਤ ਟਰੱਕਾਂ ਦੀ ਟਰੇਨਿੰਗ ਦਿੱਤੀ ਜਾਂਦੀ ਹੈ
ਸੜਕਾਂ ਉੱਪਰ ਸਫਲਤਾ ਨਾਲ ਸੁਰੱਖਿਅਤ ਡਰਾਈਵਿੰਗ ਕਰ ਰਹੇ ਨਿਰਮਲ ਟਰੱਕ ਡਰਾਈਵਿੰਗ ਸਕਿੱਲ (ਸਕੂਲ) ਦੇ ਡਰਾਈਵਰਾਂ ਉੱਪਰ ਸਾਨੂੰ ਮਾਣ ਹੈ
NIRMALTRUCKDRIVING@gmail.com
1-115 71st Street W Saskatoon SK S7R 1B4
ਤਜਰਬੇਕਾਰ ਸਟਾਫ
ਏਅਰ ਬਰੇਕ ਟਰੇਨਿੰਗ
Classes Available In: English, Hindi, Punjabi, Urdu

Falcon TRANSPORT Inc.
Hiring New Drivers and Owner Operators
Great Mile Rates
Dedicated Runs
New Automatic Truck
Local/Long Haul US - Canada Runs
Home time every weekend
SINP/LMIA ਲਈ ਵੀ ਮਦਦ ਕਰਦੇ ਹਾਂ
ਟਰੱਕ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ।
Balpreet Singh
Tel:306-952-4977 Cell: 306-212-0246
Email: falcontransport86@gmail.com
Website: Falcontansport.ca

Always Fresh Always Delicious
OPEN 11am - Midnight
ਪਹਿਲੀ ਅਤੇ ਆਖਰੀ ਬਾਈਟ ਦੀ ਤਸੱਲੀ ਦਾ ਨਾਂ ਹੀ ਪੀਜ਼ਾ ਬਾਈਟ ਐ!
Pizza Bite
Perfect place for Perfect taste
Authentic Indian Curry and Sweet House
• Pizza and Indian Food
• Indian Sweets
• Tiffin Service
• Catering
Pizzabite saskatoon
Pizza Bite
www.pizzabite.ca
Call - (306)954-0011 , (306)-954-0077
#2 606 22nd St West Saskatoon , SK.

WARD TIRECRAFT
COMMERCIAL AGRICULTURE PASSENGER
CERTIFIED SGI INSPECTION STATION
ਜਾਨਦਾਰ ਤੇ ਵਜਨਦਾਰ ਨਵੇਂ ਟਾਇਰ ਖਰੀਦਣ ਲਈ ਸਾਡੇ ਸਟੋਰ ਤੇ ਆਉ
Enjoy Greater Vehicle Performance With Our Wide Selection of Quality Tires From Leading Brands!
HD ALIGNMENT
Free Installation & Balance on set of 4
10% OFF — 10% off on semi truck alignment when you buy 2 new steer tires.
FREE SERVICES — Free installation and balancing with purchase of 4 passenger tires
CALL TODAY FOR AN ESTIMATE!
(306) 230-9025, (306) 715-8716
801 - 48th Street East, Saskatoon, SK S7K 0X5
www.wardtires.com

PROUDLY WESTERN CANADIAN
INNOVATIVE STONECRAFT
CRAFTED STONE VENEER
306.591.0670
PARMJOT MAAN
CANADIAN MADE
Your 1st choice for Manufactured STONE CLADDING needs in Residential & Commercial Projects.
CALL NOW!
FOLLOW US
1D, 820 51st St E Saskatoon SK S7K0X8
FREE ESTIMATES
BEST PRICE GUARANTEE
We ship across Western Canada.
INFO@INNOVATIVESTONECRAFT.CA
WWW.INNOVATIVESTONECRAFT.CA




COPPERSTONE
AT COPPERFIELD

# ਕਾਪਰਫੀਲਡ ਵਿੱਚ ਬਿਲਕੁਲ ਨਵੇਂ ਘਰ ਖਰੀਦਣ ਸਮੇਂ ਕਾਨੂੰਨੀ ਬੇਸਮੈਂਟ ਸੂਇਟ ਦੀ ਸਹੂਲਤ ਸਮੇਤ ਅਪਗ੍ਰੇਡ ਕਰੋ !



## ਮਾਡਰਨ ਸਿੰਗਲ ਫੈਮਿਲੀ ਹੋਮ

2,015 to 2,508 sq. ft.
3-4 bedrooms with bonus room
2-3 bathrooms
Legal basement suite option

**Starting from Low $500 (incl.GST)**



## ਸਿੰਗਲ ਫੈਮਿਲੀ ਲੇਨਡ ਹੋਮ

1,735 to 1,867 sq. ft
3 bedrooms
2 bathrooms
Legal basement suite option

**Starting from $469,900 (incl.GST)**



## ਐਗੇਜੈਕਟਿਵ ਸਿੰਗਲ ਫੈਮਿਲੀ ਹੋਮ

2,508 to 2,934 sq. ft.
3-4 bedrooms with bonus room | 2-3 bathrooms
Walk-out basement with options to add a legal basement suite.

**Starting from High $600 (incl.GST)**

Appointments MUST be made prior in order to visit Sales Centre & Showrooms.

Monday - Thursday: 2 - 8 PM
Sat, Sun & Holidays: 12 - 5 PM
Thrusday & Friday: by appointment

587.352.4266
COPPERSTONELIVING.COM
1233 Copperfield Blvd SE,
Calgary, AB T2Z 5G1

VESTA PROPERTIES

Choose your incentive of up to $10,000 off the price of your home, designer credit or upgrade options. This offer cannot be combined with other promotional offers. Some restrictions apply. Ask sales team for full details.


# ਜੌਰਜ ਚਾਹਲ ਨੂੰ ਮੰਤਰੀ ਮੰਡਲ ਵਿੱਚ ਥਾਂ ਨਾ ਮਿਲਣ ਕਾਰਣ ਕੈਲਗਰੀ ਦੀ ਮੇਅਰ ਜੋਤੀ ਗੌਂਡੇਕ ਨੂੰ ਵੀ ਅਫਸੋਸ ਐ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਫੈਡਰਲ ਕੈਬਿਨੇਟ ਦੇ ਕੀਤੇ ਗਏ ਗਠਨ ਵਿੱਚ ਕੈਲਗਰੀ ਤੋਂ ਇੱਕੋਂ ਇੱਕ ਉਮੀਦਵਾਰ ਜੌਰਜ ਚਾਹਲ ਨੂੰ ਕੈਬਿਨੇਟ ਸੀਟ ਨਾ ਮਿਲਣ 'ਤੇ ਮੇਅਰ ਜੋਤੀ ਗੌਂਡੇਕ ਨੇ ਅਫ਼ਸੋਸ ਪ੍ਰਗਟ ਕੀਤਾ ਹੈ। ਉਹਨਾਂ ਕਿਹਾ ਹੈ ਕਿ ਕੈਲਗਰੀ ਨੂੰ ਪ੍ਰਤੀਨਿਧਤਾ ਨਹੀਂ ਦਿੱਤੀ ਗਈ ਹੈ। ਐਡਮੰਟਨ ਤੋਂ ਇੱਕ ਮਾਤਰ ਐਮਪੀ ਰੈਂਡੀ ਬੌਇਜ਼ਨਉ ਨੂੰ ਕੈਬਿਨੇਟ ਵਿੱਚ ਥਾਂ ਮਿਲ ਗਈ ਹੈ ਤੇ ਉਹ ਨਵੇਂ ਟੂਰਿਜ਼ਮ ਮਨਿਸਟਰ ਅਤੇ ਐਸੋਸਿਏਟ ਮਨਿਸਟਰ ਔਫ਼ ਫਾਇਨੈਂਸ ਹੋਣਗੇ। ਹਰਜੀਤ ਸੱਜਣ ਨੂੰ ਡਿਫੈਂਸ ਮਨਿਸਟਰੀ ਤੋਂ ਹਟਾ ਕੇ ਇੰਟਰਨੈਸ਼ਨਲ ਡਿਵੈਲਪਮੈਂਟ ਅਤੇ ਪੈਸਿਫਿਕ ਐਕਨੌਮਿਕ ਡਿਵੈਲਪਮੈਂਟ ਮਨਿਸਟਰ ਲਗਾਇਆ ਗਿਆ ਹ। ਭਾਰਤੀ ਮੂਲ ਦੀ ਡਾ. ਅਨੀਤਾ ਆਨੰਦ ਨੂੰ ਦੇਸ਼ ਦੀ ਨਵੀਂ ਡਿਫੈਂਸ ਮਨਿਸਟਰ ਨਿਯੁਕਤ ਕੀਤਾ ਗਿਆ ਹੈ। ਮੇਲੈਨੀ ਜੋਲੀ ਨਵੀਂ ਫੌਰੇਨ ਅਫੇਅਰਜ਼ ਮਨਿਸਟਰ ਹੋਵੇਗੀ। ਪਿਛਲੇ ਫੌਰੇਨ ਅਫੇਅਰਜ਼ ਮਨਿਸਟਰ ਮਾਰਕ ਗਾਰਨਉ ਅਤੇ ਬਰਦੀਸ਼ ਚੱਗਰ ਦੇ ਨਾਲ ਨਾਲ ਜਿਮ ਕਾਰ ਨੂੰ ਮੰਤਰੀ ਮੰਡਲ ਵਿੱਚ ਥਾਂ ਨਹੀਂ ਮਿਲੀ ਹੈ। ਲੰਬੇ ਸਮੇਂ ਤੋਂ ਵਾਤਾਵਰਣ ਕਾਰਕੁੰਨ ਰਹੇ ਸਟੀਵੈਨ ਗਾਇਲਬਉ ਨੂੰ ਐਨਵਾਇਰਨਮੈਂਟ ਮਨਿਸਟਰ ਬਣਾਇਆ ਗਿਆ ਹੈ ਤੇ ਉਹਨਾਂ ਦੀ ਇਸ ਨਿਯੁਕਤੀ 'ਤੇ ਐਲਬਰਟਾ ਨੇ ਹੈਰਾਨੀ ਅਤੇ ਨਾਖੁਸ਼ੀ ਜ਼ਾਹਿਰ ਕੀਤੀ ਹੈ। ਉਹਨਾਂ ਵੱਲੋਂ ਐਲਬਰਟਾ ਦੇ ਐਨਰਜੀ ਸੈਕਟਰ ਦਾ ਵਿਰੋਧ ਕਰਨਾ ਹੀ ਇਸ ਨਾਖੁਸ਼ੀ ਦਾ ਕਾਰਨ ਬਣਿਆ ਹੈ।

# ਲੋਕ ਰਾਇ ਅਨਸਾਰ ਹਾਲੇ ਤੁਹਾਨੂੰ ਘੜੀ ਦੀਆਂ ਸੂਈਆਂ ਅੱਗੇ ਪਿੱਛੇ ਕਰਨੀਆਂ ਹੀ ਪੈਣਗੀਆਂ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿੱਚ ਸਾਲ ਵਿੱਚ ਦੋ ਵਾਰ ਘੜੀਆਂ ਦਾ ਸਮਾਂ ਤਬਦੀਲ ਕਰਨ ਦੀ ਪਰੰਪਰਾ ਜਾਰੀ ਰਹੇਗੀ ਅ ਸੂਬੇ ਦੇ 50% ਤੋਂ ਵੱਧ ਲੋਕਾਂ ਨੇ ਹਾਲੀਆ ਕਰਵਾਏ ਗਏ ਰੈਫਰੰਡਮ ਵਿੱਚ ਡੇਅ-ਲਾਇਟ ਸੇਵਿੰਗ ਟਾਇਮ ਸਥਾਈ ਕਰਨ ਨੂੰ ਨਾਂਹ ਕਰ ਦਿੱਤੀ ਹੈ। 50.2% ਲੋਕਾਂ ਨੇ ਕਿਹਾ ਹੈ ਕਿ ਉਹ ਡੇਅ-ਲਾਇਟ ਸੇਵਿੰਗ ਟਾਇਮ ਨੂੰ ਸੂਬੇ ਭਰ ਵਿੱਚ ਇੱਕੋ ਸਮਾਂ ਰੱਖਣ ਦੇ ਹੱਕ ਵਿੱਚ ਨਹੀਂ ਹਨ। ਐਡਮੰਟਨ ਵਿੱਚ 54.5% ਅਤੇ ਕੈਲਗਰੀ ਵਿੱਚ 51.5% ਲੋਕਾਂ ਨੇ ਨਾਂਹ ਕੀਤੀ ਹੈ। ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਨੇ ਕਿਹਾ ਹੈ ਕਿ ਲੋਕ ਫਤਵੇ ਦਾ ਸਤਿਕਾਰ ਕਰਨਗੇ। ਉਹਨਾਂ ਕਿਹਾ ਕਿ ਅਮੈਰਿਕਾ ਦੇ ਕਈ ਸੂਬਿਆਂ ਦੇ ਨਾਲ ਨਾਲ ਕੈਨੇਡਾ ਦੇ ਵੀ ਕਈ ਸੂਬਿਆਂ ਵੱਲੋਂ ਇਕੋ ਸਮਾਂ ਸਥਾਈ ਕਰਨ 'ਤੇ ਵਿਚਾਰ ਕੀਤਾ ਜਾ ਰਿਹਾ ਹੈ ਜਿਸ ਕਰਕੇ ਉਹ ਸੂਬੇ ਦੇ ਲੋਕਾਂ ਨੂੰ ਉਹਨਾਂ ਦੇ ਨਾਲ ਲੈ ਕੇ ਚੱਲਣਾ ਚਾਹੁੰਦੇ ਸਨ ਤੇ ਲੋਕਾਂ ਨੇ ਜੋ ਫੈਸਲਾ ਦਿੱਤਾ ਹੈ, ਉਸ ਨੂੰ ਮੰਨਿਆ ਜਾਵੇਗਾ। ਇਸ ਦੇ ਨਾਲ ਹੀ ਸੈਨੇਟ ਵਾਸਤੇ 3 ਉਮੀਦਵਾਰਾਂ ਨੂੰ ਚੁਣੇ ਜਾਣ ਲਈ ਲੋਕਾਂ ਨੂੰ ਵੋਟਿੰਗ ਕਰਨ ਨੂੰ ਕਿਹਾ ਗਿਆ ਸੀ ਜਿਸ ਵਿੱਚ ਫੈਡਰਲ ਕੰਜ਼ਰਵੇਟਿਵ ਪਾਰਟੀ ਨਾਲ ਸੰਬੰਧਿਤ ਤਿੰਨੇ ਉਮੀਦਵਾਰ ਜੇਤੂ ਰਹੇ ਹਨ। ਪਰ ਇਹਨਾਂ ਦਾ ਹੀ ਸੈਨੇਟਰ ਬਣਨਾ ਲਾਜ਼ਿਮ ਨਹੀਂ ਹੈ।




# ਕੈਲਗਰੀ ਪੁਲਿਸ ਨੇ 4 ਲੱਖ ਡਾਲਰ ਦੇ ਨਸ਼ੀਲੇ ਪਦਾਰਥ ਬਰਾਮਦ ਕੀਤੇ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਹਰ ਰੋਜ ਖ਼ਬਰਾਂ ਤਾਂ ਭਾਵੇ ਇਹ ਵੀ ਆਉਂਦੀਆਂ ਹਨ ਕਿ ਫਲਾਣੀ ਸੰਸਥਾ ਲੋਕ ਭਲਾਈ ਦੇ ਕੰਮਾਂ ਲਈ ਆਹ ਕਰ ਰਹੀ ਹੈ ਫਲਾਣਾ ਵਿਅਕਤੀ ਨੇ ਲੋਕਾਂ ਦੀ ਜਾਨ ਬਚਾਉਣ ਲਈ ਅਹਿ ਉਪਰਾਲੇ ਕੀਤੇ ਪਰ ਕੁੱਝ ਲੋਕ ਅਜਿਹੇ ਵੀ ਹਨ ਜਿਹੜੇ ਆਪਣੀ ਜਾਇਦਾਦ ਨੂੰ ਮਿਲੀਅਨ ਡਾਲਰਾਂ ਵਿੱਚ ਤਬਦੀਲ ਕਰਨ ਲਈ ਲੋਕਾਂ ਦੀ ਜਾਨ ਲੈਣ ਉੱਪਰ ਹੀ ਤੁਲੇ ਹੋਏ ਹਨ। 4 ਲੱਖ ਡਾਲਰ ਦੇ ਨਸ਼ੀਲੇ ਪਦਾਰਥ ਕੈਲਗਰੀ ਪੁਲਿਸ ਨੇ ਬਰਾਮਦ ਕੀਤੇ ਹਨ। ਅਗਰ ਪੁਲਿਸ ਇਹ ਕਾਰਵਾਈ ਨਾ ਕਰਦੀ ਤਾਂ ਇਸ ਗਰੋਹ ਵਿੱਚ ਸਾਮਿਲ ਨਸ਼ਾ ਤਸਕਰਾਂ ਦੇ ਹੱਥ 4 ਲੱਖ ਡਾਲਰ ਆ ਜਾਣੇ ਸਨ ਅਤੇ ਨਸੇੜੀ ਮਾਰਕੀਟ ਅੰਦਰ ਉਪਰੋਕਤ ਨਸ਼ੇ ਨੇ ਪਤਾ ਨਹੀਂ ਕਿੰਨੇ ਕੁ ਘਰ ਉਜਾੜਨੇ ਸਨ। ਖ਼ਬਰ ਇਸ ਤਰਾਂ ਹੈ ਕਿ ਕੈਲਗਰੀ ਤੋਂ ਬਰੁਕਸ ਜਾ ਰਹੇ ਇੱਕ ਵਾਹਨ ਨੂੰ ਪੁਲਿਸ ਨੇ ਰੋਕਿਆ । 160,000 ਦੀ ਮੈਥੇਫੈਟਾਮਾਈਨ ਅਤੇ 10,000 ਡਾਲਰ ਦੀ ਕੀਮਤ ਵਾਲੀ ਫੈਂਟਾਨਿਲ ਬਰਾਮਦ ਕੀਤੀ ਗਈ। ਫਿਰ ਪੁਲਿਸ ਨੇ ਇੱਕ ਹੋਰ ਘਰ ਉੱਪਰ ਛਾਪੇਮਾਰੀ ਕੀਤੀ ਤਾਂ ਉਥੋਂ ਵੀ ਕੁੱਝ ਨਸ਼ਾ ,ਹਥਿਆਰ ਅਤੇ ਚੋਰੀ ਦੇ ਵਾਹਨ ਬਰਾਮਦ ਕੀਤੇ । ਇਸ ਸਬੰਧੀ ਤਿੰਨ ਸ਼ੱਕੀ ਦੋਸੀਆਂ ਰਿਚਰਡ,ਰੌਬਰਟ ਅਤੇ ਟੈਨਿਸ ਨਾਂ ਦੇ ਵਿਅਕਤੀਆਂ ਉੱਪਰ ਪਰਚਾ ਦਰਜ ਕਰ ਲਿਆ ਗਿਆ ਹੈ। ਪੁਲਿਸ ਦਾ ਕਹਿਣਾ ਹੈ ਕਿ ਉਹ ਅਜਿਹੇ ਅਪਰੇਸਨਾਂ ਦੇ ਜ਼ਰੀਏ ਸਾਡੀਆਂ ਸੜਕਾਂ ਨੂੰ ਨਸ਼ਾ ਰਹਿਤ ਕਰਨ ਲਈ ਬਚਨਵੱਧ ਹੈ ਪਰ ਅਜਿਹਾ ਕਰਨ ਲਈ ਲੋਕਾਂ ਦਾ ਸਹਿਯੋਗ ਬਹੁਤ ਜਰੂਰੀ ਹੈ।




ਗਲੋਬਲ ਪਰਵਾਸੀ ਸੀਨੀਅਰ ਸਿਟੀਜਨ ਸੁਸਾਇਟੀ ਕੈਲਗਰੀ ਦੇ ਬਜੁਰਗਾਂ ਨੇ ਦੀਵਾਲੀ ਮੌਕੇ ਰੰਗਾਰੰਗ ਪ੍ਰੋਗਰਾਮ ਦੌਰਾਨ ਲੰਚ ਦਾ ਵੀ ਖੂਬ ਆਨੰਦ ਮਾਣਿਆ

# ਨਵੀਂ ਮੇਅਰ ਜੋਤੀ ਗੌਂਡੇਕ ਦੇ ਆਉਂਦਿਆਂ ਹੀ ਕੈਲਗਰੀ ਦਾ ਝੰਡਾ ਬਦਲਣ ਦੀਆਂ ਸਲਾਹਾਂ ਹੋਣ ਲੱਗੀਆਂ ਹਨ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਸ਼ਹਿਰ ਦੀ ਪਿਛਲੇ 40 ਸਾਲ ਤੋਂ ਪ੍ਰਤੀਨਿਧਤਾ ਕਰਦੇ ਆ ਰਹੇ ਸ਼ਹਿਰ ਦੇ ਝੰਡੇ ਵਿੱਚ ਤਬਦੀਲੀ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ ਅਤੇ ਇਸ ਝੰਡੇ ਦਾ ਵਰਤਮਾਨ ਰੂਪ ਸ਼ਹਿਰ ਨੂੰ ਦੇਣ ਵਾਲੇ ਬਰੂਸ ਲੀ ਦਾ ਕਹਿਣਾ ਹੈ ਕਿ ਸ਼ਹਿਰ ਦੀ ਪਹਿਲੀ ਔਰਤ ਮੇਅਰ ਦੇ ਰੂਪ ਵਿੱਚ ਜੋਤੀ ਗੌਂਡੇਕ ਦੇ ਆਉਣ ਨਾਲ ਇਸ ਗੱਲ ਨੂੰ ਤਾਕਤ ਮਿਲੀ ਹੈ ਤੇ ਸ਼ਹਿਰ ਦਾ ਝੰਡਾ ਵੀ ਨਵਾਂ ਹੋਣਾ ਚਾਹੀਦਾ ਹੈ। ਨੌਰਥ ਕੈਲਗਰੀ ਜੂਨੀਅਰ ਚੇਂਬਰ ਔਫ਼ ਕੌਮਰਸ ਦੇ ਮੈਂਬਰ ਵੱਜੋਂ ਬਰੂਸ ਲੀ ਨੂੰ ਸਿਟੀ ਕੌਂਸਲ ਵੱਲੋਂ 1980 ਦੇ ਦਹਾਕੇ ਵਿੱਚ ਸ਼ਹਿਰ ਦਾ ਝੰਡਾ ਡਿਜ਼ਾਇਨ ਕਰਨ ਵਾਲਿਆਂ ਨੂੰ ਸੱਦਾ ਦੇਣ ਨੂੰ ਕਿਹਾ ਗਿਆ ਸੀ। ਹਾਇ ਸਕੂਲ ਦੇ ਇੱਕ ਜਿਮ ਵਿੱਚ ਇਹਨਾਂ ਦੀ ਪ੍ਰਦਰਸ਼ਨੀ ਲਗਾਈ ਗਈ ਸੀ। ਲੀ ਨੇ ਦੱਸਿਆ ਕਿ 1000 ਦੇ ਕਰੀਬ ਝੰਡੇ ਆਏ ਸਨ ਜਿੰਨਾਂ ਵਿੱਚੋਂ ਮੌਜੂਦਾ ਝੰਡੇ ਦੀ ਚੋਣ ਬਰੂਸ ਲੀ ਨੇ ਕੀਤੀ ਸੀ। ਇਸ ਝੰਡੇ ਨੂੰ ਇਵੌਨ ਫ੍ਰਿਟਜ਼ ਨੇ ਬਣਾਇਆ ਸੀ ਜਿਹੜੀ ਬਾਦ ਵਿੱਚ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦੀ ਐਮ ਐਲ ਏ ਵੀ ਬਣੀ ਸੀ।



# ਜਿਹੜੀ ਪਾਰਟੀ ਨੂੰ ਫੰਡ ਵੱਧ ਮਿਲ ਰਿਹਾ ਹੈ ਲੱਗਦੈ ਸਰਕਾਰ ਵੀ ਉਹੀ ਬਣਾਊ



ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਰਾਜਨੀਤਕ ਫੰਡ ਇਕੱਠਾ ਕਰਨ ਵਿੱਚ ਐਲਬਰਟਾ ਐਨਡੀਪੀ ਨੇ ਇੱਕ ਵਾਰ ਫਿਰ ਸੱਤਾਧਾਰੀ ਯੂਸੀਪੀ ਨੂੰ ਪਛਾੜ ਦਿੱਤਾ ਹੈ। ਸਾਲ ਦੀ ਚੌਥੀ ਤਿਮਾਹੀ ਵਿੱਚ ਲਗਾਤਾਰ ਚੌਥੀ ਵਾਰ ਐਨਡੀਪੀ ਨੇ ਯੂਸੀਪੀ ਨੂੰ ਪਛਾੜਿਆ ਹੈ। ਇਲੈਕਸ਼ਨਜ਼ ਐਲਬਰਟਾ ਵੱਲੋਂ ਜਾਰੀ ਸੂਚਨਾ ਵਿੱਚ ਦੱਸਿਆ ਗਿਆ ਹੈ ਕਿ ਐਨਡੀਪੀ ਨੇ ਸਾਲ 2021 ਦੇ ਤੀਜੀ ਤਿਮਾਹੀ ਦੌਰਾਨ 1.37 ਮਿਲੀਅਨ ਡਾਲਰ ਇਕੱਤਰ ਕੀਤੇ ਤੇ ਯੂਸੀਪੀ ਨੂੰ 1.24 ਮਿਲੀਅਨ ਡਾਲਰ ਇਕੱਠੇ ਹੋਏ। ਹੁਣ ਤੱਕ ਐਨਡੀਪੀ ਨੂੰ 4 ਮਿਲੀਅਨ ਡਾਲਰ ਤੋਂ ਵੱਧ ਰਕਮ ਹਾਸਲ ਹੋਈ ਹੈ ਜਦੋਂ ਕਿ ਯੂਸੀਪੀ ਨੂੰ 2.6 ਮਿਲੀਅਨ ਡਾਲਰ ਮਿਲੇ ਹਨ। ਯੂਸੀਪੀ ਨੂੰ ਵੱਡੀਆਂ ਡੋਨੇਸ਼ਨਾਂ ਜ਼ਿਆਦਾ ਮਿਲੀਆਂ ਹਨ ਜਦੋਂ ਕਿ ਐਨਡੀਪੀ ਨੂੰ ਛੋਟੀਆਂ ਡੋਨੇਸ਼ਨਾਂ ਵੱਧ ਮਿਲੀਆਂ ਹਨ। ਐਲਬਰਟਾ ਪਾਰਟੀ ਨੂੰ ਇਸ ਸਾਲ ਇੱਕ ਲੱਖ 9 ਹਜ਼ਾਰ ਡਾਲਰ ਅਤੇ ਵਾਇਲਡਰੋਜ਼ ਇੰਡਿਪੈਂਡੈਂਟ ਪਾਰਟੀ ਨੂੰ 82 ਹਜ਼ਾਰ ਡਾਲਰ ਦੀ ਰਕਮ ਮਿਲੀ ਹੈ।

SUPERVISA Medical Insurance
ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ
Punjab Insurance Inc

Harpinder Sidhu
REGIONAL MANAGER
403 404 3500
sidhu.harpinder@gmail.com
ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ
SERVICES
- Life Insurance
- Mortgage Insurance
- Critical Illness Insurance
- Disability Insurance

Gurinder Chahal
MANAGER
587 707 7000
cgyquotes@gmail.com

A PLUS
- ਤੁਹਾਡੇ ਮਿਹਨਤ ਨਾਲ ਕਮਾਏ ਡਾਲਰਾਂ ਦਾ ਸਹੀ ਮੁੱਲ ਮਿਲੇ ਅਤੇ ਲਾਰੇ ਲੱਪਿਆਂ ਤੋਂ ਪਹਿਲਾਂ ਠੀਕ ਟਿਕਾਣੇ ਉੱਪਰ ਪੁੱਜਣ।
- ਪੰਜਾਬ ਤੋਂ ਰੁਪਈਏ ਦੇ ਬਦਲੇ ਡਾਲਰ ਵਧੀਆ ਰੇਟ ਉੱਪਰ ਕਨੇਡਾ ਬੈਠੇ ਹੀ ਲਓ।
- ਸਾਡੇ ਕੋਲੋਂ ਇੱਕ ਬਾਰ ਰੇਟ ਜ਼ਰੂਰ ਜਾਣ ਲਓ।
- ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਭਰੋਸੇਮੰਦ ਨਾਂ।

A-Plus Foreign Exchange
#333-55 Westwinds Cres NE
(ਸੁਪਰ ਸਟੋਰ ਦੇ ਨੇੜੇ ਸਮੋਸਾ ਫੈਕਟਰੀ ਵਾਲੇ ਪਲਾਜ਼ੇ ਵਿਚ)
Calgary (AB) T3J 5H2

Kewal Sangha
587 582 6666
- ਤੁਹਾਨੂੰ ਕਚਿਹਰੀਆਂ ਵਿੱਚ ਖੱਜਲ ਖੁਆਰ ਹੋਣ ਦੀ ਲੋੜ ਨਹੀਂ।
- ਤੁਹਾਡੀ ਆਪਣੀ ਹੀ ਜ਼ਮੀਨ ਜਾਇਦਾਦ ਦੀ ਹੋਈ ਬੇ-ਮਾਲਕੀ ਨੂੰ ਅਸੀਂ ਮਾਲਕੀ ਬਣਾਵਾਂਗੇ।
- ਸਾਡੇ ਕੋਲ ਕਨੇਡਾ ਅਤੇ ਇੰਡਿਆ ਵਿੱਚ ਤਜ਼ਰਬੇਕਾਰ ਮਾਹਿਰ ਵਕੀਲਾਂ ਦੀ ਟੀਮ ਹੈ।
- ਜ਼ਮੀਨ/ਜਾਇਦਾਦ ਦੀ ਖ਼ਰੀਦ/ਵੇਚ ਸੰਬਧੀ ਕੋਈ ਵੀ ਮਸਲਾ ਹੋਵੇ ਤਾਂ ਸਾਨੂੰ ਸੰਪਰਕ ਕਰੋ।

A Plus
Immigration & NRI Solutions
nriservicecalgary@gmail.com

A-Class Auto Body Ltd. Now Operating as
FIX AUTO CALGARY NORTH EAST
Complete Collison Repairs & Painting
ਆਟੋ ਬਾਡੀ ਦੇ ਤਸੱਲੀਬਖਸ਼ ਕੰਮ ਗਰੰਟੀ ਦੇ ਨਾਲ ਵਾਜਬ ਦਾਮ 'ਤੇ ਕਰਵਾਉਣ ਲਈ ਜ਼ਰੂਰ ਆਓ।
Insurance Claims
Courtesy Cars
All Work Guaranteed
Mike Randev
R.Gill
Tel : (403) 273-8889
Fax : (403) 273-8812
720 Moraine Road NE, Calgary, AB, T2A 2P3
Email: aclass@aclassautobady.ca

# ਕਰੋਨਾ ਵੈਕਸੀਨ ਨਾ ਲਗਵਾਉਣ ਦੀ ਇੱਛਾ ਰੱਖਣ ਵਾਲੇ ਡਾਕਟਰ ਅਦਾਲਤ ਪੁੱਜੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) - ਸੂਬੇ ਭਰ ਦੀਆਂ ਕੰਮ ਵਾਲੀਆਂ ਥਾਵਾਂ 'ਤੇ ਕੋਵਿਡ-19 ਸੰਬੰਧੀ ਵੈਕਸਿਨ ਪੌਲਿਸੀ ਜ਼ਬਰਦਸਤੀ ਲਾਗੂ ਕਰਨ ਦੇ ਫੈਸਲੇ ਦੇ ਖਿਲਾਫ਼ ਐਲਬਰਟਾ ਦੇ 4 ਡਾਕਟਰ ਨੇ ਮੁਕੱਦਮਾ ਕਰ ਦਿੱਤਾ ਹੈ। ਕੈਲਗਰੀ ਕੋਰਟਸ ਸੈਂਟਰ ਵਿੱਚ ਇਹਨਾਂ ਨੇ ਇਹ ਮੁਕੱਦਮਾ ਐਲਬਰਟਾ ਹੈਲਥ ਸਰਵਿਸਿਜ਼ - ਏ.ਐਚ.ਐਸ. ਦੇ ਖਿਲਾਫ਼ ਕੀਤਾ ਹੈ। ਇਹਨਾਂ ਡਾਕਟਰਾਂ ਵਿੱਚ 2 ਰੂਰਲ ਫੈਮਿਲੀ ਫਿਜ਼ਿਸ਼ਨਜ਼, ਕੈਲਗਰੀ ਦੇ ਇੱਕ ਐਨੈਸ-ਥੀਜ਼ੀਔਲੌਜਿਸਟ ਅਤੇ ਕੈਲਗਰੀ ਤੋਂ ਹੀ ਇੱਕ ਪਿਡੀਐਟਰਿਕ ਨਿਊਰੌਲੌਜਿਸਟ ਸ਼ਾਮਿਲ ਹਨ। ਇਹਨਾਂ ਦਾ ਕਹਿਣਾ ਹੈ ਕਿ ਸਰਕਾਰ ਦਾ ਜ਼ਬਰਦਸਤੀ ਵੈਕਸਿਨ ਟੀਕੇ ਲਗਵਾਉਣਾ, ਉਹਨਾਂ ਉਪਰ ਹਮਲਾ ਕੀਤੇ ਜਾਣ ਦੇ ਬਰਾਬਰ ਹੈ। ਏ.ਐਚ.ਐਸ. ਨੇ ਆਪਣੇ ਸਾਰੇ ਮੁਲਾਜ਼ਮਾਂ ਲਈ ਵੈਕਸਿਨ ਹਾਸਲ ਕਰਨਾ ਲਾਜ਼ਿਮ ਕੀਤਾ ਹੋਇਆ ਹੈ। ਚਾਰਟਰ ਔਫ਼ ਰਾਇਟਸ ਦੇ ਸੈਕਸ਼ਨ 7 ਤਹਿਤ ਇਹ ਮੁਕੱਦਮਾ ਕੀਤਾ ਗਿਆ ਹੈ। ਏ.ਐਚ.ਐਸ. ਨਾਲ ਸੰਬੰਧਿਤ 94% ਕਰਮਚਾਰੀਆਂ ਨੇ ਵੈਕਸਿਨ ਹਾਸਲ ਕਰ ਲਈ ਹੈ। ਉਧਰ ਬ੍ਰਿਟਿਸ਼ ਕੋਲੰਬੀਆ ਦੇ ਦੋ ਡਾਕਟਰਾਂ ਦੇ ਖਿਲਾਫ਼ ਜਾਂਚ ਕੀਤੀ ਜਾ ਰਹੀ ਹੈ। ਇੱਕ ਡਾਕਟਰ ਨੇ ਕੈਲੋਨਾ ਬੇਸਡ ਇੱਕ ਵੈਬਸਾਇਟ 'ਤੇ ਕੋਵਿਡ-19 ਸੰਬੰਧੀ ਕਥਿੱਤ ਗ਼ਲਤ ਜਾਣਕਾਰੀ ਦਾ ਪ੍ਰਚਾਰ ਕੀਤਾ ਤੇ ਮਾਸਕ ਅਤੇ ਵੈਕਸਿਨ ਛੋਟ ਸੰਬੰਧੀ ਝੂਠੇ ਅਤੇ ਜਾਲੀ ਸਰਟਿਫਿਕੇਟ ਵੰਡੇ ਦੱਸੇ ਜਾਂਦੇ ਹਨ। ਡਾ. ਸਟੀਵਨ ਮਾਲਟ-ਹਾਊਸ ਅਤੇ ਡਾ. ਗਵਾਇਲਿਨ ਗੌਡੈਰਡ ਦੇ ਖਿਲਾਫ਼ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਡਾ. ਗੌਡੈਰਡ ਦਾ ਲਇਸੰਸ ਪਹਿਲਾਂ ਹੀ ਸਸਪੈਂਡ ਚੱਲ ਰਿਹਾ ਹੈ।

# ਸ਼ੌਨ ਚੂ ਤਾਂ ਹੁਣ ਅੜ ਗਿਐ ਕਹਿੰਦਾ ਮੈਂ ਨਹੀਂ ਅਸਤੀਫਾ ਦੇਣਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਵਾਰਡ 4 ਤੋਂ ਤੀਸਰੀ ਵਾਰ ਜੇਤੂ ਰਹੇ ਕੌਂਸਲਰ ਸ਼ੌਨ ਚੂ ਦੇ ਖਿਲਾਫ਼ ਕੌਂਸਲ ਦੇ 9 ਮੈਂਬਰਾਂ ਨੇ ਵੋਟਿੰਗ ਕਰਕੇ ਉਸ ਨੂੰ ਕਿਸੇ ਵੀ ਬੋਰਡ, ਕਮੇਟੀ ਜਾਂ ਕਮਿਸ਼ਨ ਦਾ ਮੈਂਬਰ ਬਣਨ ਤੋਂ ਰੋਕ ਦਿੱਤਾ ਹੈ। 6 ਕੌਂਸਲ ਮੈਂਬਰਾਂ ਨੇ ਇਸ ਸੰਬੰਧੀ ਮੋਸ਼ਨ ਦੇ ਵਿਰੋਧ ਵਿੱਚ ਵੋਟ ਪਾਈ ਹੈ। ਸ਼ੌਨ ਚੂ ਭਾਵੇਂ ਇਹਨਾਂ ਵਿੱਚੋਂ ਕਿਸੇ ਦਾ ਵੀ ਮੈਂਬਰ ਨਹੀਂ ਹੋਵੇਗਾ ਪਰ ਉਸ ਦੇ ਵੋਟਿੰਗ ਅਧਿਕਾਰ ਨੂੰ ਖ਼ਤਮ ਨਹੀਂ ਕੀਤਾ ਜਾ ਸਕੇਗਾ। ਸ਼ੌਨ ਚੂ ਕੋਲੋਂ ਮੰਗੇ ਗਏ ਅਸਤੀਫੇ ਦੀ ਮੰਗ ਨੂੰ ਉਸ ਵੱਲੋਂ ਠੁਕਰਾਇਆ ਜਾ ਚੁੱਕਿਆ ਹੈ। ਮੇਅਰ ਜੋਤੀ ਗੌਂਡੇਕ ਦਾ ਕਹਿਣਾ ਸੀ ਕਿ ਉਹਨਾਂ ਕੋਲ ਸੀਮਤ ਸ਼ਕਤੀਆਂ ਹਨ ਜਿਹਨਾਂ ਦੇ ਅਧਾਰ 'ਤੇ ਬਹੁਤਾ ਕੁੱਝ ਨਹੀਂ ਕੀਤਾ ਜਾ ਸਕਦਾ। ਵਾਰਡ 7 ਤੋਂ ਕੌਂਸਲਰ ਟੈਰੀ ਵੌਂਗ ਦਾ ਕਹਿਣਾ ਸੀ ਕਿ ਫੈਸਲਾ ਲਏ ਜਾਣ ਤੋਂ ਪਹਿਲਾਂ ਸੂਬਾਈ ਜਾਂਚ ਅਤੇ ਕਾਨੂੰਨੀ ਪ੍ਰਕਿਰਿਆ ਦਾ ਪਤਾ ਲਗਵਾ ਲੈਣਾ ਚਾਹੀਦਾ ਹੈ। ਸੋਮਵਾਰ ਨੂੰ ਕੌਂਸਲ ਦੀ ਪਹਿਲੀ ਰਸਮੀ ਮੀਟਿੰਗ ਸੀ ਅਤੇ ਸ਼ੌਨ ਚੂ ਵੀਡੀ? ਰਾਹੀਂ ਇਸ ਮੀਟਿੰਗ ਵਿੱਚ ਸ਼ਾਮਿਲ ਹੋਇਆ ਤੇ ਉਸ ਨੇ ਸਾਥੀ ਕੌਂਸਲਰਾਂ ਤੋਂ ਮਾਫੀ ਮੰਗਦਿਆਂ ਕਿਹਾ ਕਿ ਉਸ ਨੂੰ ਅਫ਼ਸੋਸ ਹੈ ਕਿ ਅਜਿਹੀ ਸਥਿੱਤੀ ਵਿਚੋਂ ਲੰਘਣਾ ਪੈ ਰਿਹਾ ਹੈ ਤੇ ਉਸ ਨੂੰ ਕਮੇਟੀਆਂ ਤੋਂ ਬਾਹਰ ਰੱਖਣਾ ਉਸ ਦੇ ਵਾਰਡ ਦੇ ਲੋਕਾਂ ਦਾ ਅਪਮਾਨ ਹੈ।

# ਕਿਸਾਨ ਅੰਦੋਲਨ ਵਿੱਚ ਮਾਨਸਾ ਜਿਲੇ ਦੀਆਂ ਤਿੰਨ ਔਰਤਾਂ ਟਰੱਕ ਨੇ ਦਰੜ ਸੁੱਟੀਆਂ

ਮਾਨਸਾ (ਪੰਜਾਬੀ ਅਖ਼ਬਾਰ ਬਿਊਰੋ) ਹਰਿਆਣਾ ਦੇ ਬਹਾਦਰਗੜ੍ਹ ਵਿੱਚ ਝੱਜਰ ਰੋਡ ਉੱਪਰ ਬਣੇ ਫਲਾਈਓਵਰ ਥੱਲੇ ਸਵੇਰੇ ਇੱਕ ਤੇਜ਼ ਰਫ਼ਤਾਰ ਟਰੱਕ ਹੇਠਾਂ ਆਉਣ ਨਾਲ ਤਿੰਨ ਅੰਦੋਲਨਕਾਰੀ ਮਹਿਲਾ ਕਿਸਾਨਾਂ ਦੀ ਮੌਤ ਹੋ ਗਈ ਹੈ। ਔਰਤਾਂ ਸੜਕ ਦੇ ਡਿਵਾਈਡਰ ਉੱਪਰ ਬੈਠੀਆਂ ਸਨ ਜਦੋਂ ਇੱਕ ਡੰਪਰ ਟਰੱਕ ਉਨ੍ਹਾਂ ਉੱਪਰ ਚੜ੍ਹ ਗਿਆ। ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਮਰਨ ਵਾਲੀਆਂ ਦੇ ਪਰਿਵਾਰਾਂ ਨੂੰ 5-5 ਲੱਖ ਦੇ ਮੁਆਵਜ਼ੇ ਦਾ ਐਲਾਨ ਕੀਤਾ ਹੈ। ਤਿੰਨ ਹੋਰ ਔਰਤਾਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਇਹ ਔਰਤਾਂ ਘਰ ਜਾਣ ਲਈ ਆਟੋ ਦੀ ਉਡੀਕ ਕਰ ਰਹੀਆਂ ਸਨ। ਇਹ ਸਾਰੀਆਂ ਔਰਤਾਂ ਪੰਜਾਬ ਦੇ ਮਾਨਸਾ ਜ਼ਿਲ੍ਹੇ ਦੇ ਪਿੰਡ ਖੀਵਾ ਦਿਆਲੂ ਵਾਲਾ ਤੋਂ ਕਿਸਾਨ ਅੰਦੋਲਨ ਵਿੱਚ ਸ਼ਾਮਲ ਹੋਣ ਪਹੁੰਚੀਆਂ ਸਨ ਅਤੇ ਕਿਸਾਨ ਮੋਰਚੇ ਦੀ ਰੋਟੇਸ਼ਨ ਪ੍ਰਣਾਲੀ ਤਹਿਤ ਵਾਪਸ ਪਿੰਡ ਜਾ ਰਹੀਆਂ ਸਨ। ਅਕਾਲੀ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਮੁਲਜ਼ਮ ਦੀ ਫ਼ੌਰੀ ਗ੍ਰਿਫ਼ਤਾਰੀ ਦੀ ਮੰਗ ਕੀਤੀ। ਬਹਾਦਰਗੜ੍ਹ ਦੇ ਸੈਕਟਰ-6 ਦੇ ਐੱਸਐੱਚ? ਨਰ ਸਿੰਘ ਨੇ ਦੱਸਿਆ, "ਡੰਪਰ ਦਾ ਡਰਾਈਵਰ ਹਾਦਸੇ ਤੋਂ ਬਾਅਦ ਉੱਥੋਂ ਭੱਜ ਗਿਆ। ਮ੍ਰਿਤਕਾਂ ਦੀ ਪਛਾਣ ਸ਼ਿੰਦਰ ਕੌਰ, ਅਰਮਜੀਤ ਕੌਰ ਅਤੇ ਗੁਰਮੇਲ ਕੌਰ ਵਜੋਂ ਹੋਈ ਹੈ।"ਹਾਦਸੇ ਦੀ ਜਾਂਚ ਦੇ ਹੁਕਮ ਜਾਰੀ ਕਰ ਦਿੱਤੇ ਗਏ ਹਨ।

# ਪ੍ਰਸਾਦ ਪਾਂਡਾ ਨਵੀਆਂ ਸੜਕਾਂ,ਹਸਪਤਾਲ ਹਾਇਵੇਜ਼ ਆਦਿ ਬਣਾਉਣ ਸਬੰਧੀ ਬਿਲ-73 ਲੈਕੇ ਪੇਸ਼ ਹੋਏ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ)ਐਲਬਰਟਾ ਦੇ ਇਨਫ੍ਰਾ-ਸਟ੍ਰਕਚਰ ਮਨਿਸਟਰ ਪ੍ਰਸਾਦ ਪਾਂਡਾ ਵੱਲੋਂ ਵਿਧਾਨ-ਸਭਾ ਵਿੱਚ ਬਿਲ 73 ਪੇਸ਼ ਕੀਤਾ ਗਿਆ ਹੈ ਜਿਹੜਾ ਪਾਸ ਹੋਣ 'ਤੇ ਇਨਫ੍ਰਾ-ਸਟ੍ਰਕਚਰ ਅਕਾਉਂਟੇਬਿਲਿਟੀ ਐਕਟ ਬਣ ਜਾਵੇਗਾ। ਇਸ ਤਹਿਤ ਨਵੀਆਂ ਸੜਕਾਂ, ਨਵੇਂ ਹਾਇਵੇਅਜ਼, ਹਸਪਤਾਲ ਅਤੇ ਸਕੂਲ ਬਣਾਉਣ ਵਾਸਤੇ 6 ਵੱਖ ਵੱਖ ਸ਼੍ਰੇਣੀਆਂ ਬਣਾਈਆਂ ਜਾਣਗੀਆਂ ਜਿਹਨਾਂ ਤਹਿਤ ਇਹਨਾਂ ਦੀ ਲੋੜ ਅਤੇ ਅਹਿਮੀਅਤ ਨੂੰ ਵੇਖਦਿਆਂ ਮਨਜ਼ੂਰੀ ਮਿਲ ਜਾਇਆ ਕਰੇਗੀ ਅਤੇ ਇਸ ਵਿੱਚ ਸਰਕਾਰੀ ਦਖ਼ਲੰਦਾਜ਼ੀ ਬੰਦ ਹੋ ਜਾਵੇਗੀ। ਸਾਲ 2019 ਵਿੱਚ ਸਰਕਾਰ ਵਿੱਚ ਆਉਣ ਤੋਂ ਪਹਿਲਾਂ ਯੁਨਾਇਟਿਡ ਕੰਜ਼ਰਵੇਟਿਵ ਪਾਰਟੀ ਨੇ ਇਸ ਸੰਬੰਧੀ ਵਾਦਾ ਕੀਤਾ ਸੀ ਕਿ ਵਧੇਰੇ ਪਾਰਦਰਸ਼ਤਾ ਲਿਆਉਣ ਲਈ ਅਜਿਹਾ ਕਾਨੂੰਨ ਬਣਾਇਆ ਜਾਵੇਗਾ। ਛੇ ਸ਼੍ਰੇਣੀਆਂ ਵਿੱਚ ਇਹ ਦੇਖਿਆ ਜਾਵੇਗਾ ਕਿ ਕੋਈ ਪ੍ਰੋਜੈਕਟ ਸਮਾਜ ਅਤੇ ਸਰਕਾਰ ਲਈ ਕਿਵੇਂ, ਕਿਉਂ ਤੇ ਕਿੰਨਾ ਜ਼ਰੂਰੀ ਹੈ। ਇਹਨਾਂ ਪ੍ਰੋਜੈਕਟਸ ਵਿੱਚ ਮਿਉਨਿਸਿਪਲ ਪ੍ਰੋਜੈਕਟ ਸ਼ਾਮਿਲ ਨਹੀਂ ਹੋਣਗੇ।

# ਕਿਮਲ ਨੇ ਦੋਸ਼ਾਂ ਵਿੱਚ ਕਿਹਾ ਹੈ ਕਿ ਸ਼ਰਾਬੀ ਹੋ ਕੇ ਮੰਤਰੀ ਅਤੇ ਉਹਨਾਂ ਦੇ ਸਟਾਫ਼ ਰੌਲਾ ਰੱਪਾ ਪਾਉਂਦੇ ਹਨ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੇ ਐਗਰੀਕਲਚਰ ਐਂਡ ਫੌਰੈਸਟਰੀ ਮਨਿਸਟਰ ਡੈਵਿਨ ਡ੍ਰੀਸ਼ਨ ਨਾਲ ਕਿਸੇ ਸਮੇਂ ਸੰਬੰਧਾ ਵਿੱਚ ਰਹੀ ਅਤੇ ਮਗਰੋਂ ਉਹਨਾਂ ਦੀ ਹੀ ਚੀਫ਼ ਔਫ਼ ਸਟਾਫ਼ ਰਹੀ ਏਰੀਐਲਾ ਕਿਮਲ ਨੇ ਯੂਸੀਪੀ ਸਰਕਾਰ ਦੇ ਖਿਲਾਫ਼ ਮੁਕੱਦਮਾ ਕਰਦਿਆਂ ਸੰਗੀਨ ਦੋਸ਼ ਲਗਾਏ ਹਨ। ਉਸਦਾ ਕਹਿਣਾ ਹੈ ਕਿ ਵਿਧਾਨਸਭਾ ਵਿੱਚ ਕੰਮ ਦਾ ਜ਼ਹਿਰੀਲਾ ਵਾਤਾਵਰਣ ਹੈ ਤੇ ਜਦੋਂ ਉਸ ਨੇ ਇਸ ਵਾਤਾਵਰਣ ਖਿਲਾਫ਼ ਸ਼ਿਕਾਇਤ ਕੀਤੀ ਤਾਂ ਉਸ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਆਪਣੇ ਦੋਸ਼ਾਂ ਵਿੱਚ ਕਿਮਲ ਨੇ ਕਿਹਾ ਹੈ ਕਿ ਦਫ਼ਤਰਾਂ ਵਿੱਚ ਬੈਠ ਕੇ ਸ਼ਰਾਬ ਪੀਤੀ ਜਾਂਦੀ ਹੈ ਤੇ ਸ਼ਰਾਬੀ ਹੋ ਕੇ ਮੰਤਰੀ ਅਤੇ ਉਹਨਾਂ ਦੇ ਸਟਾਫ਼ ਰੌਲਾ ਰੱਪਾ ਪਾਉਂਦੇ ਹਨ। ਕਿਮਲ ਨੇ ਸੈਕਸੂਅਲ ਹੈਰੈਸਮੈਂਟ ਦੇ ਵੀ ਦੋਸ਼ ਲਗਾਏ ਹਨ। ਪਿਛਲੇ ਸਾਲ ਅਕਤੂਬਰ ਵਿੱਚ ਏਰੀਐਲਾ ਕਿਮਲ ਨੇ ਇਹਨਾਂ ਦੋਸ਼ਾਂ ਨੂੰ ਲੈ ਕੇ ਮੁਕਦਮਾ ਕੀਤਾ ਸੀ ਜਿਸ ਵਿੱਚ ਲਗਾਏ ਦੋਸ਼ ਅਜੇ ਸਾਬਤ ਨਹੀਂ ਹੋ ਸਕੇ ਹਨ। ਉਸ ਨੇ ਇਹਨਾਂ ਦੋਸ਼ਾਂ ਮਗਰੋਂ ਸੂਬੇ ਦੀ ਸਿਆਸਤ ਮੁੜ ਗਰਮਾ ਗਈ ਹੈ। ਪ੍ਰੀਮੀਅਰ ਦੇ ਦਫ਼ਤਰ ਵੱਲੋਂ ਜਾਰੀ ਸਟੇਟਮੈਂਟ ਵਿੱਚ ਕਿਹਾ ਗਿਆ ਹੈ ਸਰਕਾਰ ਵੱਲੋਂ ਇਸ ਮਾਮਲੇ ਵਿੱਚ ਜ਼ੀਰੋ ਟੌਲਰੈਂਸ ਪੌਲਿਸੀ ਅਪਣਾਈ ਗਈ ਹੈ ਤੇ ਏਰੀਐਲਾ ਨੂੰ ਨੌਕਰੀ ਤੋਂ ਫਾਰਗ਼ ਕੀਤੇ ਜਾਣ ਦਾ ਕਾਰਨ ਉਹ ਉੱਕਾ ਹੀ ਨਹੀਂ ਹੈ ਜਿਹੜਾ ਉਸ ਨੇ ਕਿਹਾ ਹੈ। ਇਸ ਮਗਰੋਂ ਚੈਸਟਰਮੀਅਰ-ਸਟ੍ਰੈਥਮੋਰ ਤੋਂ ਐਮਐਲਏ ਲੀਲਾ ਅਹਿਰ ਨੇ ਪ੍ਰੀਮੀਅਰ ਤੋਂਅਸਤੀਫਾ ਮੰਗ ਲਿਆ ਹੈ ਤੇ ਕਿਹਾ ਹੈ ਕਿ ਉਹਨਾਂ ਨੂੰ ਆਪਣੇ ਅਹੁਦੇ ਤੋਂ ਫਾਰਗ਼ ਹੋ ਜਾਣਾ ਚਾਹੀਦਾ ਹੈ।

# ਪਾਦਰੀ ਨੂੰ 10 ਸਾਲ ਦੀ ਸਸਪੈਂਡਿਡ ਕੈਦ ਹੋਈ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ)ਕੈਲਗਰੀ ਦੇ ਇੱਕ ਸਾਬਕਾ ਪਾਦਰੀ ਨੂੰ ਫ੍ਰਾਂਸ ਵਿੱਚ ਇੱਕ ਨਾਬਾਲਗ 'ਤੇ ਕੀਤੇ ਸੈਕਸੁਅਲ ਅਸੌਲਟ ਦੇ ਮਾਮਲੇ ਵਿੱਚ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕੈਲਗਰੀ ਦੀ ਰੋਮਨ ਕੈਥੋਲਿਕ ਡਾਇ?ਸੀਜ਼ ਵੱਲੋਂ ਜਾਰੀ ਸੂਚਨਾ ਵਿੱਚ ਦੱਸਿਆ ਗਿਆ ਹੈ ਕਿ ਪਾਦਰੀ ਡੈਨਿਸ ਟਾਸ ਨੂੰ ਹਾਲੀਆ ਮਾਮਲੇ ਵਿੱਚ ਅਦਾਲਤ ਵੱਲੋਂ ਦੋਸ਼ੀ ਐਲਾਨ ਦਿੱਤਾ ਗਿਆ ਹੈ। ਸਾਲ 2010 ਤੋਂ 2013 ਤੱਕ ਉਹ ?ਟੈਰੀ? ਦੇ ਕੌਰਨ-ਵੌਲ ਅਤੇ ਹੈਮਿਲਟਨ ਵਿੱਚ ਪ੍ਰੀਸਟ ਵੱਜੋਂ ਕੰਮ ਕਰ ਚੁੱਕਿਆ ਹੈ ਤੇ ਮਗਰੋਂ ਕੈਲਗਰੀ ਵਿੱਚ ਕਲੀਅਰ-ਵੌਟਰ ਅਕੈਡਮੀ ਅਤੇ ਰੈਗਨਮ ਕ੍ਰਿਸਟੀ ਸਮਰ ਕੈਂਪਸ ਵਿੱਚ ਵੀ ਰਿਹਾ ਸੀ। ਫ੍ਰਾਂਸੀਸੀ ਅਦਾਲਤ ਨੇ ਉਸ ਨੂੰ 10 ਸਾਲ ਦੀ ਸਸਪੈਂਡਿਡ ਕੈਦ ਅਤੇ 10 ਸਾਲ ਬੱਚਿਆਂ ਤੋਂ ਦੂਰ ਰਹਿ ਕੇ ਕੰਮ ਕਰਨ ਦੀ ਸਜ਼ਾ ਸੁਣਾਈ ਹੈ। ਉਸ ਦੇ ਘਰ ਦਾ ਐਡਰੈਸ ਫ੍ਰਾਂਸ ਦੀ ਰਜਿਸਟਰੀ ਵਿੱਚ ਦਰਜ ਕੀਤਾ ਗਿਆ ਹੈ ਤੇ ਧਾਰਮਿਕ ਪੱਧਰ 'ਤੇ ਜਾਂਚ ਚੱਲ ਰਹੀ ਹੈ।

# ਅਮਰੀਕਾ ਦਾ 78 ਸਾਲਾ ਕਰੋੜਪਤੀ ਹਸਪਤਾਲ ਦੇ ਬੈੱਡ ਉੱਪਰ ਹੀ ਸਜਾ ਭੁਗਤ ਰਿਹਾ ਹੈ।

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਅਮੈਰਿਕਾ ਦੇ ਕਰੋੜਪਤੀ, 78 ਸਾਲਾ ਰੌਬਰਟ ਡਰਸਟ ਨੂੰ ਆਪਣੀ ਪਹਿਲੀ ਪਤਨੀ ਕੇਥੀ ਡਰਸਟ ਦੇ ਕਤਲ ਦੇ ਮਾਮਲੇ ਵਿੱਚ ਨਾਮਜ਼ਦ ਕੀਤਾ ਗਿਆ ਹੈ। ਇਹ ਕਤਲ 39 ਸਾਲ ਪਹਿਲਾਂ ਹੋਇਆ ਸੀ। ਇਸ ਸਮੇਂ ਉਹ ਆਪਣੇ ਇੱਕ ਹੋਰ ਸਾਥੀ ਦੇ ਕਤਲ ਦੇ ਮਾਮਲੇ ਵਿੱਚ ਕੈਦ ਕੱਟ ਰਿਹਾ ਹੈ। ਇਸ ਵਿਅਕਤੀ ਨੇ ਉਸ ਨੂੰ ਆਪਣੀ ਪਹਿਲੀ ਪਤਨੀ ਦੇ ਕਤਲ ਦੇ ਮਾਮਲੇ ਵਿੱਚ ਫਸਣ ਤੋਂ ਬਚਾਇਆ ਸੀ। ਮੌਜੂਦਾ ਸਮੇਂ ਉਹ ਹਾਸਪਤਾਲ ਵਿੱਚ ਵੈਂਟਿਲੇਟਰ 'ਤੇ ਪਿਆ ਦੱਸਿਆ ਜਾਂਦਾ ਹੈ।

# ਸਕੂਲ ਬੱਸਾਂ ਵਾਲਿਆਂ ਦਾ ਨਵੀਂ ਇੰਸੋਰੈਂਸ ਪਾਲਿਸੀ ਨੇ ਕਚੂੰਬਰ ਹੀ ਕੱਢ ਦਿੱਤਾ ਹੈ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੇ ਸਕੂਲਾਂ ਵਿੱਚ ਪੀਲੀਆਂ ਬੱਸਾਂ ਦੀ ਸੇਵਾ ਮੁਹਈਆ ਕਰਵਾਉਣ ਵਾਲੀ ਐਲਬਰਟਾ ਸਕੂਲ ਬੱਸ ਕੌਂਟ੍ਰੈਕਟਰਜ਼ ਐਸੋਸਿਏਸ਼ਨ ਨੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਹੈ ਕਿ ਆਉਂਦੇ ਸਕੂਲ ਸੈਸ਼ਨ ਵਿੱਚ ਸੈਂਕੜੇ ਬੱਸਾਂ ਰੋਕਣੀਆਂ ਪੈ ਸਕਦੀਆਂ ਹਨ ਕਿਉਂਕਿ ਇੰਸ਼ੋਰੈਂਸ ਪ੍ਰੀਮੀਅਮਜ਼ ਬਹੁਤ ਜ਼ਿਆਦਾ ਵਧ ਗਏ ਹਨ। ਅਗਲੇ ਮਹੀਨੇ ਇੰਸ਼ੋਰੈਂਸ ਪ੍ਰੀਮੀਅਮ ਰਿਨਿਊ ਹੋ ਰਹੇ ਹਨ ਜਿਸ ਨਾਲ ਕਰਜ਼ੇ ਦਾ ਪੱਧਰ ਬਹੁਤ ਜ਼ਿਆਦਾ ਵਧਣ ਦਾ ਖ਼ਦਸ਼ਾ ਬਣ ਗਿਆ ਹੈ। ਪਿਛਲੇ ਸਾਲ ਇੰਸ਼ੋਰੈਂਸ ਪ੍ਰੀਮੀਅਮਜ਼ ਵਿੱਚ 358% ਦਾ ਵਾਧਾ ਹੋ ਗਿਆ ਸੀ ਤੇ ਕਈ ਮਾਮਲਿਆਂ ਵਿੱਚ ਬੱਸ ਇੰਸ਼ੋਰੈਂਸ 1200 ਡੌਲਰਜ਼ ਤੋਂ ਵਧ ਕੇ 4300 ਡ਼ਰਜ਼ ਪ੍ਰਤੀ ਬੱਸ ਹੋ ਗਿਆ ਸੀ। ਖ਼ਦਸ਼ਾ ਹੈ ਕਿ ਇਸ ਸਾਲ 500 ਦੇ ਕਰੀਬ ਬੱਸਾਂ ਨੂੰ ਘਟਾਇਆ ਜਾ ਸਕਦਾ ਹੈ ਜਿਸ ਨਾਲ 15 ਤੋਂ 20 ਹਜ਼ਾਰ ਵਿਦਿਆਰਥੀਆਂ ਦੇ ਪ੍ਰਭਾਵਿਤ ਹੋਣ ਦਾ ਡਰ ਹੈ।

# ਇੰਡੋ ਕਨੇਡੀਅਨ ਕਮਿਓਨਿਟੀ ਐਸੋਸੀਏਸ਼ਨ ਦੀ ਸਾਲਾਨਾ ਮੀਟਿੰਗ ਦੌਰਾਨ ਜਨਮ ਦਿਨ ਮਨਾਉਂਦਿਆਂ ਵਿਛੜਿਆਂ ਨੂੰ ਵੀ ਚੇਤੇ ਕੀਤਾ ਗਿਆ



ਕੈਲਗਰੀ( ਪੰਜਾਬੀ ਅਖ਼ਬਾਰ ਬਿਊਰੋ) ਇੰਡੋ-ਕੈਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਦੀ ਸਾਲਾਨਾ ਜਨਰਲ ਬਾਡੀ ਦੀ ਮੀਟਿੰਗ 23 ਅਕਤੂਬਰ, 2021 ਨੂੰ ਹੋਈ। ਸਕੱਤਰ ਅਮਰੀਕ ਸਿੰਘ ਸਰੋਆ ਨੇ ਸਮੂਹ ਮੈਂਬਰਾਂ ਨੂੰ ਜੀ ਆਇਆਂ ਕਿਹਾ ਅਤੇ ਐਸੋਸੀਏਸ਼ਨ ਦੀਆਂ ਗਤੀਵਿਧੀਆਂ ਬਾਰੇ ਸੰਖੇਪ ਜਾਣਕਾਰੀ ਦਿੱਤੀ। ਪਿਛਲੇ ਸਾਲ ਦੌਰਾਨ ਅਤੇ ਸੀਨੀਅਰ ਦੇ ਜਨਮ ਦਿਨ ਦੇ ਜਸ਼ਨ ਦਾ ਵੀ ਜ਼ਿਕਰ ਕੀਤਾ। ਪ੍ਰਧਾਨ ਸੇਵਾ ਸਿੰਘ ਪ੍ਰੇਮੀ ਨੇ ਇਸ ਅਹਿਮ ਮੀਟਿੰਗ 'ਤੇ ਸਾਰਿਆਂ ਨੂੰ ਜੀ ਆਇਆਂ ਕਿਹਾ ਅਤੇ ਯਾਦ ਕਰਵਾਇਆ ਕਿ ਪਿਛਲੀ ਸਲਾਨਾ ਜਨਰਲ ਬਾਡੀ ਸ.ਮੀਟਿੰਗ ਅਕਤੂਬਰ, 2020 ਨੂੰ ਹੋਈ ਸੀ ਅਤੇ ਨਵੀਂ ਪ੍ਰਤੀਨਿਧੀ ਕੌਂਸਲ ਸਰਬਸੰਮਤੀ ਨਾਲ ਬਣਾਈ ਗਈ ਸੀ। ਉਦੋਂ ਤੋਂ ਇਹ ਕੌਂਸਲ ਵੱਖ-ਵੱਖ ਮੁੱਦਿਆਂ ਅਤੇ ਪ੍ਰੋਜੈਕਟਾਂ ਅਤੇ ਗਤੀਵਿਧੀਆਂ 'ਤੇ ਕੰਮ ਕਰ ਰਹੀ ਹੈ। ਉਹਨਾਂ ਬੀਤੇ ਸਾਲ ਦੀਆਂ ਗਤੀਵਿਧੀਆ ਦਾ ਜਿਕਰ ਕੀਤਾ ਅਤੇ ਵਿਛੜੇ ਮੈਂਬਰਾਂ ਆਸਾ ਸਿੰਘ ਸੇਖੋਂ, ਪੀ.ਐਸ. ਵੈਦ ਅਤੇ ਸ੍ਰੀਮਤੀ. ਹਰਬੰਸ ਕੌਰ ਸਿੱਧੂ ਪਤਨੀ ਮੋਹਨ ਸਿੰਘ ਸਿੱਧੂ ਨੂੰ ਚੇਤੇ ਕੀਤਾ। ਜਨਮ ਦਿਨ ਦੀਆਂ ਵਧਾਈਆਂ ਉਪਰੰਤ ਬੁਲਾਰਿਆਂ ਜਗਦੀਸ਼ ਕੌਰ ਸਰੋਆ, ਜਰਨੈਲ ਤੱਗੜ, ਸਤਵਿੰਦਰ ਕੌਰ ਫਰਵਾਨ, ਗਿਆਨ ਸਿੰਘ, ਬਲਵਿੰਦਰ ਸਿੰਘ ਵਿਰਦੀ ਅਤੇ ਚੰਦ ਸਿੰਘ ਸਦਿਓੜਾ ਨੇ ਵੱਖ-ਵੱਖ ਵਿਸ਼ਿਆਂ 'ਤੇ ਕਵਿਤਾਵਾਂ ਸੁਣਾਈਆਂ। ਸੋਸ਼ਲ ਵਰਕਰ ਲਲਿਤਾ ਸਿੰਘ ਨੇ ਅੱਜ ਦੇ ਸਮੇਂ ਨੂੰ ਧਿਆਨ ਵਿੱਚ ਰੱਖਦੇ ਹੋਏ ਆਪਣੇ ਆਪ ਨੂੰ ਸਿਹਤਮੰਦ ਕਿਵੇਂ ਰੱਖ ਸਕਦੇ ਹੋ ਇਸ ਬਾਰੇ ਬਹੁਤ ਮਹੱਤਵਪੂਰਨ ਸੁਝਾਅ ਦਿੱਤੇ। ਅੰਤ ਵਿੱਚ ਪ੍ਰਧਾਨ ਸੇਵਾ ਸਿੰਘ ਪਰੇਮੀ ਨੇ ਸਾਰਿਆਂ ਨੂੰ ਇੱਕ ਬਹੁਤ ਹੀ ਗਰਮ ਅਤੇ ਸੁਆਦੀ ਦੁਪਹਿਰ ਦੇ ਖਾਣੇ ਲਈ ਸੱਦਾ ਦਿੱਤਾ।



















# ਪੰਜਾਬੀ ਫੋਕ ਡਾਂਸ ਅਕੈਡਮੀ ਐਡਮਿੰਟਨ ਦੀਆਂ ਕੁੜੀਆਂ ਨੇ ਵਿਸ਼ਵ ਭੰਗੜਾ ਕੱਪ ਜਿੱਤਕੇ ਨਵਾਂ ਇਤਿਹਾਸ ਰਚਿਆ




ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਅਕਤੂਬਰ 23 ਅਤੇ 24 ਨੂੰ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਲੋਂ ਵਿਸ਼ਵ ਭੰਗੜਾ ਕੱਪ ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ 23 ਤਰੀਕ ਨੂੰ ਆਨਲਾਈਨ ਮੁਕਾਬਲੇ ਕਰਵਾਏ ਗਏ ਅਤੇ 24 ਤਰੀਕ ਨੂੰ ਵਿਅਕਤੀਗਤ ਮੁਕਾਬਲੇ ਕਰਵਾਏ ਗਏ। ਇਸ ਮੁਕਾਬਲੇ ਵਿੱਚ ਦੁਨੀਆਂ ਭਰ ਦੀਆਂ ਨਾਮੀ ਅਕੈਡਮੀਆਂ ਨੇ ਭਾਗ ਲਿਆ। ਇਸ ਮੁਕਾਬਲੇ ਦੀ ਆਨਲਾਈਨ ਕੈਟੇਗਰੀ ਵਿੱਚ ਐਡਮਿੰਟਨ ਕੈਨੇਡਾ ਦੀ ਪੰਜਾਬੀ ਫੋਕ ਡਾਂਸ ਅਕੈਡਮੀ ਦੀਆਂ ਕੁੜੀਆਂ ਨੇ ਪਹਿਲਾ ਸਥਾਨ ਪ੍ਰਾਪਤ ਕਰਕੇ ਭੰਗੜੇ ਦੇ ਖੇਤਰ ਵਿੱਚ ਇੱਕ ਨਵਾਂ ਇਤਿਹਾਸ ਰਚ ਦਿੱਤਾ। ਮੁਕਾਬਲੇ ਬਾਰੇ ਜਾਣਕਾਰੀ ਦਿੰਦਿਆਂ ਟੀਮ ਦੇ ਕੋਚ ਗੁਰਸੇਵਕ ਸਿੱਧੂ ਨੇ ਦੱਸਿਆ ਕਿ ਇਹ ਦੁਨੀਆ ਦੀ ਪਹਿਲੀ ਕੁੜੀਆਂ ਦੀ ਟੀਮ ਹੈ, ਜਿਸ ਨੇ ਏਡੀ ਵੱਡੀ ਪ੍ਰਾਪਤੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਅਸੀਂ ਪਿਛਲੇ ਤਿੰਨ ਮਹੀਨੇ ਤੋਂ ਤਿਆਰੀ ਕਰ ਰਹੇ ਸੀ।ਭਾਵੇਂ ਇਹ ਮੁਕਾਬਲੇ ਆਨਲਾਈਨ ਸੀ ਪਰ ਫਿਰ ਵੀ ਜੱਜਾਂ ਨੇ ਜੇਤੂ ਟੀਮਾਂ ਦਾ ਫ਼ੈਸਲਾ ਹਜ਼ਾਰਾਂ ਦਰਸ਼ਕਾਂ ਸਾਹਮਣੇ ਵੱਡੀ ਸਕਰੀਨ ਤੇ ਟੀਮਾਂ ਨੂੰ ਬਰੀਕੀ ਨਾਲ ਦੇਖ ਕੇ ਕਰਨਾ ਸੀ। ਗੁਰਸੇਵਕ ਸਿੱਧੂ ਨੇ ਦੱਸਿਆ ਕਿ ਸਾਡੇ ਲਈ ਮਾਣ ਵਾਲੀ ਗੱਲ ਸੀ ਕਿ ਜੱਜਮੈਂਟ ਅਨਾਊਂਸਮੈਂਟ ਕਰਦਿਆਂ ਪੰਜ ਜੱਜਾਂ ਵਿੱਚੋਂ ਇੱਕ ਜੱਜ ਜਸਬੀਰ ਸਿੰਘ ਪੰਨੂ ਹੁਰਾਂ ਖੁਦ ਕਬੂਲਿਆ ਕਿ ਕੁੜੀਆਂ ਕਿਸੇ ਵੀ ਤਰ੍ਹਾਂ ਮੁੰਡਿਆਂ ਨਾਲੋਂ ਘੱਟ ਨਹੀਂ ਹਨ। ਟੀਮ ਵਿੱਚ ਰਵਨੀਤ ਢਿੱਲੋਂ, ਸ਼ਿਵਾਂਗੀ ਪਰਮਾਰ, ਖੁਸ਼ਦੀਪ ਕੈਲੇ, ਅਰਸ਼ਦੀਪ ਗਿੱਲ, ਸ਼ਰਨਪ੍ਰੀਤ ਸੰਧੂ, ਸਨਰੂਫ ਕੈਲੇ, ਅਨਰੂਪ ਗਰੇਵਾਲ, ਅਨੂਪਾਲ ਗਰੇਵਾਲ, ਸਿਮਰਨ ਪਨੇਸਰ ਅਤੇ ਜੈਸਿਕਾ ਢਿੱਲੋਂ ਸ਼ਾਮਲ ਸਨ। ਅਰਸ਼ਦੀਪ ਗਿੱਲ ਨੂੰ ਸੈਕਿੰਡ ਬੈਸਟ ਡਾਂਸਰ ਦਾ ਖਿਤਾਬ ਵੀ ਮਿਲਿਆ। ਇਸ ਜਿੱਤ ਉਪਰੰਤ ਹਰਮਨਦੀਪ ਦਾ ਕਹਿਣਾ ਹੈ ਕਿ ਸਾਨੂੰ ਬਹੁਤ ਮਾਣ ਤੇ ਖੁਸ਼ੀ ਹੈ ਕਿ ਅਸੀਂ ਏਡੇ ਵੱਡੇ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ।

## ਇਨਸਾਨੀਅਤ ਸ਼ਰਮਸ਼ਾਰ ਹੋਈ, ਬੱਚੀ ਦਾ ਸਰੀਰਕ ਸ਼ੋਸਣ ਕਰਨ ਵਾਲੇ ਨੂੰ 7 ਸਾਲ ਦੀ ਕੈਦ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਆਪਣੀ ਹੀ ਇੱਕ ਮਾਸੂਮ ਰਿਸ਼ਤੇਦਾਰ ਬੱਚੀ ਦਾ ਸ਼ੋਸ਼ਣ ਕਰਦਿਆਂ ਉਸ ਨੂੰ ਗਰਭਵਤੀ ਕਰ ਦੇਣ ਦੇ ਦੋਸ਼ ਤਹਿਤ ਕੈਲਗਰੀ ਨਿਵਾਸੀ ਇੱਕ ਵਿਅਕਤੀ ਨੂੰ 7 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ। ਪ੍ਰੋਵਿੰਸ਼ੀਅਲ ਕੋਰਟ ਜੱਜ ਕੈਥਰੀਨ ਸਕੀਨ ਨੇ ਦੋਵਾਂ ਪਾਸਿਆਂ ਦੇ ਵਕੀਲ ਦੀ ਅਪੀਲ ਮੰਨਦਿਆਂ 29 ਸਾਲਾ ਇਸ ਵਿਅਕਤੀ ਨੂੰ ਇਹ ਸਜ਼ਾ ਸੁਣਾਈ ਹੈ। ਫੈਸਲਾ ਸੁਣਾਉਂਦਿਆਂ ਹੋਇਆਂ ਜੱਜ ਨੇ ਉਸ ਨੂੰ ਲਾਹਨਤਾਂ ਵੀ ਪਾਈਆਂ। ਬੱਚੀ ਦੀ ਪਛਾਣ ਸੁਰੱਖਿਅਤ ਰੱਖਦਿਆਂ ਇਸ ਵਿਅਕਤੀ ਦੇ ਨਾਮ ਦਾ ਖੁਲਾਸਾ ਨਹੀਂ ਕੀਤਾ ਜਾ ਸਕਦਾ ਤੇ ਦੱਸਿਆ ਗਿਆ ਹੈ ਕਿ ਉਹ ਇਸ ਬੱਚੀ ਦਾ 9 -10 ਮਹੀਨੇ ਸ਼ੋਸ਼ਣ ਕਰਦਾ ਰਿਹਾ ਤੇ ਉਹ ਉਸ ਸਮੇਂ ਸਿਰਫ਼ 10-11 ਸਾਲ ਦੀ ਸੀ। ਜੱਜ ਨੇ ਕਿਹਾ ਕਿ ਇਸ ਸ਼ੈਤਾਨ ਨੇ ਉਸ ਦਾ ਬਚਪਨ ਵੀ ਖੋਹ ਲਿਆ ਤੇ ਉਸ ਦੀ ਮਾਸੂਮੀਅਤ ਵੀ।

# ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਮੈਂਬਰਾਂ ਦੀ ਮਿਲਣੀ ਦੀਵਾਲੀ ਦੇ ਦੀਵਿਆਂ ਵਾਂਗ ਜਗਮਗਾਉਂਦੀ ਰਹੀ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਇਸ ਵਾਰੀ 25 ਅਕਤੂਬਰ ਨੂੰ ਹੋਈ। ਐਸੋਸੀਏਸ਼ਨ ਦੀਆ ਮੀਟਿੰਗਾਂ ਤੋਂ ਬਾਅਦ ਇਹ ਪਹਿਲੀ ਇਨਡੋਰ ਮੀਟਿੰਗ ਸੀ। ਭਾਰੀ ਗਿਣਤੀ ਵਿੱਚ 70 ਦੇ ਕਰੀਬ ਇਸ ਦੇ ਮੈਂਬਰ ਹਾਜ਼ਰ ਸਨ। ਹਮੇਸ਼ਾ ਦੀ ਤਰ੍ਹਾਂ ਇਸ ਵਾਰੀ ਪ੍ਰੋਗਰਾਮ ਦੀ ਸ਼ੁਰੂਆਤ ਇਸਲਾਮਿਕ ਧਰਮ ਨਾਲ ਸਬੰਧਤ ਖ਼ੂਬਸੂਰਤ ਕਲਾਮ ਰਾਹੀਂ ਕੀਤੀ ਗਈ। ਜਿਸ ਵਿਚ ਪ੍ਰਭੂ ਅੱਲ੍ਹਾ ਪ੍ਰਮਾਤਮਾ ਦੀ ਸਿਫ਼ਤ ਕੀਤੀ ਗਈ ਸੀ। ਸਭ ਤੋਂ ਪਹਿਲਾਂ ਸਭਾ ਦੇ ਸਕੱਤਰ ਨੇ ਹਾਜ਼ਰ ਮੈਂਬਰਾਂ ਨੂੰ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀਆਂ ਮੁਬਾਰਕਾਂ ਦਿੱਤੀਆਂ। ਸੰਖੇਪ ਰੂਪ ਵਿੱਚ ਇਨ੍ਹਾਂ ਤਿਉਹਾਰਾਂ ਦੀਆਂ ਹਿਸਟਰੀ ਅਤੇ ਮਹਾਨਤਾ ਦਾ ਵਰਨਣ ਕੀਤਾ ਗਿਆ। ਸੰਸਥਾ ਦੇ ਪ੍ਰਧਾਨ ਸੁਰਿੰਦਰ ਪਲਾਹਾ ਨੇ ਆਏ ਮੈਂਬਰਾਂ ਨੂੰ ਜੀ ਆਇਆਂ ਕਿਹਾ ਅਤੇ ਹੁਮ ਹੁਮਾ ਕੇ ਪਹੁੰਚਣ ਲਈ ਧੰਨਵਾਦ ਵੀ ਕੀਤਾ। ਅਕਤੂਬਰ ਮਹੀਨੇ ਦੌਰਾਨ ਜਨਮੇ ਸਭਾ ਦੇ ਮੈਂਬਰਾਂ ਸੋਮਨਾਥ ਅਗਰਵਾਲ,ਦਰਸ਼ਨ ਸਿੰਘ ਧਾਲੀਵਾਲ, ਕਮਲ ਅਰੋੜਾ, ਜੰਗਪਾਲ ਖੋਸਾ, ਜਸਵੀਰ ਕੌਰ ਹੁੰਦਲ, ਰਮੇਸ਼ ਕੁਮਾਰ, ਰਵੀਨਾ ਮਲਿਕ, ਸਤਿੰਦਰ ਕੌਰ ਪਰਿਹਾਰ ਅਤੇ ਕੁਲਵੰਤ ਰਾਏ ਸ਼ਰਮਾ ਨੂੰ ਮੁਬਾਰਕਬਾਦ ਦਿੱਤੀ ਗਈ।ਉਨ੍ਹਾਂ ਦੀ ਚੰਗੀ ਸਿਹਤ ਲਈ ਸ਼ੁੱਭ ਕਾਮਨਾਵਾਂ ਦਿੱਤੀਆਂ। ਵਿਜੇ ਸਚਦੇਵਾ ਜੋ ਕੇ ਲੰਬਾ ਸਮਾਂ ਇੰਡੀਆ ਰਹਿਣ ਤੋਂ ਬਾਅਦ ਮੀਟਿੰਗ ਵਿੱਚ ਸ਼ਾਮਲ ਹੋਏ ਉਨ੍ਹਾਂ ਨੇ ਸੁਰਜੀਤ ਪਾਤਰ ਦੀ ਖ਼ੂਬਸੂਰਤ ਨਜ਼ਮ "ਹਨੇਰਾ ਨਾ ਸਮਝੇ ਕਿ ਚਾਨਣ ਮਰ ਗਿਆ ਹੈ ਰਾਤ ਨਾ ਸਮਝੇ ਕਿ ਸੂਰਜ ਮਰ ਗਿਆ ਹੈ" ਤਰੰਨੁਮ ਵਿੱਚ ਗਾ ਕੇ ਰੰਗ ਬੰਨ੍ਹ ਦਿੱਤਾ। ਹਰਿੰਦਰ ਕੌਰ ਮੁੰਡੀ ਨੇ ਦੀਵਾਲੀ ਨਾਲ ਸਬੰਧਤ ਇੱਕ ਕਹਾਣੀ ਸੁਣਾਈ। ਸ਼ਮਿੰਦਰ ਕੌਰ ਹੁਰਾਂ ਨੇ ਖ਼ੂਬਸੂਰਤ ਲਹਿਜੇ ਵਿੱਚ ਮੌਜੂਦਾ ਹਾਲਾਤ ਬਾਰੇ ਵਰਣਨ ਕੀਤਾ। ਤਾਰਿਕ ਮਲਕ ਹੋਰਾਂ ਨੇ ਵੀ ਇੱਕ ਪੰਜਾਬੀ ਦੀ ਰਚਨਾ ਸਾਂਝੀ ਕੀਤੀ। ਜਸਵੰਤ ਸਿੰਘ ਗਰੇਵਾਲ ਨੇ ਉਮਰ ਦੇ ਪਚੱਨਵੇ ਸਾਲ ਦੌਰਾਨ ਆਪਣੇ ਵਿਚਾਰ ਰੱਖੇ ਅਤੇ ਪੁੱਛੇ ਗਏ ਸਵਾਲ ਰਾਹੀਂ ਹਾਜ਼ਰੀ ਨੂੰ ਹੈਰਾਨ ਕਰ ਦਿੱਤਾ। ਇਸ ਤੋਂ ਇਲਾਵਾ ਦਰਸ਼ਨ ਸਿੰਘ ਧਾਲੀਵਾਲ, ਗੁਰਬਚਨ ਬਰਾੜ, ਇੰਦਰਜੀਤ ਸਿੰਘ ਵਧਵਾ, ਹੈਰੀ ਸੇਖੋਂ,ਜਸਵੀਰ ਸਹੋਤਾ, ਪੈਰੀ ਮਾਲ ਅਤੇ ਜਰਨੈਲ ਤੱਗੜ ਨੇ ਵੀ ਆਪਣੇ ਵਿਚਾਰ ਰੱਖੇ। ਹਲਕੇ ਫੁਲਕੇ ਸਵਾਦਿਸ਼ਟ ਲੰਚ ਦਾ ਪ੍ਰੋਗਰਾਮ ਸੀ ਜੋ ਕਿ ਲੇਡੀਜ਼ ਮੈਂਬਰ ਪਰਮੀਤ ਖੋਸਾ ਅਤੇ ਅਮਰਜੀਤ ਕੌਰ ਪਲਾਹ ਦੀ ਟੀਮ ਵੱਲੋਂ ਵਰਤਾਇਆ ਗਿਆ। ਇਹ ਮੀਟਿੰਗ ਇਨਡੋਰ ਹੋਣ ਕਰਕੇ ਸਾਰੇ ਮੈਂਬਰਾਂ ਨੇ ਮਾਸਕ ਪਹਿਨ ਕੇ ਰੱਖੇ। ਸਭ ਦੇ ਦੋ ਦੋ ਟੀਕੇ ਲਗਵਾਏ ਹੋਏ ਸਨ।ਸੋਸ਼ਲ ਡਿਸਟੈਂਸ ਦਾ ਪੂਰਾ ਖਿਆਲ ਰੱਖਿਆ ਗਿਆ।

# ਸਾਲ 2070 ਤੱਕ ਗਰੀਨ ਹਾਊਸ ਗੈਸਾਂ ਬੰਦ ਕਰਨ ਦਾ ਅਹਿਦ ਲੈਂਦੇ ਹਾਂ -ਮੋਦੀ



ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ) ਇੰਗਲੈਂਡ ਦੇ ਗਲਾਸਗੋ ਵਿੱਚ ਸ਼ੁਰੂ ਹੋਏ ਸੀ ਓ ਪੀ -26 ਨਾਮ ਦੇ ਵਾਤਾਵਰਣ ਸਿਖ਼ਰ ਸੰਮੇਲਨ ਵਿੱਚ ਦੁਨੀਆ ਭਰ ਦੇ ਦੇਸ਼ਾਂ ਦੇ ਆਗੂਆਂ, ਵਾਤਾਵਰਣ ਮਾਹਿਰਾਂ ਅਤੇ ਵਾਤਾਵਰਣ ਕਾਰਕੁੰਨਾਂ ਨੇ ਰਲ਼ ਕੇ ਅਪੀਲ ਕੀਤੀ ਹੈ ਕਿ ਸੰਸਾਰ ਭਰ ਵਿੱਚ ਵਧ ਫੈਲ ਰਹੀ ਗ਼ਰਮੀ ਨੂੰ ਰੋਕਣ ਵਾਸਤੇ ਅਤੇ ਧਰਤੀ ਨੂੰ ਦਰਪੇਸ਼ ਵੱਡੇ ਸੰਕਟ ਦੇ ਹੱਲ ਵਾਸਤੇ ਰਲ਼ ਕੇ ਹੰਭਲਾ ਮਾਰਨ ਦੀ ਲੋੜ ਹੈ। ਭਾਰਤੀ ਪ੍ਰਾਇਮ ਮਨਿਸਟਰ ਨਰੇਂਦਰ ਮੋਦੀ ਨੇ ਕਿਹਾ ਕਿ ਉਹਨਾਂ ਦਾ ਦੇਸ਼ ਸਾਲ 2070 ਤੱਕ ਗ੍ਰੀਨਹਾਊਸ ਗੈਸਾਂ ਬੰਦ ਕਰਨ ਦਾ ਅਹਿਦ ਲੈਂਦਾ ਹੈ। ਚੀਨ ਨੇ ਇਹੀ ਅਹਿਦ ਸਾਲ 2060 ਤੱਕ ਲਈ ਲਿਆ ਹੈ। ਮੋਦੀ ਨੇ ਕਿਹਾ ਕਿ ਵਾਤਾਵਰਣ ਵਿੱਚ ਕਾਰਬਨ ਗੈਸਾਂ ਛੱਡਣ ਵਾਲਾ ਭਾਰਤ ਤੀਸਰਾ ਵੱਡਾ ਮੁਲਕ ਹੈ। ਇੰਗਲੈਂਡ ਦੇ ਪ੍ਰਾਇਮ ਮਨਿਸਟਰ ਬੌਰਿਸ ਜੌਨਸਨ ਨੇ ਕਿਹਾ ਕਿ ਦੁਨੀਆ ਤਬਾਹੀ ਵਾਲੀ ਡਿਵਾਇਸ ਨਾਲ ਬੰਨ੍ਹੀ ਹੋਈ ਹੈ ਤੇ ਇਸ ਡਿਵਾਇਸ ਨੂੰ ਨਕਾਰਾ ਕਰਨਾ ਹਰੇਕ ਦਾ ਫ਼ਰਜ਼ ਹੈ। ਅਮੈਰਿਕਨ ਰਾਸ਼ਟਰਪਤੀ ਜੋਅ ਬਾਇਡਨ ਨੇ ਮਾਫੀ ਮੰਗਦਿਆਂ ਕਿਹਾ ਕਿ ਡੌਨੈਲਡ ਟਰੰਪ ਨੇ ਪੈਰਿਸ ਐਗਰੀਮੈਂਟ ਵਿੱਚੋਂ ਬਾਹਰ ਜਾ ਕੇ ਵੱਡੀ ਗ਼ਲਤੀ ਕੀਤੀ ਸੀ ਜਿਸਦਾ ਉਹਨਾਂ ਨੂੰ ਅਫ਼ਸੋਸ ਹੈ। ਵਾਤਾਵਰਣ ਕਾਰਕੁੰਨ ਗ੍ਰੈਟਾ ਟਨਬਰਗ ਨੇ ਸਿਖ਼ਰ ਸੰਮੇਲਨ ਦੇ ਬਾਹਰ ਚੱਲ ਰਹੀ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੰਸਾਰ ਦੇ ਲੀਡਰ ਪਾਖੰਡ ਕਰ ਰਹੇ ਹਨ ਤੇ ਅਸਲ ਵਿੱਚ ਕੁੱਝ ਵੀ ਨਹੀਂ ਕੀਤਾ ਜਾ ਰਿਹਾ।

## ਅਲਬਰਟਾ ਅੰਦਰ ਨਸ਼ੇ ਦਾ ਸੇਵਨ ਕਰਕੇ ਗੱਡੀ ਚਲਾਉਣ ਵਾਲਿਆਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ

ਐਡਮੰਟਨ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਆਰ.ਸੀ.ਐਮ.ਪੀ. ਤੋਂ ਹਾਸਲ




ਰੈਕਰਡ ਮੁਤਾਬਕ ਇਸ ਸਾਲ ਸੜਕਾਂ 'ਤੇ ਨਸ਼ਾ ਕਰਕੇ ਗੱਡੀਆਂ ਚਲਾਉਣ ਵਾਲਿਆਂ ਦੇ ਹਾਦਸਿਆਂ ਦੀ ਗਿਣਤੀ ਵਿੱਚ ਵਾਧਾ ਦਰਜ ਕੀਤਾ ਜਾ ਰਿਹਾ ਹੈ ਤੇ ਇਹਨਾਂ ਹਾਦਸਿਆਂ ਵਿੱਚ ਮਰਨ ਵਾਲੀਆਂ ਤੇ ਜ਼ਖ਼ਮੀ ਹੋਣ ਵਾਲਿਆਂ ਦੀ ਗਿਣਤੀ ਵਿੱਚ ਵੀ ਵਾਧਾ ਦਰਜ ਹੋਇਆ ਹੈ। ਮਦਰਜ਼ ਅਗੇਨਸਟ ਡ੍ਰੰਕ ਡ੍ਰਾਇਵਿੰਗ - ਮੈਡ ਵੱਲੋਂ ਬੀਤੇ ਸੋਮਵਾਰ ਤੋਂ ਰੈਡ ਡੀਅਰ ਤੋਂ ਰੈਡ ਰਿਬਨ ਕੈਂਪੇਨ ਸ਼ੁਰੂ ਕੀਤੀ ਗਈ ਹੈ। ਬ੍ਰੈਂਡਾ ਬਰਾਉਨ ਨੇ ਦੱਸਿਆ ਕਿ ਉਸ ਦੀ ਸਕੂਲ ਟੀਚਰ ਬੇਟੀ ਨਵੰਬਰ 2014 ਵਿੱਚ ਆਪਣੇ ਘਰ ਆ ਰਹੀ ਸੀ ਕਿ ਇੱਕ ਵਿਅਕਤੀ ਨਸ਼ੇ ਵਿੱਚ ਗੱਡੀ ਚਲਾਉਂਦਾ ਹੋਇਆ ਉਸ ਦੀ ਗੱਡੀ ਵਿੱਚ ਜਾ ਵੱਜਿਆ ਤੇ ਉਸ ਦੀ ਮੌਤ ਹੋ ਗਈ ਤੇ ਉਹ ਖੁਦ ਸਾਢੇ 3 ਘੰਟੇ ਤੱਕ ਗੱਡੀ ਵਿੱਚ ਫਸੀ ਰਹੀ। ਮਰਨ ਵਾਲੀ ਦੇ ਦੋ ਛੋਟੇ ਬੱਚੇ ਆਪਣੀ ਮਾਂ ਗੁਆ ਬੈਠੇ ਤੇ ਉਹਨਾਂ ਦਾ ਕੋਈ ਕਸੂਰ ਵੀ ਨਹੀਂ ਸੀ। ਇਹ ਕੈਂਪੇਨ ਲੋਕਾਂ ਨੂੰ ਜਾਗਰੂਕ ਕਰਨ ਵਾਸਤੇ ਸ਼ੁਰੂ ਕੀਤੀ ਗਈ ਹੈ ਕਿ ਨਸ਼ਾ ਕਰਕੇ ਗੱਡੀ ਚਲਾਉਣਾ ਕਿਸੇ ਲਈ ਵੀ ਠੀਕ ਨਹੀਂ ਹੈ।

# ਅਲਬਰਟਾ ਸੂਬੇ ਦੀ ਟਰਾਂਸਪੋਰਟ ਮੰਤਰੀ ਨੇ ਟਰੱਕ ਡਰਾਈਵਰਾਂ ਦੀਆਂ ਮੁਸ਼ਕਿਲਾਂ ਸੁਣੀਆਂ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਟਰੱਕਿੰਗ ਪੰਜਾਬੀ ਭਾਈਚਾਰੇ ਦੀ ਆਰਥਿਕਤਾ ਦੀ ਰੀੜ ਦੀ ਹੱਡੀ ਹੈ। ਇਸ ਕਾਰੋਬਾਰ ਨੇ ਜਿੱਥੇ ਵੱਡੀ ਗਿਣਤੀ ਵਿੱਚ ਰੁਜਗਾਰ ਦੇ ਸਾਧਨ ਮੁਹਈਆ ਕਰਵਾਏ ਹਨ ਉਥੇ ਹੀ ਇਸ ਖੇਤਰ ਨਾਲ ਸਬੰਧਤ ਕਾਫੀ ਮੁਸ਼ਕਿਲਾਂ ਵੀ ਹਨ। ਗੁਰੂਦਵਾਰਾ ਕਮੇਟੀ ਵੱਲੋਂ ਸੀਨੀਅਰ ਸੈਂਟਰ ਵਿਖੇ ਇੱਕ ਵਿਚਾਰ ਗੋਸ਼ਟੀ ਦਾ ਪ੍ਰਬੰਧ ਕੀਤਾ ਗਿਆ ਜਿਸ ਵਿੱਚ ਅਲਬਰਟਾ ਦੇ ਟਰਾਂਸਪੋਰਟ ਮੰਤਰੀ ਮਾਨਯੋਗ ਰਾਜਨ ਸਾਹਨੀ ਜੀ ਅਤੇ ਵਰਨਣਯੋਗ ਗਿਣਤੀ ਵਿੱਚ ਡਰਾਈਵਰ, ਟਰੱਕ ਡਰਾਈਵਿੰਗ ਸਕੂਲਾਂ ਵਾਲੇ ਅਤੇ ਟਰਾਂਸਪੋਰਟਰ ਵੀਰ ਸ਼ਾਮਲ ਹੋਏ। ਬਹੁਤ ਹੀ ਵਧੀਆ ਮਾਹੌਲ ਵਿੱਚ ਹੋਈ ਇਸ ਮੀਟਿੰਗ ਦੌਰਾਨ ਹਾਜ਼ਰ ਸਰੋਤਿਆਂ ਵੱਲੋਂ ਇੰਸੋਰੈਂਸ, ਵਾਸ਼ਰੂਮਾਂ ਦੀ ਅਣਹੋਂਦ, ਵਿਭਾਗ ਨਾਲ ਸਬੰਧਤ ਅਫਸਰਾਂ ਵੱਲੋਂ ਵਧੀਆ ਵਿਹਾਰ ਨਾ ਕਰਨਾ, ਵਰਕ ਪਰਮਿਟ, ਟਰੇਨਿੰਗ ਅਤੇ ਹੋਰ ਮੁਸ਼ਕਲਾਂ ਮੰਤਰੀ ਰਾਜਨ ਸਾਹਨੀ ਦੇ ਅੱਗੇ ਰੱਖੀਆਂ ਅਤੇ ਨਾਲ ਨਾਲ ਕੁੱਝ ਕੁ ਹੱਲ ਵੀ ਸੁਝਾਏ ਗਏ ਕਿ ਇਹ ਕਿਵੇਂ ਹੱਲ ਹੋ ਸਕਦੀਆਂ ਹਨ। ਮੰਤਰੀ ਰਾਜਨ ਸਾਹਨੀ ਨੇ ਵਿਸਵਾਸ ਦਿਵਾਇਆ ਕਿ ਕਿ ਉਹ ਸਮੁੱਚੀਆਂ ਮੁਸ਼ਕਲਾਂ ਦੇ ਹੱਲ ਲਈ ਯਤਨ ਕਰਨਗੇ ਅਤੇ ਟਰਾਂਸਪੋਰਟੇਸ਼ਨ ਖੇਤਰ ਨਾਲ ਸਬੰਧਤ ਵਿਅਕਤੀਆਂ ਨਾਲ ਹੋਰ ਫੀਡਬੈਕ ਮੀਟਿੰਗਾਂ ਲਈ ਵੀ ਕੋਸ਼ਿਸ਼ ਕਰਦੇ ਰਹਿਣਗੇ। ਮੀਟਿੰਗ ਨੂੰ ਗੁਰੂਦਵਾਰਾ ਕਮੇਟੀ ਵੱਲੋਂ ਚੈਅਰਮੈਨ ਹਰਜੀਤ ਸਿੰਘ ਸਰੋਆ, ਪ੍ਰਧਾਨ ਅਮਨਪ੍ਰੀਤ ਸਿੰਘ ਅਤੇ ਜੱਗਾ ਰਾਊਕੇ ਨੇ ਸੰਬੋਧਨ ਕੀਤਾ।

# 'ਖੋਲ੍ਹ ਲੈਂਦਾ ਦਿਲ ਜੇ ਤੂੰ ਯਾਰਾਂ ਦੇ ਨਾਲ, ਖੋਲਣਾ ਪੈਂਦਾ ਨਾ ਇਹ ਦਿਲ ਔਜ਼ਾਰਾਂ ਦੇ ਨਾਲ'

ਕੈਲਗਰੀ (ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਵੂਮੇਨ ਕਲਚਰਲ ਐਸੋਸੀਏਸ਼ਨ ਦੀ ਅਕਤੂਬਰ ਮਹੀਨੇ ਦੀ ਇੱਕਤਰਤਾ 16 ਅਕਤੂਬਰ ਸ਼ਨੀਵਾਰ ਨੂੰ ਸਾਕਾ ਦੇ ਹਾਲ ਵਿੱਚ ਕੀਤੀ ਗਈ। ਤੀਹ ਕੁ ਦੇ ਕਰੀਬ ਭੈਣਾਂ ਕਰੋਨਾ ਸਬੰਧੀ ਸਰਕਾਰੀ ਹਦਾਇਤਾਂ ਦੀ ਪਾਲਣਾ ਕਰਦੀਆਂ ਮਾਸਕ ਪਹਿਨੀ ਸਮੇਂ ਸਿਰ ਪਹੁੰਚ ਗਈਆਂ। ਕਰੋਨਾ ਤੋਂ ਬਚਾਓ ਲਈ ਦੋਵੇਂ ਟੀਕੇ ਲਗਵਾਏ ਹੋਣ ਨੂੰ ਵੀ ਯਕੀਨੀ ਬਣਾਇਆ ਗਿਆ। ਉਪਰੰਤ ਗਰਮ ਚਾਹ ਦੇ ਨਾਲ ਮਿੱਠਾ ਤੇ ਨਮਕੀਨ ਵਰਤਾਇਆ ਗਿਆ ਤਾਂ ਜੋ ਠੰਢ ਵਿੱਚ ਥੋੜ੍ਹਾ ਤਰੋਤਾਜ਼ਾ ਹੋ ਲਿਆ ਜਾਵੇ। ਗੁਰਚਰਨ ਥਿੰਦ ਨੇ ਸਭ ਨੂੰ ਜੀ ਆਇਆਂ ਕਿਹਾ ਅਤੇ ਕੁਝ ਜ਼ਰੂਰੀ ਸੂਚਨਾ ਦੇਣ ਉਪਰੰਤ ਮੀਟਿੰਗ ਦਾ ਸੰਚਾਲਨ ਕਰਨ ਲਈ ਹਰਮਿੰਦਰ ਚੁੱਗ ਨੂੰ ਸੱਦਾ ਦਿੱਤਾ। ਸੁਰਿੰਦਰ ਸੰਧੂ ਨੇ ਜਗਮੋਹਨ ਕੌਰ ਅਤੇ ਕੇ.ਦੀਪ ਦਾ ਗਾਇਆ ਗੀਤ 'ਬਾਬਾ ਵੇ ਕਲਾ ਮਰੋੜ' ਸੁਣਾ ਕੇ ਪੁਰਾਣੇ ਵੇਲਿਆਂ ਦੇ ਗੀਤ ਚੇਤੇ ਕਰਾ ਦਿੱਤੇ। ਫਿਰ ਤਾਂ ਸੱਭਿਆਚਾਰਕ ਤੇ ਲੋਕ ਗੀਤਾਂ ਦੀ ਲੜੀ ਹੀ ਤੁਰ ਪਈ। ਗੁਰਤੇਜ ਸਿੱਧੂ, ਅਮਰਜੀਤ ਸੱਗੂ, ਗੁਰਜੀਤ ਬੈਦਵਾਨ, ਸੁਰਿੰਦਰ ਜੌਹਲ, ਅਮਰਜੀਤ ਗਰੇਵਾਲ, ਸੁਰਜੀਤ ਢਿਲੋਂ, ਮੁਖਤਿਆਰ ਧਾਲੀਵਾਲ ਅਤੇ ਅਮਰਜੀਤ ਵਿਰਦੀ ਹੁਰਾਂ



ਪ੍ਰਵਾਰਕ ਤੇ ਸਮਾਜਿਕ ਰਿਸ਼ਤਿਆਂ ਦੇ ਵੱਖ ਵੱਖ ਰੁਪਾਂ ਨੂੰ ਪ੍ਰਗਟਾਉਂਦੇ ਕਿਤੇ ਮਜ਼ਾਕ ਤੇ ਕਿਤੇ ਤਨਜ਼ ਕਰਦੇ ਗੀਤਾਂ ਦੀ ਛਹਿਬਰ ਲਾ ਦਿੱਤੀ। ਸੁਖਜੀਤ ਕੌਰ ਨੇ 'ਫੁੱਲ' ਨਾਂ ਦੀ ਆਪਣੀ ਰਚਨਾ ਸੁਣਾ ਸਭ ਦਾ ਮਨ ਪਸੀਜ ਦਿੱਤਾ। ਸਰਬਜੀਤ ਉੱਪਲ ਨੇ ਕਰੋਨਾ ਦਰਮਿਆਨ ਇੱਕ ਦੂਜੇ ਨੂੰ ਮਿਲ ਕੇ ਵੀ ਨਾ ਮਿਲ ਸਕਣ ਵਾਲਾ ਦੁਖਾਂਤ ਪ੍ਰਗਟਾਉਂਦੀ 'ਬੜਾ ਮਿਲਣ ਨੂੰ ਜੀਅ ਕਰਦਾ ਕਿਦਾਂ ਮਿਲਣ ਮੈਂ ਆਵਾਂ, ਘੁੱਟ ਗਲਵਕੜੀ ਪਾਉਣੀ ਨਹੀਂ ਜੇ ਫੇਰ ਕਰਨ ਕੀ ਆਉਣਾ' ਕਵਿਤਾ ਸੁਣਾਈ। ਜੁਗਿੰਦਰ ਪੁਰਬਾ ਨੇ ਵੀ ਆਪਣੀ ਹੱਡ-ਬੀਤੀ ਸੁਣਾ ਹਾਜ਼ਰੀ ਲੁਆਈ। ਇਕਬਾਲ ਭੁੱਲਰ ਜੀ ਨੇ ਅਜ ਦੇ ਰਾਵਣਾਂ ਦੀ ਗੱਲ ਕਰਦੀ 'ਦੁਸਹਿਰਾ' ਮਿੰਨੀ ਕਹਾਣੀ ਪੇਸ਼ ਕੀਤੀ।


ਗੁਰਚਰਨ ਥਿੰਦ ਨੇ ਭਗਤ ਸਿੰਘ ਹੁਰਾਂ ਦੇ ਇਨਕਲਾਬੀ ਟੋਲੇ ਵਿੱਚ 'ਭਾਬੀ ਦੁਰਗਾ' ਦੇ ਨਾਂ ਨਾਲ ਜਾਣੀ ਜਾਂਦੀ ਇਨਕਲਾਬੀ ਵੀਰਾਂਗਣਾਂ ਨੂੰ ਵੀ ਯਾਦ ਕੀਤਾ ਜਿਨ੍ਹਾਂ ਨੇ ਤਨ ਮਨ ਤੇ ਧੰਨ ਨਾਲ ਇਨਕਲਾਬੀ ਨੌਜੁਆਨਾਂ ਦਾ ਸਾਥ ਦਿੱਤਾ। 7 ਅਕਤੂਬਰ 1902 ਵਿੱਚ ਜਨਮੀ ਅਤੇ 14 ਅਕਤੂਬਰ 1999 ਵਿੱਚ ਦੇਸ਼ ਦੀ ਅਜ਼ਾਦੀ ਤੋਂ ਬਾਦ ਲਗਪਗ ਪੰਜਾਹ ਸਾਲ ਗੁੰਮਨਾਮੀ ਦਾ ਜੀਵਨ ਬਤੀਤ ਕਰ 97 ਸਾਲ ਦੀ ਉਮਰ ਵਿੱਚ 'ਦੁਰਗਾ ਭਾਬੀ' ਗਾਜ਼ੀਆਬਾਦ ਵਿਖੇ ਚਲਾਣਾ ਕਰ ਗਈ। ਨਾ ਹੀ ਅਜ਼ਾਦੀ ਤੋਂ ਬਾਦ ਅਜ਼ਾਦ ਭਾਰਤ ਵਿੱਚ ਕਿਸੇ ਉਸ ਦੀ ਸਾਰ ਲਈ ਅਤੇ ਨਾ ਹੀ ਅੱਜ ਤੱਕ ਕਿਸੇ ਉਸ ਦੀ ਕੁਰਬਾਨੀ ਨੂੰ ਗੌਲ਼ਿਆ ਜਿਸਨੇ ਚੰਗੇ ਖਾਂਦੇ ਪੀਂਦੇ ਪ੍ਰਵਾਰ ਨਾਲ ਸਬੰਧ ਹੋਣ ਦੇ ਬਾਵਜੂਦ ਦੇਸ਼ ਦੀ ਅਜ਼ਾਦੀ ਖਾਤਰ ਆਪਣਾ ਸੁਖ-ਸੰਪਨਤਾ ਵਾਲਾ ਜੀਵਨ ਤਿਆਗ ਦਰ ਦਰ ਠੋਕਰਾਂ ਖਾਧੀਆ। ਇੰਜ ਅਣਗੌਲ਼ੇ ਰਹਿ ਜਾਣਾ ਸ਼ਾਇਦ ਉਸ ਦੇ ਔਰਤ ਹੋਣ ਦੀ ਤ੍ਰਸਾਦੀ ਹੈ। ਹਰਮਿੰਦਰ ਚੁੱਗ ਨੇ ਇੱਕਲਤਾ ਜਾਂ ਹੋਰ ਕਈ ਕਾਰਨਾਂ ਕਾਰਨ 'ਡਿਪ੍ਰੈਸ਼ਨ' ਦਾ ਸ਼ਿਕਾਰ ਹੋ ਉਦਾਸੀ ਨੂੰ ਆਪਣਾ ਸਾਥੀ ਬਣਾ ਨਾਂਹ-ਪੱਖੀ ਸੋਚ ਦਾ ਧਾਰਨੀ ਬਣ ਜਾਣ ਸਬੰਧੀ ਵਿਸਥਾਰ ਵਿੱਚ ਗੱਲ ਕੀਤੀ।ਬਲਵਿੰਦਰ ਬਰਾੜ ਨੇ ਸੁਰਜੀਤ ਪਾਤਰ ਦੇ ਇੱਕ ਸ਼ੇਅਰ ਨਾਲ ਗੱਲ ਅੱਗੇ ਵਧਾਈ 'ਖੋਲ੍ਹ ਲੈਂਦਾ ਦਿਲ ਜੇ ਤੂੰ ਯਾਰਾਂ ਦੇ ਨਾਲ, ਖੋਲਣਾ ਪੈਂਦਾ ਨਾ ਇਹ ਦਿਲ ਔਜਾਰਾਂ ਦੇ ਨਾਲ'। ਉਹਨਾਂ ਆਪਣੇ ਨਾਲ ਰਲਦੀ ਮਿਲਦੀ ਸੋਚ ਵਾਲੇ ਵਿਅਕਤੀਆਂ ਨਾਲ ਮਿਲ ਬੈਠਣ ਨੂੰ ਤਰਜੀਹ ਦੇਣ ਅਤੇ ਦਿਮਾਗਾਂ ਦੀ ਉੱਲੀ ਲਾਹੁਣ ਦਾ ਮਸ਼ਵਰਾ ਦਿੱਤਾ।

## ਟਰੇਨ ਸਟੇਸ਼ਨ ਉੱਪਰ ਛੁਰੇਬਾਜ਼ੀ ਵਿੱਚ ਜ਼ਖਮੀ ਚੱਲ ਵਸਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਪਿਛਲੇ ਦਿਨੀ ਨੌਰਥ ਈਸਟ ਵਿਚਲੇ ਇੱਕ ਸੀ-ਟ੍ਰੇਨ ਸਟੇਸ਼ਨ 'ਤੇ ਹੋਈ ਛੁਰੇਮਾਰੀ ਦੀ ਘਟਨਾ ਵਿੱਚ ਗੰਭੀਰ ਜ਼ਖ਼ਮੀ ਹੋਏ ਵਿਅਕਤੀ ਦੀ ਮੌਤ ਹੋ ਗਈ ਹੈ। 27 ਅਕਤੂਬਰ ਵਾਲੇ ਦਿਨ ਬਾਦ ਦੁਪਹਿਰ ਡੇਢ ਵਜੇ 36 ਸਟ੍ਰੀਟ ਅਤੇ ਮਾਰਲਬੋਰੋ ਡ੍ਰਾਇਵ ਨੌਰਥ ਈਸਟ 'ਤੇ ਇਹ ਘਟਨਾ ਅੰਜਾਮ ਦਿੱਤੀ ਗਈ ਸੀ ਅਤੇ ਇੱਕ ਵਿਅਕਤੀ ਗੰਭੀਰ ਜ਼ਖ਼ਮੀ ਹੋ ਗਿਆ ਸੀ। 51 ਸਾਲਾ ਗਿਲ ਜੇਮਜ਼ ਸਕੌਟ ਨਾਮ ਦੇ ਇਸ ਵਿਅਕਤੀ ਦੀ ਹੁਣ ਮੌਤ ਹੋ ਗਈ ਦੱਸੀ ਗਈ ਹੈ। ਪੁਲਿਸ ਵੱਲੋਂ 34 ਸਾਲਾ ਕਥਿੱਤ ਹਮਲਾਵਰ ਜੌਜ਼ੈਫ਼ ਰੱਸੈਲ ਵਰਹੈਗੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਤੇ ਉਸ ਦੇ ਖਿਲਾਫ਼ ਮੈਨਸਲੌਟਰ ਦਾ ਮਾਮਲਾ ਦਰਜ ਕਰ ਲਿਆ ਗਿਆ ਹੈ। ਉੱਧਰ, ਬੀਤੇ ਸ਼ਨੀਵਾਰ ਦੀ ਰਾਤ 5 ਐਵੇਨਿਊ ਸਾਊਥ ਵੈਸਟ ਦੇ 600 ਬਲੌਕ ਵਿੱਚ ਇੱਕ ਵਿਅਕਤੀ ਨੂੰ ਛੁਰਾ ਮਾਰ ਕੇ ਗੰਭੀਰ ਜ਼ਖ਼ਮੀ ਕਰ ਦਿੱਤੇ ਜਾਣ ਦੀ ਸੂਚਨਾ ਮਿਲੀ ਹੈ। ਇੱਕ ਵਿਅਕਤੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਇੱਕ ਹੋਰ ਖ਼ਬਰ ਅਨੁਸਾਰ ਸ਼ਨੀਵਾਰ ਦੀ ਸਵੇਰ 9 ਵਜੇ ਦੇ ਕਰੀਬ ਨੌਰਥ ਈਸਟ ਦੀ ਪਾਇਨਰਿਜ ਕਮਿਊਨਿਟੀ ਦੇ ਇੱਕ ਵਿਚੋਂ ਇੱਕ ਔਰਤ ਦੀ ਲਾਸ਼ ਮਿਲੀ ਹੈ ਤੇ ਪੁਲਿਸ ਇਸ ਨੂੰ ਸ਼ੱਕੀ ਮੌਤ ਦਾ ਮਾਮਲਾ ਮੰਨ ਕੇ ਜਾਂਚ ਕਰ ਰਹੀ ਹੈ। ਪਾਇਨਹਿਲ ਰੋਡ ਦੇ 100 ਬਲੌਕ ਵਿਚਲੇ ਇੱਕ ਘਰ ਵਿੱਚ ਪੁਲਿਸ ਨੂੰ ਸੱਦਿਆ ਗਿਆ ਸੀ। ਜਦੋਂ ਪੁਲਿਸ ਮੌਕੇ 'ਤੇ ਪਹੁੰਚੀ ਤਾਂ ਉਥੇ ਇੱਕ ਔਰਤ ਦੀ ਲਾਸ਼ ਪਈ ਸੀ। 50-55 ਸਾਲ ਦੀ ਇਸ ਔਰਤ ਦੀ ਮੌਤ ਨੂੰ ਸ਼ੱਕੀ ਮੰਨਿਆ ਜਾ ਰਿਹਾ ਹੈ। ਮੌਕੇ 'ਤੇ ਹੀ ਇੱਕ ਸ਼ੱਕੀ ਨੂੰ ਹਿਰਾਸਤ ਵਿੱਚ ਲੈ ਲਿਆ ਹੈ ਤੇ ਇਸ ਘਟਨਾ ਸੰਬੰਧੀ ਹੋਰ ਵੇਰਵਿਆਂ ਦੀ ਇੰਤਜ਼ਾਰ ਕੀਤੀ ਜਾ ਰਹੀ ਹੈ।

## 35 ਲੱਖ ਡਾਲਰ ਦੀ ਰਕਮ ਖ਼ਰਚ ਕਰਕੇ ਕਰਵਾਈ ਗਈ ਜਾਂਚ ਨੂੰ ਐਨ ਡੀ ਪੀ ਨੇ ਲੋਕਾਂ ਦੇ ਪੈਸੇ ਦੀ ਬਰਬਾਦੀ ਦੱਸਿਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) 35 ਲੱਖ ਡਾਲਰ ਦੀ ਟੈਕਸ ਪੇਅਰਜ਼ ਦੀ ਰਕਮ ਖ਼ਰਚ ਕਰਕੇ ਕਰਵਾਈ ਗਈ ਇੱਕ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਐਲਬਰਟਾ ਦੇ ਤੇਲ ਸੈਕਟਰ ਦਾ ਵਿਰੋਧ ਕਰਨ ਵਾਲੇ ਵਿਦੇਸ਼ੀ ਗਰੁਪਾਂ ਵੱਲੋਂ ਸਾਲ 2003 ਤੋਂ 2019 ਦਰਮਿਆਨ ਕੈਨੇਡਾ ਵਿੱਚ 1.28 ਬਿਲੀਅਨ ਡਾਲਰ ਦੀ ਰਕਮ ਭੇਜੀ ਗਈ ਜਿਹੜੀ ਵੱਖ ਵੱਖ ਐਨਵਾਇਰਨਮੈਂਟਲ ਚੈਟਰਿਟੀਜ਼ ਨੂੰ ਦਿੱਤੀ ਗਈ ਅਤੇ ਇਸ ਵਿਚੋਂ 54.1 ਮਿਲੀਅਨ ਡਾਲਰ ਐਂਟਾਇ-ਐਲਬਰਟਾਇਰਿਜ਼ੋਰਸ ਡਿਵੈਲਪਮੈਂਟ ਐਕਟਿਵਿਟੀ ਵਾਸਤੇ ਰੱਖੀ ਗਈ ਸੀ। ਇਸ ਰਕਮ ਨਾਲ ਐਲਬਰਟਾ ਦੇ ਕਿੰਨੇ ਰਿਜ਼ੋਰਸ ਪ੍ਰੋਜੈਕਟਸ ਨੂੰ ਕੈਂਸਲ ਕੀਤਾ ਗਿਆ ਤੇ ਇਸ ਵਿਦੇਸ਼ੀ ਰਕਮ ਵਿੱਚੋਂ ਕਿੰਨੀ ਇਸ ਕੰਮ 'ਤੇ ਖਰਚੀ ਗਈ, ਇਸ ਦਾ ਕੋਈ ਹਿਸਾਬ ਕਿਤਾਬ ਨਹੀਂ ਦੱਸਿਆ ਗਿਆ ਹੈ। ਸੂਬੇ ਦੀ ਐਨਰਜੀ ਮਨਿਸਟਰੀ ਸੋਨਿਆ ਸੈਵੇਜ ਵੱਲੋਂ ਸਟੀਵ ਐਲਨ ਐਨਕੁਆਇਰੀ ਰਿਪੋਰਟ ਨੂੰ ਜਨਤਕ ਕੀਤਾ ਗਿਆ ਹੈ। ਪ੍ਰੈਸ ਕੌਨਫ਼ਰੰਸ ਵਿੱਚ ਨਾ ਤਾਂ ਪ੍ਰੀਮੀਅਰ ਜੇਸਨ ਕੈਨੀ ਹਾਜ਼ਰ ਸਨ ਤੇ ਨਾ ਹੀ ਸਟੀਵ ਐਲਨ। ਇਸ ਰਿਪੋਰਟ ਵਿੱਚ ਕੇਸ ਨੂੰ ਵੀ ਗ਼ਲਤ ਨਹੀਂ ਠਹਿਰਾਇਆ ਗਿਆ ਹੈ। ਰਿਪੋਰਟ ਵਿੱਚ 6 ਸਿਫਾਰਿਸ਼ਾਂ ਵੀ ਕੀਤੀਆਂ ਗਈਆਂ ਹਨ। ਐਨਡੀਪੀ ਨੇ ਇਸ ਰਿਪੋਰਟ ਨੂੰ ਖੋਖਲਾ ਅਤੇ ਲੋਕਾਂ ਦੇ ਪੈਸੇ ਦੀ ਬਰਬਾਦੀ ਦੱਸਿਆ ਹੈ।

# ਗੁਰੂਘਰ ਵੱਲ ਜਾਂਦੀ ਸੜਕ ਉੱਪਰ ਨਫ਼ਰਤੀ ਨਿਸ਼ਾਨ ਬਣਾਏ ਹੋਣ ਸਬੰਧੀ ਪੁਲਿਸ ਜਾਂਚ ਕਰ ਰਹੀ ਹੈ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਜਿੱਥੇ ਦੁਨੀਆ ਭਰ ਅੰਦਰ ਹਰ ਰੋਜ ਆਪਸੀ ਪਿਆਰ ਭਾਵਨਾ ,ਇੱਕਜੁਟਤਾ ਦੇ ਸੁਨੇਹੇ ਇੱਕ ਦੂਸਰੇ ਨੂੰ ਆਦਾਨ ਪ੍ਰਦਾਨ ਕੀਤੇ ਜਾਂਦੇ ਹਨ ਉੱਥੇ ਇਸੇ ਹੀ ਸੰਸਾਰ ਅੰਦਰ ਨਫਰਤੀ ਟੋਕਰੇ ਸਿਰ ਉੱਪਰ ਚੁੱਕੀ ਘੁੰਮਣ ਵਾਲੇ ਲੋਕ ਵੀ ਸੜਕਾਂ ਉੱਪਰ ਘੁੰਮ ਰਹੇ ਹਨ। ਅਜਿਹੇ ਹੀ ਨਫਰਤੀ ਟੋਕਰੇ ਵਿੱਚੋਂ ਡਿੱਗੇ ਗੰਦ ਦੇ ਟੁਕੜੇ ਬੀਤੇ ਦਿਨੀ ਕੈਲਗਰੀ ਦੇ ਸਭ ਤੋਂ ਪੁਰਾਣੇ ਗੁਰੁਦਵਾਰਾ ਸਾਹਿਬ ਜੋ ਕਿ ਸਹਿਰ ਦੇ ਸਾਊਥ ਵਾਲੇ ਪਾਸੇ ਸਥਿੱਤ ਹੈ ,ਉਸ ਵੱਲ ਜਾਂਦੀ ਸੜਕ ਉੱਪਰ ਡਿੱਗੇ ਹੋਏ ਮਿਲੇ। ਘਟਨਾ ਇਸ ਤਰਾਂ ਵਾਪਰੀ ਹੈ ਕਿ ਸਿੱਖ ਸੁਸਾਇਟੀ ਆਫ ਕੈਲਗਰੀ ਗੁਰੁਦਵਾਰਾ ਸਾਹਿਬ ਵੱਲ ਜਾਂਦੀ ਸੜਕ ਉੱਪਰ ਪੱਗ ਦੇ ਨਿਸਾਨ ਨਾਲ ਸੰਬੋਧਿਤ ਹੁੰਦਿਆ ਸਿੱਖ ਧਰਮ ਪ੍ਰਤੀ ਨਫਰਤ ਵਾਲੀ ਸਪਰੇ ਨਾਲ ਗ੍ਰੈਫਿਟੀ ਬਣਾਈ ਗਈ । ਕੈਲਗਰੀ ਪੁਲਿਸ ਨੇ ਇਸ ਸਬੰਧੀ ਜਾਂਚ ਸੁਰੂ ਕਰ ਦਿੱਤੀ ਹੈ ਪਰ ਚਿੰਤਾ ਵਾਲੀ ਗੱਲ ਇਹ ਹੈ ਕਿ ਇਹ ਅਜਿਹਾ ਹਮਲਾ ਪਹਿਲੀ ਵਾਰ ਨਹੀਂ ਹੋਇਆ ਇਸ ਤੋਂ ਪਹਿਲਾਂ ਵੀ ਸਾਲ 2016 ਵਿੱਚ ਸਵਾਸਤਿਕ ਦੇ ਚਿੰਨ ਇਸੇ ਹੀ ਗੁਰੁਦਵਾਰਾ ਸਾਹਿਬ ਦੀ ਬਿਲਡਿੰਗ ਉੱਪਰ ਕਿਸੇ ਸਰਾਰਤੀ ਨੇ ਬਣਾਏ ਸਨ। ਇਹ ਵੀ ਸੰਜੋਗ ਹੀ ਹੈ ਕਿ ਇਹ ਘਟਨਾ ਉਸੇ ਦਿਨ ਵਾਪਰੀ ਹੈ ਜਦੋਂ ਅਲਬਰਟਾ ਨੇ ਦੋ ਸਿੱਖੀ ਪਿਛੋਕੜ ਵਾਲੇ , ਜੋਤੀ ਗੋਂਡੇਕ ਅਤੇ ਅਮਰਜੀਤ ਸੋਹੀ ਨੂੰ ਕ੍ਰਮਵਾਰ ਆਪਣੇ ਦੋ ਸਭ ਤੋਂ ਵੱਡੇ ਸ਼ਹਿਰਾਂ ਕੈਲਗਰੀ ਅਤੇ ਐਡਮਿੰਟਨ ਦੇ ਮੇਅਰ ਵੱਜੋਂ ਸਹੁੰ ਚੁਕਾਈ । ਵਰਲਡ ਸਿੱਖ ਆਗੇਨਾਈਜੇਸ਼ਨ ਅਤੇ ਕੈਲਗਰੀ ਦੇ ਗੁਰੁਦਵਾਰਾ ਦਸਮੇਸ ਕਲਚਰਲ ਸੈਂਟਰ ਦੇ ਮੁੱਖ ਸੇਵਾਦਾਰ ਭਾਈ ਅਮਨਪ੍ਰੀਤ ਸਿੰਘ ਗਿੱਲ ਨੇ ਵੀ ਇਸ ਘਟਨਾ ਦੀ ਨਿਖੇਧੀ ਕੀਤੀ ਹੈ। ਬੀਤੇ ਸਮਿਆਂ ਦੌਰਾਨ ਮਸਜਿਦਾਂ,ਮੰਦਿਰਾਂ ਅਤੇ ਗਿਰਜਾਂ ਘਰਾਂ ਉੱਪਰ ਵੀ ਅਜਿਹੇ ਨਫਰਤੀ ਹਮਲੇ ਹੁੰਦੇ ਆ ਰਹੇ ਹਨ । ਲੋੜ ਹੈ ਦੁਨੀਆ ਨੂੰ ਸਵਰਗ ਬਣਾਉਣ ਦੀ ,ਪਰ ਅਜਿਹਾ ਕਰਨ ਲਈ ਅਜਿਹੀਆਂ ਘਟਨਾਵਾਂ ਦਾ ਬੰਦ ਹੋਣਾ ਜਰੂਰੀ ਹੈ ।

## ਸਟੈਨ ਸੰਧੂ ਨੇ ਵੋਟਰਾਂ ਸਪੋਟਰਾਂ ਦਾ ਧੰਨਵਾਦ ਕਰਦਿਆਂ ਰਾਜ ਧਾਲੀਵਾਲ ਨੂੰ ਵਧਾਈ ਦਿੱਤੀ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਿਟੀ ਕੌਂਸਿਲ ਦੀ ਵਾਰਡ 5 ਤੋਂ ਚੋਣ ਹਾਰੇ ਸਟੈਨ ਸੰਧੂ ਨੇ ਕਿਹਾ ਕਿ ਇਹ ਚੋਣ ਮੁਹਿੰਮ ਮੇਰੀ ਨਿੱਜੀ ਨਹੀਂ ਸੀ ਸਗੋਂ ਤੁਹਾਡੀ ਸਭ ਦੀ ਮੁਹਿੰਮ ਸੀ । ਇਹ ਚੋਣ ਮੁਹਿੰਮ ਨਾਰਥ ਈਸਟ ਕੈਲਗਰੀ ਵਿੱਚ ਵੱਸਦੇ ਲੋਕਾਂ ਦੀਆਂ ਲੋੜਾਂ , ਮੰਗਾਂ,ਬਦਲਾਅ ਸਬੰਧੀ ਸੀ ਜਿਸ ਲਈ ਤੁਸੀਂ ਸਾਰਿਆਂ ਨੇ ਰਲਕੇ ਇਸ ਮੁਹਿੰਮ ਵਿੱਚ ਹਿੱਸਾ ਲਿਆ। ਤੁਸੀਂ ਮੇਰੇ ਉੱਪਰ ਵਿਸਵਾਸ ਕੀਤਾ । ਜਿੱਤ-ਹਾਰ ਨੂੰ ਪਾਸੇ ਰੱਖਦਿਆਂ ਉਹਨਾਂ ਆਪਣੇ ਵਿਰੋਧੀ ਉਮੀਦਵਾਰ ਰਾਜ ਧਾਲੀਵਾਲ ਨੂੰ ਵਧਾਈ ਦਿੰਦਿਆਂ ਭਵਿੱਖ ਵਿੱਚ ਉਹਨਾਂ ਦਾ ਹਰ ਖੇਤਰ ਵਿੱਚ ਸਾਥ ਦੇਣ ਦੀ ਗੱਲ ਆਖੀ ਹੈ। ਉਹਨਾਂ ਕਿਹਾ ਕਿ ਕਿੰਨਾ ਚੰਗਾ ਹੋਵੇਗਾ ਜਦੋਂ ਰਾਜ ਧਾਲੀਵਾਲ ਵਾਰਡ 5 ਦੇ ਵਿਕਾਸ ਲਈ ਕੰਮ ਕਰੇਗਾ ਇਹ ਸਾਰਾ ਕੁੱਝ ਹੁੰਦਾ ਦੇਖਕੇ ਉਹਨਾਂ ਨੂੰ ਹੋਰ ਵੀ ਖੁਸ਼ੀ ਹੋਵੇਗੀ। ਚੋਣਾਂ ਖਤਮ ਹੋਣ ਦਾ ਮਤਲਬ ਇਹ ਨਹੀਂ ਹੁੰਦਾ ਕਿ ਅਸੀਂ ਘਰ ਬੈਠ ਜਾਈਏ ਸਗੋਂ ਹੁਣ ਤਾਂ ਸਾਡਾ ਫਰਜ਼ ਸੁਰੂ ਹੁੰਦਾ ਹੈ ਕਿ ਜੋ ਕੁੱਝ ਨਹੀਂ ਹੋ ਰਿਹਾ ਅਸੀਂ ਉਸ ਦੇ ਹੋਣ ਦੀ ਪੂਰਤੀ ਲਈ ਆਪਣੇ ਚੁਣੇ ਹੋਇਆਂ ਨੂੰ ਹਲੂਣਾ ਦਿੰਦੇ ਰਹੀਏ । ਸਟੈਨ ਸੰਧੂ ਨੇ ਚੋਣ ਮੁਹਿੰਮ ਦੌਰਾਨ ਸਹਿਯੋਗ ਦੇਣ ਵਾਲੇ ਹਰ ਸਹਿਯੋਗੀ ਦਾ ਧੰਨਵਾਦ ਕੀਤਾ ।



## ਕੈਲਗਰੀ ਵਿੱਚ ਇਸ ਸਾਲ 23,848 ਘਰ ਵਿਕੇ ਹਨ- ਰਬਿੰਦਰ ਗਿੱਲ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਰੀਅਲ ਇਸਟੇਟ ਬੋਰਡ ਦਾ ਕਹਿਣਾ ਹੈ ਕਿ ਖੇਤਰ ਵਿੱਚ ਪਿਛਲੇ ਮਹੀਨੇ ਘਰਾਂ ਦੀ ਰੈਕਰਡ ਵਿੱਕਰੀ ਦਰਜ ਕੀਤੀ ਗਈ ਹੈ ਤੇ ਲੱਗਦਾ ਹੈ ਕਿ ਇਹ ਸਪੀਡ ਬਰਕਰਾਰ ਰਹੇਗੀ। ਅਕਤੂਬਰ ਮਹੀਨੇ ਵਿੱਚ 2186 ਘਰਾਂ ਦੀ ਸੇਲ ਹੋਈ ਰਿਕਾਰਡ ਕੀਤੀ ਗਈ ਹੈ ਤੇ ਪਿਛਲੇ ਸਾਲ ਇਸੇ ਸਮੇਂ ਦੌਰਾਨ ਇਹ ਸੰਖਿਆ 1763 ਸੀ ਤੇ ਇਹ ਵਾਧਾ 24% ਬਣਦਾ ਹੈ। ਪਿਛਲੇ ਸਾਲ ਦੇ ਮੁਕਾਬਲੇ ਇਸੇ ਸਮੇਂ ਤੱਕ 35% ਵੱਧ ਵਿਕਰੀ ਹੋਈ ਹੈ। ਇਸ ਸਾਲ 23,848 ਘਰ ਵਿਕੇ ਹਨ । ਪਿਛਲੇ 5 ਸਾਲਾਂ ਦੇ ਮੁਕਾਬਲੇ ਇਸ ਸਾਲ ਦੀ ਸੇਲ ਵਿੱਚ ਔਸਤ ਵਾਧਾ 61% ਦਰਜ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਇਸਟੇਟ ਵਿਊ ਵਾਲੇ ਰਬਿੰਦਰ ਗਿੱਲ ਨੇ ਦੱਸਿਆ ਕਿ ਆਰਥਿਕ ਰਿਕਵਰੀ ਹੋਣ ਲੱਗੀ ਹੈ ਤੇ ਤੇਲ ਕੀਮਤਾਂ ਵਿੱਚ ਵਾਧਾ ਹੋਣ ਮਗਰੋਂ ਆਰਥਿਕਤਾ ਵਿੱਚ ਮਜ਼ਬੂਤੀ ਆਉਣ ਲੱਗੀ ਹੈ।ਉਹਨਾਂ ਅਨਸਾਰ ਇਹਨੀ ਦਿਨੀ ਪ੍ਰਾਪਰਟੀ ਦੇ ਖੇਤਰ ਵਿੱਚ ਇਨਵੈਸਟ ਕਰਨ ਲਈ ਹਾਲੇ ਵੀ ਢੁਕਵਾਂ ਸਮਾਂ ਹੈ। ਭਵਿੱਖ ਵਿੱਚ ਕੀਮਤਾਂ ਉੱਪਰ ਵੱਲ ਹੀ ਜਾ ਰਹੀਆਂ ਹਨ।




# ਜਸਟਿਨ ਟਰੂਡੋ ਨੇ ਤੀਜੀ ਵਾਰ ਕਨੇਡਾ ਦੇ ਪ੍ਰਧਾਨ ਮੰਤਰੀ ਵੱਜੋਂ ਨਵੇਂ ਮੰਤਰੀ ਮੰਡਲ ਸਮੇਤ ਸਹੁੰ ਚੁੱਕੀ

## ਭਾਰਤੀ ਮੂਲ ਦੀ ਅਨੀਤਾ ਆਨੰਦ ਨੂੰ ਰੱਖਿਆ ਮੰਤਰਾਲਾ ਸੌਂਪਿਆ




ਔਟਵਾ (ਪੰਜਾਬੀ ਅਖ਼ਬਾਰ ਬਿਊਰੋ) 20 ਸਤੰਬਰ ਨੂੰ ਹੋਈਆਂ ਕਨੇਡਾ ਦੀਆਂ ਪਾਰਲੀਮਾਨੀ ਚੋਣਾਂ ਉਪਰੰਤ 26 ਅਕਤੂਬਰ 2021 ਨੂੰ ਜਸਟਿਨ ਟਰੂਡੋ ਦੀ ਅਗਵਾਈ ਹੇਠ ਨਵੀਂ ਸਰਕਾਰ ਗਠਨ ਕੀਤਾ ਗਿਆ। 44 ਵੀਂ ਨਵੀਂ ਪਾਰਲੀਮੈਂਟ 22 ਨਵੰਬਰ ਨੂੰ ਥਰੋਨ ਸਪੀਚ ਨਾਲ ਸ਼ੁਰੂ ਹੋਵੇਗੀ। ਨਵੇਂ ਚੁਣੇ ਗਏ 39 ਕੈਬਨਿਟ ਮੰਤਰੀਆਂ ਦਾ ਪੂਰਾ ਵੇਰਵਾ ਇਸ ਤਰਾਂ ਹੈ ਉਪ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ -ਕ੍ਰਿਸਟੀਆ ਫ੍ਰੀਲੈਂਡ ਟਰਾਂਸਪੋਰਟ ਮੰਤਰੀ - ਉਮਰ ਅਲਘਬਰਾ, ਰਾਸ਼ਟਰੀ ਰੱਖਿਆ ਮੰਤਰੀ - ਅਨੀਤਾ ਆਨੰਦ, ਮਾਨਸਿਕ ਸਿਹਤ ਅਤੇ ਨਸ਼ਾਖੋਰੀ ਮੰਤਰੀ ਅਤੇ ਸਿਹਤ ਮੰਤਰੀ - ਕੈਰੋਲਿਨ ਬੇਨੇਟ, ਖੇਤੀਬਾੜੀ ਅਤੇ ਖੇਤੀ-ਭੋਜਨ ਮੰਤਰੀ ਮੈਰੀ-ਕਲੌਡ ਬਿਬੇਉ, ਕਨੇਡਾ ਲਈ ਮਹਾਰਾਣੀ ਪ੍ਰੀਵੀ ਕੌਂਸਲ ਦੇ ਪ੍ਰਧਾਨ ਅਤੇ ਐਮਰਜੈਂਸੀ ਤਿਆਰੀ ਬਾਰੇ ਮੰਤਰੀ - ਬਿਲ ਬਲੇਅਰ,ਸੈਰ-ਸਪਾਟਾ ਮੰਤਰੀ ਅਤੇ ਵਿੱਤ ਮੰਤਰੀ - ਰੈਂਡੀ ਬੋਇਸੋਨੌਲਟ,ਨਵੀਨਤਾ, ਵਿਗਿਆਨ ਅਤੇ ਵਣਜ ਮੰਤਰੀ ਫ੍ਰੈਂਕੋਇਸ-ਫਿਲਿਪ ਸ਼ੈਂਪੇਨ ,ਸਿਹਤ ਮੰਤਰੀ ਜੀਨ-ਯਵੇਸ ਡਕਲੋਸ,ਪ੍ਰਧਾਨ, ਖਜ਼ਾਨਾ ਬੋਰਡ - ਮੋਨਾ ਫੋਰਟੀਅਰ ,ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਸਿਟੀਜ਼ਨਸ਼ਿਪ ਮੰਤਰੀ - ਸੀਨ ਫਰੇਜ਼ਰ,ਪਰਿਵਾਰ, ਬੱਚੇ ਅਤੇ ਸਮਾਜਿਕ ਵਿਕਾਸ ਮੰਤਰੀ - ਕਰੀਨਾ ਗੋਲਡ,ਵਾਤਾਵਰਣ ਅਤੇ ਜਲਵਾਯੂ ਪਰਿਵਰਤਨ ਮੰਤਰੀ - ਸਟੀਵਨ ਗਿਲਬੌਲਟ,ਸਵਦੇਸ਼ੀ ਸੇਵਾਵਾਂ ਦੇ ਮੰਤਰੀ - ਪੈਟੀ ਹਾਇਡੂ, ਹਾਊਸ ਆਫ ਕਾਮਨਜ਼ ਵਿੱਚ ਸਰਕਾਰ ਦੇ ਨੇਤਾ -ਮਾਰਕ ਹੌਲੈਂਡ, ਹਾਊਸਿੰਗ ਅਤੇ ਵਿਭਿੰਨਤਾ ਅਤੇ ਸਮਾਵੇਸ਼ ਮੰਤਰੀ - ਅਹਿਮਦ ਹੁਸੈਨ,ਪੇਂਡੂ ਆਰਥਿਕ ਵਿਕਾਸ ਮੰਤਰੀ - ਗੁਡੀ ਹਚਿੰਗਸ,ਮਹਿਲਾ, ਲਿੰਗ ਸਮਾਨਤਾ ਅਤੇ ਯੁਵਾ ਮੰਤਰੀ - ਮਾਰਸੀ ਆਈ,ਦੱਖਣੀ ਓਨਟਾਰੀਓ ਲਈ ਸੰਘੀ ਆਰਥਿਕ ਵਿਕਾਸ ਏਜੰਸੀ ਲਈ ਜ਼ਿੰਮੇਵਾਰ ਮੰਤਰੀ - ਹੈਲੇਨਾ ਜੈਕਜ਼ੇਕ, ਵਿਦੇਸ਼ ਮਾਮਲਿਆਂ ਦੀ ਮੰਤਰੀ - ਮੇਲਾਨੀ ਜੋਲੀ ,ਸੀਨੀਅਰਾਂ ਲਈ ਮੰਤਰੀ - ਕਮਲ ਖੇੜਾ,ਕੈਨੇਡਾ ਦੇ ਨਿਆਂ ਮੰਤਰੀ ਅਤੇ ਅਟਾਰਨੀ ਜਨਰਲ - ਡੇਵਿਡ ਲੈਮੇਟੀ,ਅੰਤਰ-ਸਰਕਾਰੀ ਮਾਮਲਿਆਂ, ਬੁਨਿਆਦੀ ਢਾਂਚੇ ਅਤੇ ਭਾਈਚਾਰਿਆਂ ਦੇ ਮੰਤਰੀ - ਡੋਮਿਨਿਕ ਲੇਬਲੈਂਕ,ਰਾਸ਼ਟਰੀ ਮਾਲੀਆ ਮੰਤਰੀ - ਡਾਇਨ ਲੇਬੂਥਿਲੀਅਰ,ਵੈਟਰਨਜ਼ ਅਫੇਅਰਜ਼ ਮੰਤਰੀ ਅਤੇ ਰਾਸ਼ਟਰੀ ਰੱਖਿਆ ਦੇ ਐਸੋਸੀਏਟ ਮੰਤਰੀ - ਲਾਰੈਂਸ ਮੈਕਆਲੇ,ਜਨ ਸੁਰੱਖਿਆ ਮੰਤਰੀ - ਮਾਰਕੋ ਮੇਂਡੀਸੀਨੋ,ਕ੍ਰਾਊਨ-ਇੰਡੀਜੀਨਸ ਰਿਲੇਸ਼ਨਜ਼ ਮੰਤਰੀ - ਮਾਰਕ ਮਿਲਰ, ਮੱਛੀ ਪਾਲਣ, ਸਮੁੰਦਰਾਂ ਅਤੇ ਕੈਨੇਡੀਅਨ ਕੋਸਟ ਗਾਰਡ ਦੇ ਮੰਤਰੀ - ਜੋਇਸ ਮਰੇ, ਅੰਤਰਰਾਸ਼ਟਰੀ ਵਪਾਰ, ਨਿਰਯਾਤ ਪ੍ਰਮੋਸ਼ਨ, ਛੋਟੇ ਕਾਰੋਬਾਰ ਅਤੇ ਆਰਥਿਕ ਵਿਕਾਸ ਮੰਤਰੀ - ਮੈਰੀ ਐਨ.ਜੀ, ਕਿਰਤ ਮੰਤਰੀ - ਸੀਮਸ ਓ ਰੀਗਨ ਜੂਨੀਅਰ,ਸਰਕਾਰੀ ਭਾਸ਼ਾਵਾਂ ਦੇ ਮੰਤਰੀ ਅਤੇ ਅਟਲਾਂਟਿਕ ਕੈਨੇਡਾ ਅਪਰਚਿਊਨਿਟੀਜ਼ ਏਜੰਸੀ ਲਈ ਜ਼ਿੰਮੇਵਾਰ ਮੰਤਰੀ - ਜਿਨੇਟ ਪੇਟੀਪਾਸ ਟੇਲਰ, ਰੋਜ਼ਗਾਰ, ਕਾਰਜਬਲ ਵਿਕਾਸ ਅਤੇ ਅਪੰਗਤਾ ਸਮਾਵੇਸ਼ ਮੰਤਰੀ - ਕਾਰਲਾ ਕੁਆਲਟਰੋ,ਕੈਨੇਡੀਅਨ ਹੈਰੀਟੇਜ ਅਤੇ ਕਿਊਬਿਕ ਦੇ ਮੰਤਰੀ ਲੈਫਟੀਨੈਂਟ - ਪਾਬਲੋ ਰੋਡਰਿਗਜ਼, ਅੰਤਰਰਾਸ਼ਟਰੀ ਵਿਕਾਸ ਮੰਤਰੀ ਅਤੇ ਕੈਨੇਡਾ ਦੀ ਪੈਸੀਫਿਕ ਇਕਨਾਮਿਕ ਡਿਵੈਲਪਮੈਂਟ ਏਜੰਸੀ ਲਈ ਜ਼ਿੰਮੇਵਾਰ ਮੰਤਰੀ - ਹਰਜੀਤ ਸੱਜਣ, ਖੇਡ ਮੰਤਰੀ ਅਤੇ ਕਿਊਬਿਕ ਦੇ ਖੇਤਰਾਂ ਲਈ ਕੈਨੇਡਾ ਦੀ ਆਰਥਿਕ ਵਿਕਾਸ ਏਜੰਸੀ ਲਈ ਜ਼ਿੰਮੇਵਾਰ ਮੰਤਰੀ- ਪਾਸਕੇਲ ਸੇਂਟ-ਓਜ,ਜਨਤਕ ਸੇਵਾਵਾਂ ਅਤੇ ਖਰੀਦ ਮੰਤਰੀ - ਫਿਲੋਮੇਨਾ ਟੈਸੀ,ਉੱਤਰੀ ਮਾਮਲਿਆਂ ਦੇ ਮੰਤਰੀ, ਕੈਨੇਡੀਅਨ ਉੱਤਰੀ ਆਰਥਿਕ ਵਿਕਾਸ ਏਜੰਸੀ ਲਈ ਜ਼ਿੰਮੇਵਾਰ ਮੰਤਰੀ - ਡੈਨ ਵੈਂਡਲ,ਕੁਦਰਤੀ ਸਰੋਤ ਮੰਤਰੀ - ਜੋਨਾਥਨ ਵਿਲਕਿਨਸੋ ਚੁਣੇ ਗਏ ਹਨ।ਕੈਲਗਰੀ ਵਾਸੀਆਂ ਨੂੰ ਇਸ ਮੰਤਰੀ ਮੰਡਲ ਵਿੱਚ ਪ੍ਰਤੀਨਿੱਧਤਾ ਨਹੀਂ ਮਿਲ ਸਕੀ ਜਿਸ ਦੀ ਪੂਰੀ ਸੰਭਾਵਨਾ ਸੀ ਪਰ ਕੈਲਗਰੀ ਸਕਾਈਵਿਊ ਤੋਂ ਚੁਣੇ ਗਏ ਮੈਂਬਰ ਪਾਰਲੀਮੈਂਟ ਜੌਰਜ ਚਾਹਲ ਆਪਣੇ ਚੋਣ ਪ੍ਰਚਾਰ ਦੌਰਾਨ ਵਿਵਾਦਾਂ ਵਿੱਚ ਘਿਰ ਗਏ ਸਨ ਜਿਸ ਕਾਰਣ ਉਹਨਾਂ ਨੂੰ ਮੰਤਰੀ ਮੰਡਲ ਵਿੱਚ ਕੋਈ ਕੁਰਸੀ ਨਸੀਬ ਨਹੀਂ ਹੋਈ।ਇਹ ਵੀ ਵਰਣਨਯੋਗ ਹੈ ਕਿ ਕਨੇਡਾ ਦੇ ਫੈਡਰਲ ਮੰਤਰੀ ਨੂੰ 1 ਲੱਖ 85 ਹਜਾਰ ਡਾਲਰ ਦੇ ਕਰੀਬ ਤਨਖਾਹ ਮਿਲਦੀ ਹੈ ਅਤੇ 88 ਹਜਾਰ ਡਾਲਰ ਦੇ ਕਰੀਬ ਹੋਰ ਭੱਤੇ ਮਿਲਦੇ ਹਨ। ਆਉਣ ਜਾਣ ਲਈ ਕਾਰ ਅਤੇ ਡਰਾਈਵਰ ਦੀ ਸਹੂਲਤ ਵੀ ਮਿਲਦੀ ਹੈ।

## ਜਹਾਨੋਂ ਤੁਰ ਗਏ ਬੇ ਘਰਿਆਂ ਦੀ ਯਾਦ ਵਿੱਚ ਕੈਲਗਰੀ ਵਿਖੇ ਯਾਦਗਰ ਬਣਾਈ ਗਈ ਐ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਦੂਨੀਆਂ ਉੱਪਰ ਜਹਾਨੋ ਤੁਰ ਗਏ ਲੋਕਾਂ ਦੀਆਂ ਯਾਦਗਾਰਾਂ ਦੁਨੀਆਂ ਵਿੱਚ ਰਹਿੰਦਿਆਂ ਉਹਨਾਂ ਦੇ ਕੰਮਾਂ ਕਾਰਾਂ, ਬਹਾਦਰੀ,ਖੋਜ ਕਾਰਜਾਂ ਜਿਹੇ ਕਾਰਜਾਂ ਕਰਕੇ ਬਣਾਈਆਂ ਜਾਂਦੀਆਂ ਹਨ ਪਰ ਕਈ ਯਾਦਗਾਰਾਂ ਅਜਿਹੀਆਂ ਵੀ ਬਣਦੀਆਂ ਜਿਹਨਾਂ ਵਿੱਚ ਮਨੁੱਖੀ ਹਮਦਰਦੀ ਡੁੱਲ ਡੁੱਲ ਪੈਂਦੀ ਹੈ। ਅਜਿਹੀ ਹੀ ਯਾਦਗਰ ਜੋ ਇਹਨੀ ਦਿਨੀ ਕੈਲਗਰੀ ਵਿੱਚ ਉਸਾਰੀ ਗਈ ਹੈ ਉਹ ਚਰਚਾ ਵਿੱਚ ਹੈ।ਬੇ ਘਰੇ ਹੋਣ ਦੀ ਸਮੱਸਿਆ ਹਰ ਸਹਿਰ ਹਰ ਮੁਲਕ ਦੀ ਹੈ ਜੋ ਕਿ ਧਰਤੀ ਉੱਪਰ ਮਨੁੱਖੀ ਵਸੇਵੇ ਦਾ ਦਰਦਨਾਕ ਪਹਿਲੂ ਹੈ। ਸ਼ਹਿਰ ਦੀਆਂ ਸੜਕਾਂ 'ਤੇ ਕੈਲਗਰੀ ਵਿੱਚ ਬੇਘਰੇ ਹੁੰਦਿਆਂ ਹੋਇਆਂ ਮਰ ਗਏ ਲੋਕਾਂ ਦੀ ਯਾਦ ਵਿੱਚ ਇਹ ਯਾਦਗਾਰ ਉਸਾਰੀ ਗਈ ਹੈ। ਇਸ ਅਨੋਖੀ ਯਾਦਗਰ ਵਿੱਚ ਇੱਕ ਬੈਕ ਪੈਕ ਬਣਾਇਆ ਗਿਆ ਹੈ ਜੋ ਕਿ ਤਾਂਬੇ ਦਾ ਬਣਿਆ ਹੋਇਆ ਹੈ।ਇਸ ਬੈਕ ਪੈਕ ਵਿੱਚ ਚਾਹ ਕੌਫੀ ਵਾਲਾ ਕੱਪ ਵੀ ਦਿਖਾਈ ਦਿੰਦਾ ਹੈ। ਇੱਕ ਲੱਕੜ ਦਾ ਬੈਂਚ ਬਣਾਇਆ ਗਿਆ ਹੈ ਇਹ ਆਮ ਤੌਰ ਤੇ ਮੰਨਿਆ ਜਾਂਦਾ ਕਿ ਬੇਘਰੇ ਲੋਕਾਂ ਦੀਆਂ ਰਾਤਾਂ ਇਹਨਾਂ ਸੜਕਾਂ ਉੱਪਰ ਲੱਗੇ ਬੈਂਚਾਂ ਉੱਪਰ ਹੀ ਅਕਸਰ ਗੁਜਰਦੀਆਂ ਹਨ ਅਤੇ ਇੱਥੇ ਹੀ ਉਹਨਾਂ ਦੀ ਜ਼ਿੰਦਗੀ ਦਾ ਅੰਤ ਹੋ ਜਾਂਦਾ ਹੈ। ਕੈਲਗਰੀ ਦੇ ਕੁੱਝ ਕਲਾਕਰਾਂ ਵੱਲੋਂ ਕੁੱਝ ਚਿੱਤਰ ਵੀ ਇਸ ਸਬੰਧੀ ਬਣਾਕੇ ਇੱਥੇ ਰੱਖੇ ਗਏ ਹਨ। 13 ਐਵਨਿਊ ਸਾਊਥ ਸਟਰੀਟ ਕੈਲਗਰੀ ਵਿਖੇ ਬਣਾਈ ਗਈ ਇਸ ਯਾਦਗਰ ਉੱਪਰ ਲੋਕ ਅਫਸੋਸ ਪ੍ਰਗਟ ਕਰਨ ਆ ਰਹੇ ਹਨ ਅਤੇ ਵਿੱਛੜ ਗਿਆਂ ਦੀ ਆਤਮਿਕ ਸਾਂਤੀ ਲਈ ਦੁਆਵਾਂ ਕੀਤੀਆਂ ਜਾ ਰਹੀਆਂ ਹਨ।



## ਯਾਰ ਪੁਰਾਣੇ ਈ ਚੰਗੇ




ਸਾਫ ਸੁਥਰੀ ਕਲਮ ਦੀ ਚੁੰਝ ਵਿੱਚੋਂ ਨਿਕਲਣ ਲਈ ਕੁੱਝ ਸ਼ਬਦ ਉਸਲਵੱਟੇ ਜਿਹੇ ਲੈ ਰਹੇ ਸੀ,ਉਹ ਇਸ ਕਰਕੇ ਕਿ ਇਹਨਾਂ ਸ਼ਬਦਾਂ ਨੇ ਜਦੋਂ ਗੀਤ ਦਾ ਰੂਪ ਧਾਰਨ ਕਰ ਲੈਣਾ ਐ ਤਾਂ ਉਹਨਾਂ ਦਾ ਹਾਲ ਵੀ ਮਾਂ ਦੇ ਪੇਟੋਂ ਜਾਏ ਮੋਏ ਬੱਚੇ ਵਰਗਾ ਈ ਹੋਵੇਗਾ ਕਿਉਂਕਿ ਅਜਿਹੇ ਗੀਤਾਂ ਨੂੰ ਗਾਉਣ ਵਾਲਾ ਲੱਭਣਾ ਔਖਾ ਐ। ਪਰ ਇਹਨਾਂ ਉਸਲਵੱਟੀਆਂ ਨੇ ਹੌਂਸਲੇ ਦਾ ਰੂਪ ਧਾਰਿਆ। ਦਵਿੰਦਰ ਬੈਨੀਪਾਲ ਦੇ ਹੱਥ ਵਿਚਲੀ ਕਲਮ ਕਾਗਜ ਉੱਪਰ ਚੱਲਣ ਲੱਗੀ । ਲਿਖ ਹੋਇਆ ਕਿ:

ਅੱਕ ਤੇ ਸੱਚ ਭਰਾਵੋ ਓਏ ਦੋਵੇਂ ਈ ਕੌੜੇ।
ਮੌਤ ਨਹੀਂ ਛੱਡਦੀ ਕਿਸੇ ਨੂੰ ਭਾਵੇਂ ਕਿੰਨਾ ਈ ਦੌੜੇ ।
ਦਿੱਲੀ ਕਤਲੇਆਮ ਸੀ ਨਹੀ ਸੀ ਉਹ ਦੰਗੇ—
ਚੀਜਾਂ ਨਵੀਆਂ ਚੰਗੀਆਂ ਯਾਰ ਪੁਰਾਣੇ ਈ ਚੰਗੇ——
ਜਿਹੜਾ ਚੁੱਲੇ ਵੱਲ ਨੂੰ ਝਾਕਦੈ ,ਉਹਨੂੰ ਘਰੋਂ ਨਾ ਵਾੜੋ।
ਕਿਸੇ ਸਾਹਮਣੇ ਕਦੇ ਵੀ ਧੀ ਪੁੱਤ ਨਾ ਤਾੜੋ।
ਅਹਿ ਗੱਲਾਂ ਨੇ ਵੱਡੀਆਂ ਤੇ ਵੱਡੇ ਈ ਪੰਗੇ
ਦਿੱਲੀ ਕਤਲੇਆਮ ਸੀ ਨਹੀ ਸੀ ਉਹ ਦੰਗੇ—

ਬੋਲ ਇੰਨੇ ਵਧੀਆ ਲਿਖੇ ਹੋਣ ਤਾਂ ਫਿਰ ਉਹਨਾਂ ਨੂੰ ਗਾਉਣ ਲਈ ਲੋਕ ਗਾਇਕ ਗਿੱਲ ਹਰਦੀਪ ਵਰਗਾ ਬੰਦਾ ਨਾਂਹ ਕਰ ਈ ਨਹੀਂ ਸਕਦਾ । ਹਾਂ ਹੋ ਗਈ । ਹੋ ਗਈ ਸੁਰੂ ਰਿਕਾਰਡਿੰਗ ਦੀ ਗੱਲ— ਨਿੰਮਾ ਵਿਰਕ ਦੀਆਂ ਸੰਗੀਤਕ ਛੋਹਾਂ ਅਤੇ ਗਿੱਲ ਹਰਦੀਪ ਦੀ ਬੁਲੰਦ ਆਵਾਜ਼ ਨੇ ਕੁਲਦੀਪ ਮਾਣਕ ਦੇ ਅਖਾੜਿਆ ਵਰਗੀ ਮਹਿਸੂਸੀਅਤ ਸੰਗੀਤ ਪਰੇਮੀਆਂ ਲਈ ਸਿਰਜ ਦਿੱਤੀ। ਅੱਜ ਕੱਲ ਵੀਡੀਓ ਦਾ ਜ਼ਮਾਨਾ ਐ ਭਾਈ ਫਿਰ ਇਹ ਵੀ ਕਰਨਾ ਪੈਣਾ ਈ ਸੀ । ਇਲਮੈਟਿਕ ਫਿਲਮਜ਼ ਵਾਲਿਆਂ ਨੇ ਜਮਾਂ ਈ ਕੋਕੇ ਜੜ ਦਿੱਤੇ । ਸਟਾਰ ਰੈਕਡੇਜ਼ ਦੇ ਬੈਨਰ ਹੇਠ ਸੰਧੂ ਅਤੇ ਸਰਾਂ ਦੀ ਮਾਰਗੇਜ ਵਾਲੀ ਜੋੜੀ ਦੇ ਸਹਿਯੋਗ ਨਾਲ ਤੁਹਾਡੇ ਲਈ ਹੁਣ ਜਮਾਂ ਤਿਆਰ ਬਰਤਿਆਰ ਹੋਕੇ— ਹੋਕਾ ਜਿਹਾ ਬਣ ਗਿਐ —ਕਿ ਚੀਜਾਂ ਨਵੀਆਂ ਚੰਗੀਆਂ ਯਾਰ ਪੁਰਾਣੇ ਈ ਚੰਗੇ—— ਕੁੱਝ ਚੰਗਾ ਸੁਣ ਦੇਖਣ ਨੂੰ ਦਿਲ ਕਰੇ ਤਾਂ ਗਿੱਲ ਹਰਦੀਪ ਦਾ ਇਹ ਗੀਤ ਜਰੂਰ ਸੁਣਿਓ ।

ਹਰਬੰਸ ਬੁੱਟਰ

SSSS
IMMIGRATION SERVICES
www.ssssimmigration.com
iccrc crcic
SERVICES
LMIA APPROVALS, EXPRESS ENTRY
INVESTOR & BUSINESS CLASS
SKILLED WORKER & FAMILY CLASS
STUDENT VISA & WORK PERMIT
PNP (ALL PROVINCES)
PR CARD & CITIZENSHIP
GREAT OPPORTUNITY
FOR STUDENTS
& POST GRADUATE
WORK PERMIT HOLDERS
HEAD OFFICE
Ph: 403 351 5355
Fax: 403 789 8222
116, 3770 Westwinds Dr NE Calgary AB T3J 5H3
info@ssssimmigration.com

SUPERVISA INSURANCE
RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE
Punjab Insurance Inc
"Your Local Insurance Advisor"
VISITOR INSURANCE
ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ
90 DAYS NEW IMMIGRANT INSURANCE
NAVDEEP JASWAL
Financial Advisor
403 909 4141

INDIA PALACE
Restaurant & Sweets
ਤੁਹਾਡੇ ਏਰੀਏ ਵਿੱਚ ਈਸਟ ਇੰਡੀਅਨ ਰੈਸਟੋਰੈਂਟ ਜਿੱਥੇ ਤੁਸੀਂ ਸਵਾਦੀ ਖਾਣੇ ਤਾਜੇ ਸਮੋਸੇ, ਗੋਲਗੱਪੇ, ਚਾਟ ਬਗੈਰਾ ਅਤੇ ਤਾਜ਼ੀਆਂ ਮਠਿਆਈਆਂ ਦੇ ਨਾਲ-ਨਾਲ ਮਸਾਲਾ-ਡੋਸਾ ਅਤੇ ਇਡਲੀ ਸਾਂਬਰ ਆਦਿ ਦਾ ਆਨੰਦ ਮਾਣ ਸਕਦੇ ਹੋ।
ਮੱਕੀ ਦੀ ਰੋਟੀ ਸਰੋਂ ਦਾ ਸਾਗ
We do Catering for all Occasions Call us for Advance Booking!
Lunch Special : 7 Days A Week
10% OFF for Catering only
Now We Open 7 Days a week
Ph : 403-285-3097
Cell : 403-870-3227
Bay #10, 5700, Falsbridge Dr. N.E Calgary, T3J 3H4

Punjabi Chulha ਪੰਜਾਬੀ ਚੁੱਲ੍ਹਾ
Restaurant & Sweet Shop
We Do Take-Out & Catering For All Events
ਫੋਨ ਆ ਗਿਆ ਕਿ ਘਰ ਪ੍ਰਾਹੁਣੇ ਆ ਰਹੇ ਨੇ ਐਵੇ ਨਾ ਡਰੋ !
"ਪੰਜਾਬੀ ਚੁੱਲੇ" ਦੇ ਖਾਣਿਆਂ ਨਾਲ ਮਹਿਮਾਨਾ ਦੀ ਆਓ ਭਗਤ ਕਰੋ !
ਦਿਲ ਚਾਹੇ ਉੱਥੇ ਬੈਠ ਕੇ ਖਾਓ-ਦਿਲ ਚਾਹੇ ਘਰ ਲੈ ਜਾਓ !
ਆਪਣੇ ਘਰ ਵੇਲਣੇ ਨੂੰ ਛੁੱਟੀ, ਬੱਸ ਵੇਲਣੇ ਦੀ ਥਾਂ ਫੋਨ ਘੁਮਾਓ !
83 Martindale Blvd NE Calgary, AB T3J 3M7
P: 403-453-9000 / C:403-477-5142
ਪੰਜਾਬੀ ਚੁੱਲ੍ਹਾ ਰੈਸਟੋਰੈਂਟ
ਕੈਲਗਰੀ ਸਕਾਈਵਿਊ ਦੇ ਰੈਡ ਸਟੋਨ ਏਰੀਆ ਵਿੱਚ ਖੁੱਲ ਗਿਆ ਹੈ।



## ਸੰਪਾਦਕੀ

ਉਹ ਚੀਜ਼ ਕਦੇ ਵੀ ਨਾ ਵੇਚੋ
ਜੋ ਖਰੀਦੀ ਨਹੀਂ ਜਾ ਸਕਦਾ

# ਮਾਨਸਿਕ ਸਿਹਤ ਦੀ ਚੁਣੌਤੀ

ਨੈਸ਼ਨਲ ਕਰਾਈਮ ਰਿਕਾਰਡ ਬਿਊਰੋ ਵਲੋਂ ਜਾਰੀ ਕੀਤੇ ਗਏ ਸਾਲ 2020 ਦੇ ਦੌਰਾਨ ਆਤਮ ਹੱਤਿਆਵਾਂ ਅਤੇ ਦੁਰਘਟਨਾਵਾਂ ਦੌਰਾਨ ਹੋਈਆਂ ਮੌਤਾਂ ਦੇ ਆਂਕੜੇ ਇਸ ਲਿਹਾਜ਼ ਨਾਲ ਅਹਿਮ ਵੀ ਹਨ ਕਿ ਪਹਿਲੀ ਵਾਰ ਇਨ੍ਹਾਂ ਤੋਂ ਕੋਰੋਨਾ ਦੇ ਆਮ ਲੋਕਾਂ ਦੇ ਜੀਵਨ ਅਤੇ ਖਾਸ ਤੌਰ 'ਤੇ ਉਨ੍ਹਾਂ ਦੇ ਦਿਲੋ-ਦਿਮਾਗ ਉਤੇ ਪਏ ਅਸਰ ਦੀ ਪੁਸ਼ਟੀ ਹੁੰਦੀ ਹੈ। ਕੋਰੋਨਾ ਮਹਾਂਮਾਰੀ ਅਤੇ ਲਾਕਡਾਊਨ ਨੇ ਆਮ ਜੀਵਨ ਨੂੰ ਜਿਸ ਤਰ੍ਹਾਂ ਤਹਿਸ-ਨਹਿਸ ਕਰ ਦਿੱਤਾ ਸੀ, ਉਸ ਨੂੰ ਦੇਖਦੇ ਹੋਏ ਇਹ ਆਮ ਧਾਰਨਾ ਸੀ ਕਿ ਕਮਜ਼ੋਰ ਦਿਲ-ਦਿਮਾਗ ਵਾਲੇ ਲੋਕਾਂ ਦੇ ਲਈ ਇਸ ਨੂੰ ਸਹਿਣ ਕਰਨਾ ਕਾਫੀ ਮੁਸ਼ਕਿਲ ਰਿਹਾ ਹੋਵੇਗਾ। ਐਨ ਸੀ ਆਰ ਬੀ ਦੇ ਤਾਜ਼ਾ ਆਂਕੜਿਆਂ ਤੋਂ ਪਤਾ ਲੱਗਦਾ ਹੈ ਕਿ ਆਤਮ ਹੱਤਿਆ ਦੇ ਮਾਮਲੇ ਵਿੱਚ 2019 ਦੇ ਮੁਕਾਬਲੇ ਇਸ ਸਾਲ 10 ਫੀਸਦੀ ਵਾਧਾ ਹੋਇਆ ਹੈ। 2020 ਵਿੱਚ ਆਤਮ ਹੱਤਿਆ ਦੇ ਕੁਲ 153053 ਮੌਤਾਂ ਹੋਈਆਂ ਸਨ, ਜੋ 1967 ਦੇ ਬਾਅਦ ਸਭ ਤੋਂ ਜ਼ਿਆਦਾ ਹਨ। ਆਤਮ ਹੱਤਿਆ ਕਰਨ ਵਾਲੇ ਇਨ੍ਹਾਂ ਲੋਕਾਂ ਵਿੱਚ ਸਭ ਤੋਂ ਜ਼ਿਆਦਾ ਗਿਣਤੀ (24.6 ਫੀਸਦੀ) ਦਿਹਾੜੀ ਉਤੇ ਕੰਮ ਕਰਨ ਵਾਲਿਆਂ ਦੀ ਹੈ। ਲਾਕਡਾਊਨ ਦਾ ਸਭ ਤੋਂ ਮਾਰਕ ਪ੍ਰਭਾਵ ਇਨ੍ਹਾਂ ਲੋਕਾਂ ਦੀ ਰੋਜ਼ੀ-ਰੋਟੀ ਉਤੇ ਪਿਆ। ਪਰ ਜੇਕਰ ਪਿਛਲੇ ਸਾਲ ਦੇ ਮੁਕਾਬਲੇ ਵਾਧੇ ਦੀ ਪ੍ਰਤੀਸ਼ਤ ਦੇਖੀ ਜਾਵੇ ਤਾਂ ਸਭ ਤੋਂ ਜ਼ਿਆਦਾ ਪ੍ਰਭਾਵਿਤ ਤਬਕੇ ਦੇ ਰੂਪ ਵਿੱਚ ਉਭਰਦੇ ਹਨ ਵਿਦਿਆਰਥੀ। ਆਮ ਤੌਰ 'ਤੇ ਹਰ ਸਾਲ ਖ਼ੁਦਕੁਸ਼ੀ ਕਰਨ ਵਾਲਿਆਂ ਵਿੱਚ ਵਿਦਿਆਰਥੀ 7-8 ਫੀਸਦੀ ਹੁੰਦੇ ਹਨ, ਪਰ ਸਾਲ 2020 ਵਿੱਚ ਇਨ੍ਹਾਂ ਦੀ ਪ੍ਰਤੀਸ਼ਤਤਾ 21.2 ਫੀਸਦੀ ਦਰਜ ਕੀਤੀ ਗਈ ਹੈ। ਅਸਲ ਵਿੱਚ ਲਾਕਡਾਊਨ ਦੇ ਕਾਰਨ ਜਿਸ ਤਰ੍ਹਾਂ ਨਾਲ ਅਚਾਨਕ ਸਾਰੇ ਸਕੂਲ ਕਾਲਜ ਬੰਦ ਕਰ ਦਿੱਤੇ ਗਏ, ਉਸ ਦਾ ਬੱਚਿਆਂ ਉਤੇ ਜਬਰਦਸਤ ਅਸਰ ਪਿਆ। ਨਾ ਸਿਰਫ ਉਨ੍ਹਾਂ ਦੀ ਪੜ੍ਹਾਈ ਪ੍ਰਭਾਵਿਤ ਹੋਈ ਬਲਕਿ ਸਕੂਲ-ਕਾਲਜ ਦਾ ਮਾਹੌਲ ਵੀ ਛੁੱਟ ਗਿਆ, ਦੋਸਤਾਂ ਨਾਲ ਮਿਲਣਾ-ਜੁਲਣਾ ਬੰਦ ਹੋ ਗਿਆ ਅਤੇ ਉਨ੍ਹਾਂ ਦਾ ਪੂਰਾ ਜੀਵਨ ਘਰ ਦੀ ਚਾਰ ਦੀਵਾਰੀ ਤੱਕ ਸਿਮਟ ਕੇ ਰਹਿ ਗਿਆ। 68 ਦਿਨ ਲੰਬੇ ਲਾਕਡਾਊਨ ਦੇ ਬਾਅਦ ਜੀਵਨ ਦੇ ਹੋਰ ਖੇਤਰ ਹੌਲੀ-ਹੌਲੀ ਖੁੱਲ੍ਹਣਾ ਸ਼ੁਰੂ ਵੀ ਹੋਏ, ਪਰ ਸਕੂਲ ਕਾਲਜ ਬੰਦ ਹੀ ਰਹੇ। ਇਸ ਦੌਰਾਨ ਆਨ ਲਾਈਨ ਕਲਾਸ ਦੇ ਜ਼ਰੀਏ ਪੜ੍ਹਾਈ ਦਾ ਸਿਲਸਿਲਾ ਸ਼ੁਰੂ ਵੀ ਹੋਇਆ ਤਾਂ ਉਨ੍ਹਾਂ ਬੱਚਿਆ ਦੀ ਹਤਾਸ਼ਾ ਹੋਰ ਵਧ ਗਈ ਜਿਨ੍ਹਾਂ ਦੀ ਡਿਜੀਟਲ ਉਪਕਰਨਾਂ ਤੱਕ ਪਹੁੰਚ ਨਹੀਂ ਸੀ ਅਤੇ ਅਜਿਹੇ ਵਿਦਿਆਰਥੀਆਂ ਦੀ ਗਿਣਤੀ ਘਟ ਨਹੀਂ ਸੀ। ਸਿੱਖਿਆ ਮੰਤਰਾਲੇ ਦੇ ਆਂਕੜਿਆਂ ਮੁਤਾਬਿਕ ਦੇਸ਼ ਵਿੱਚ 2.9 ਕਰੋੜ ਵਿਦਿਆਰਥੀ ਸਮਾਰਟਫੋਨ, ਕੰਪਿਊਟਰ ਆਦਿ ਉਪਕਰਨਾਂ ਤੱਕ ਪਹੁੰਚ ਨਾ ਹੋਣ ਦੇ ਚਲਦਿਆਂ ਪੜ੍ਹਾਈ ਦੀ ਵਿਵਸਥਾ ਤੋਂ ਕਟ ਗਏ ਸਨ। ਉਂਝ ਇਨ੍ਹਾਂ ਸਭ ਦੇ ਦੌਰਾਨ ਹੀ ਲਾਕਡਾਊਨ ਦਾ ਇਕ ਉਸਾਰੂ ਪਹਿਲੂ ਇਹ ਰਿਹਾ ਕਿ ਸਾਲ 2020 ਵਿੱਚ ਸੜਕ ਹਾਦਸਿਆਂ ਨਾਲ ਹੋਣ ਵਾਲੀਆਂ ਮੌਤਾਂ ਦਾ ਆਂਕੜਾ ਕਾਫੀ ਹੇਠਾ ਆਇਆ। ਇਸ ਸਾਲ ਸੜਕ ਹਾਦਸਿਆਂ ਵਿੱਚ ਕੁਲ 374397 ਮੌਤਾਂ ਹੋਈਆਂ, ਜੋ 2019 ਦੇ ਮੁਕਾਬਲੇ 11.1 ਫੀਸਦੀ ਘਟ ਹਨ। ਕੁਲ ਮਿਲਾ ਕੇ ਦੇਖਿਆ ਜਾਵੇ ਤਾਂ ਇਹ ਆਂਕੜੇ ਇਕ ਅਜਿਹੀ ਚੁਣੌਤੀ ਤੋਂ ਗੁਜਰਨ ਦੇ ਨਿਸ਼ਾਨ ਬਿਆਨ ਕਰਦੇ ਹਨ ਜਿਸ ਦਾ ਸਾਨੂੰ ਪਹਿਲਾਂ ਤੋਂ ਹੀ ਅੰਦਾਜ਼ਾ ਨਹੀਂ ਸੀ ਅਤੇ ਜਿਸ ਤੋਂ ਅਸੀਂ ਹਾਲੇ ਵੀ ਪੂਰੀ ਤਰ੍ਹਾਂ ਮੁਕਤ ਨਹੀਂ ਹੋ ਸਕ। ਫਿਲਹਾਲ ਇਨ੍ਹਾਂ ਆਂਕੜਿਆਂ ਦੀ ਰੋਸ਼ਨੀ ਵਿੱਚ ਨੀਤੀਆਂ ਦੀ ਕਾਂਟ-ਛਾਂਟ ਕਰ ਕੇ ਜ਼ਿਆਦਾ ਸਹੀ, ਜ਼ਿਆਦਾ ਸਟੀਕ ਬਣਾਉਣ ਦਾ ਕੰਮ ਬਿਹਤਰ ਢੰਗ ਨਾਲ ਹੋ ਸਕਦਾ ਹੈ।


ਸੁਖਜਿੰਦਰ ਸਮਰਾ
ਮੋ. 95835-92000

403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.
-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ੍ਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ। – ਸੰਪਾਦਕ

# ਤਾਲੋਂ-ਬੇਤਾਲ ਤੂਤਨੀ ਵਜਾ ਰਹੇ ਪੰਜਾਬ ਦੇ ਸਿਆਸਤਦਾਨ



ਗੁਰਮੀਤ ਸਿੰਘ ਪਲਾਹੀ

ਮਸਲਾ ਭਾਵੇਂ ਗੁਲਾਬੀ ਸੁੰਡੀ ਦਾ ਹੋਵੇ, ਜਾਂ ਮੀਂਹ ਕਾਰਨ ਬਰਬਾਦ ਫ਼ਸਲਾਂ ਦਾ, ਭਾਵੇਂ ਵੱਧ ਰਹੇ ਡੀਜ਼ਲ-ਪੈਟਰੋਲ ਦੇ ਭਾਅ ਦਾ ਜਾਂ ਫਿਰ ਟੈਂਕੀਆਂ ਤੇ ਚੜ੍ਹੇ ਬੇਰੁਜ਼ਗਾਰਾਂ ਦਾ। ਇਹਨਾ ਅਸਲ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਭਟਕਾਅ ਕੇ ਪਾਕਿਸਤਾਨੀ ਬੀਬੀ ਆਰੂਸਾ ਆਲਮ ਦੀਆਂ ਤਸਵੀਰਾਂ, ਛਾਪ, ਛਪਵਾ ਰਹੇ ਹਨ ਸਾਡੇ ਸਿਆਣੇ ਸਿਆਸਤਦਾਨ ਅਤੇ ਉਹਨਾ ਦੀਆਂ ਸਿਆਸਤਦਾਨ ਬੀਵੀਆਂ। ਸੂਬੇ ਦਾ ਉਪ ਮੁੱਖ ਮੰਤਰੀ ਅਰੂਸਾ ਦੇ ਪਾਕਿਸਤਾਨੀ ਏਜੰਸੀ ਆਈ ਐਸ ਆਈ ਨਾਲ ਸਬੰਧਾਂ ਦੀ ਜਾਂਚ ਮੰਗਦਾ ਹੈ। ਸੂਬੇ ਦੇ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਬੀਵੀ ਮੈਡਮ ਸਿੱਧੂ ਆਖਦੀ ਹੈ ਕਿ ÷ਕੈਪਟਨ ਸਾਹਿਬ ਬਾਕੀ ਜੀਵਨ ਹੁਣ ਅਰੂਸਾ ਕੋਲ ਹੀ ਕੱਟਣ... ਬਗੈਰਾ ਬਗੈਰਾ÷।

ਸਮਝ ਨਹੀਂ ਲੱਗਦੀ ਆਖ਼ਿਰ ਪੰਜਾਬ ਦੇ ਵਜ਼ੀਰਾਂ, ਸਲਾਹਕਾਰਾਂ, ਸਿਆਸਤਦਾਨਾਂ ਨੂੰ ਕੀ ਹੋ ਗਿਆ ਹੈ। ਪੰਜਾਬ ਦਾ ਸਿਆਸਤਦਾਨ ਪੰਜਾਬ ਦੇ ਮਸਲੇ ਹੱਲ ਕਰਨ ਦੀ ਗੱਲ ਨਹੀਂ ਕਰਦਾ, ਅਰੂਸਾ ਦੇ ਮਾਮਲੇ ਨੂੰ ਬਿਨ੍ਹਾਂ ਵਜ੍ਹਾਹ ਲੋਕਾਂ ਸਾਹਮਣੇ ਚਟਕਾਰੇ ਲਾਕੇ ਪੇਸ਼ ਕਰ ਰਿਹਾ ਹੈ, ਭਾਰਤ ਦੇ ਗੋਦੀ ਮੀਡੀਆ ਵਾਂਗਰ ਪੰਜਾਬ ਦਾ ਸਿਆਸਤਦਾਨ।

ਇਹ ਚੰਗੀ ਗੱਲ ਹੈ ਕਿ ਨਵੇਂ ਮੁੱਖ ਮੰਤਰੀ ਪੰਜਾਬ,ਚਰਨਜੀਤ ਸਿੰਘ ਚੰਨੀ ਨੇ ਬੀ.ਐਸ.ਐਫ. ਨੂੰ ਪੰਜਾਬ 'ਚ ਵੱਧ ਅਧਿਕਾਰ ਦੇਣ ਦੇ ਮੁੱਦੇ ਖਿਲਾਫ਼ ਸਰਬ ਪਾਰਟੀ ਮੀਟਿੰਗ 'ਚ ਕੇਂਦਰ ਨੂੰ ਨੋਟੀਫੀਕੇਸ਼ਨ ਵਾਪਿਸ ਲੈਣ ਲਈ ਅਪੀਲ ਕਰਨ ਅਤੇ ਵਿਧਾਨ ਸਭਾ ਦਾ ਇਜਲਾਸ ਸੱਦਣ ਦਾ ਫ਼ੈਸਲਾ ਲਿਆ ਹੈ। ਕੇਂਦਰ ਸਰਕਾਰ ਨੇ ਸਰਹੱਦੀ ਸੁਰੱਖਿਆ ਬਲਾਂ ਦਾ ਅਧਿਕਾਰ ਖੇਤਰ ਕੰਟਰੋਲ ਰੇਖਾ ਤੋਂ 15 ਕਿਲੋਮੀਟਰ ਤੋਂ ਵਧਾਕੇ 50 ਕਿਲੋਮੀਟਰ ਕਰ ਦਿੱਤਾ ਗਿਆ ਹੈ। ਭਾਜਪਾ ਤੋਂ ਬਿਨ੍ਹਾਂ ਬਾਕੀ ਸਾਰੀਆਂ ਪਾਰਟੀਆਂ ਨੇ ਮਹਿਸੂਸ ਕੀਤਾ ਕਿ ਗੈਰਕਨੂੰਨੀ ਤਸਕਰੀ ਰੋਕਣ ਦੇ ਨਾਅ ਤੇ ਬੀ.ਐਸ.ਐਫ. ਨੂੰ ਟੇਢੇ ਢੰਗ ਨਾਲ ਕੇਂਦਰ ਵਲੋਂ ਪੰਜਾਬ ਚੋਣਾਂ ਜਿੱਤਣ ਲਈ ਅਤੇ ਪੰਜਾਬ ਦਾ ਸ਼ਾਂਤਮਈ ਮਾਹੌਲ ਭੈਅ-ਭੀਤ ਕਰਨ ਲਈ ਵਰਤਣਾ ਸਿੱਧਾ ਪੰਜਾਬ ਦੇ ਲੋਕਾਂ ਦੀਆਂ ਲੋਕਤੰਤਰਿਕ ਤਾਕਤਾਂ ਦਾ ਅਪਮਾਨ ਹੈ। ਪਰ ਹੈਰਾਨੀ ਦੀ ਗੱਲ ਹੈ ਕਿ ਇਸ ਪਲੇਟਫਾਰਮ ਉਤੇ ਕਿਸੇ ਵੀ ਸਿਆਸੀ ਧਿਰ ਨੇ ਚੰਡੀਗੜ੍ਹ ਪੰਜਾਬ ਨੂੰ ਦੇਣ ਜਾਂ ਪੰਜਾਬੋਂ ਬਾਹਰ ਰਹਿ ਗਏ ਇਲਾਕੇ ਪੰਜਾਬ 'ਚ ਸ਼ਾਮਲ ਕਰਨ,ਦਰਿਆਈ ਪਾਣੀਆਂ ਦੇ ਮਸਲੇ ਬਾਰੇ ਕੋਈ ਗੱਲ ਨਹੀਂ ਕੀਤੀ।ਹੁਣ ਸੁਨਣ ਵਿੱਚ ਤਾਂ ਇਹ ਵੀ ਆ ਰਿਹਾ ਹੈ ਕਿ ਬੀ.ਐਸ.ਐਫ ਮਾਮਲੇ 'ਤੇ ਸਹਿਮਤੀ ਵਾਲੇ ਮਤੇ ਉਤੇ ਦਸਤਖ਼ਤ ਕਰਕੇ ਵੀ ਕੁਝ ਪਾਰਟੀਆਂ ਦੇ ਨੇਤਾ ਰੰਗ-ਬਰੰਗੀ, ਭਾਂਤ-ਸੁਭਾਂਤੀ ਬੋਲੀ ਬੋਲਣ ਲੱਗ ਪਏ ਹਨ।

ਕੇਂਦਰ ਨਿੱਤ ਦਿਹਾੜੇ ਪੰਜਾਬ ਨੂੰ ਕੋਈ ਨਾ ਕੋਈ ਨੁਕਸਾਨ ਪਹੁੰਚਾਉਣ ਵਾਲੇ ਅੱਥਰੇ ਕੰਮ ਕਰ ਰਿਹਾ ਹੈ। ਤਿੰਨ ਕਾਲੇ ਖੇਤੀ ਕਾਨੂੰਨਾਂ ਨੇ ਪੰਜਾਬੀਆਂ ਦਾ ਨਾਸ ਕਰ ਦਿੱਤਾ ਹੈ ਅਤੇ ਪੰਜਾਬ ਦੀ ਹੋਂਦ ਨੂੰ ਖ਼ਤਰਾ ਪੈਦਾ ਕਰ ਦਿੱਤਾ ਹੈ। ਬਿਨ੍ਹਾਂ ਸ਼ੱਕ ਪੰਜਾਬ ਦੀਆਂ ਲਗਭਗ ਸਾਰੀਆਂ ਪਾਰਟੀਆਂ ਭਾਜਪਾ ਨੂੰ ਛੱਡਕੇ ਇਹਨਾ ਕਾਲੇ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੀਆਂ ਹਨ। ਪਰ ਪੰਜਾਬ ਦੇ ਇਸ ਮਸਲੇ ਨੂੰ ਬਹੁਤੀਆਂ ਸਿਆਸੀ ਧਿਰਾਂ ਮਨੋਂ ਨਹੀਂ ਮੰਨ ਰਹੀਆਂ, ਸਗੋਂ ਮਜ਼ਬੂਰੀ ਬੱਸ, ਕਿਸਾਨ ਵੋਟਰ ਖੁਸ ਜਾਣ ਦੇ ਡਰੋਂ ਹਮਾਇਤ ਕਰ ਰਹੀਆਂ ਹਨ। ਇਸੇ ਕਰਕੇ ਕਿਸਾਨਾਂ ਵਲੋਂ ਉਹਨਾ ਦੀਆਂ ਵਕਤੋਂ ਪਹਿਲਾਂ ਚੋਣ ਸਰਗਰਮੀਆਂ ਦਾ ਵਿਰੋਧ ਹੋ ਰਿਹਾ ਹੈ।

ਪੰਜਾਬ ਅਤੇ ਪੰਜਾਬੀਆਂ ਲਈ ਇੱਕ ਹੋਰ ਧੱਕੇ ਵਾਲੀ ਗੱਲ ਕੇਂਦਰ ਸਰਕਾਰ ਨੇ ਕੀਤੀ ਹੈ। ਇੱਕ ਦੇਸ਼, ਇੱਕ ਭਾਜਪਾ, ਇੱਕ ਧਰਮ ਦੀ ਨੀਤੀ ਨੂੰ ਧੜੱਲੇ ਨਾਲ ਦੇਸ਼ ਵਿੱਚ ਲਾਗੂ ਕੀਤਾ ਜਾ ਰਿਹਾ ਹੈ। ਮਿਸਾਲ ਵਜੋਂ ਸੀ.ਬੀ.ਐਸ.ਈ.ਵਲੋਂ ਦੇਸ਼ ਭਰ ਵਿੱਚ ਪੜ੍ਹਾਏ ਜਾਂਦੇ ਵਿਸ਼ਿਆਂ ਨੂੰ ਦੋ ਭਾਗ ਵਿੱਚ ਵੰਡਿਆ ਜਾਣਾ ਹੈ। ਪੰਜਾਬੀ ਨੂੰ ਸੀ.ਬੀ.ਐਸ.ਈ. ਪ੍ਰੀਖਿਆਵਾਂ ਲਈ ਵਾਧੂ ਵਿਸ਼ਾ ਬਣਾ ਦਿੱਤਾ ਗਿਆ ਹੈ। ਇਹ ਘੱਟ ਗਿਣਤੀਆਂ ਅਤੇ ਵਿਚਾਰਕ ਵਿਖਰੇਵਾ ਰੱਖਣ ਵਾਲੀਆਂ ਧਿਰਾਂ ਨੂੰ ਨਿਸ਼ਾਨਾ ਬਣਾਕੇ ਉਹਨਾ ਦੇ ਅਧਿਕਾਰ ਨੂੰ ਗਾਹੇ-ਵਗਾਹੇ ਘਟਾਉਣ ਦਾ ਯਤਨ ਹੈ। ਹਿੰਦੀ ਨੂੰ ਚੋਣਵੇਂ ਵਿਸ਼ੇ ਵਜੋਂ ਸਥਾਨ ਦੇਣਾ ਅਤੇ ਖੇਤਰੀ ਭਾਸ਼ਾਵਾਂ ਨੂੰ ਨੀਵਾਂ ਦਿਖਾਕੇ ਕਰੋੜਾਂ ਲੋਕਾਂ ਦੀਆਂ ਭਾਵਨਾਵਾਂ ਨਾਲ ਵੱਡਾ ਖਿਲਵਾੜ ਕੀਤਾ ਹੈ। ਪਰ ਪੰਜਾਬ ਦੇ ਸਿਆਸਤਦਾਨ ਇਸ ਗੱਲੋਂ ਅਵੇਸਲੇ ਹਨ। ਸਿਰਫ਼ ਦੋ ਚਾਰ ਹਰਫੀ ਬਿਆਨ ਦਾਗਕੇ ਆਪਣੇ ਆਪ ਨੂੰ ਸੁਰਖ਼ਰੂ ਹੋ ਗਿਆ ਸਮਝਦੇ ਹਨ।

ਪੰਜਾਬੀ ਪੰਜਾਬ ਅਤੇ ਪੰਜਾਬੀਅਤ ਦੀ ਅਲੰਬਰਦਾਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਜੋ ਖੇਤਰੀ ਤੇ ਕਿਸਾਨੀ ਪਾਰਟੀ ਹੋਣ ਦਾ ਦਾਅਵਾ ਕਰਦੀ ਹੈ, ਕੀ ਉਹ ਪੰਜਾਬ ਦੇ ਦਰਿਆਈ ਪਾਣੀਆਂ, ਚੰਡੀਗੜ੍ਹ ਪੰਜਾਬ ਨੂੰ ਦੇਣ, ਬੇਰੁਜ਼ਗਾਰੀ ਅਤੇ ਡੀਜ਼ਲ-ਪੈਟਰੋਲ @ਚ ਵਾਧੇ ਦੇ ਮੁੱਦਿਆਂ ਨੂੰ ਲੈ ਕੇ ਵੱਡਾ ਸੰਘਰਸ਼ ਨਹੀਂ ਵਿੱਢ ਸਕਦੀ? ਕੀ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦੇ ਨੁਮਾਇੰਦੇ ਜਦੋਂ ਇੱਕ ਪਲੇਟਫਾਰਮ ਉਤੇ ਇਕੱਠੇ ਹੁੰਦੇ ਹਨ, ਕੀ ਉਹ ਪੰਜਾਬ ਦੇ ਮੁੱਦਿਆਂ, ਮਸਲਿਆਂ ਨੂੰ ਵਿਚਾਰ ਕੇ ਇੱਕ ਨੀਤੀ ਤਹਿਤ ਅੱਗੇ ਨਹੀਂ ਤੋਰ ਸਕਦੇ? ਸੂਬਿਆਂ ਨੂੰ ਵਧ ਅਧਿਕਾਰ ਦੇਣ ਅਤੇ ਖੋਹੇ ਹੋਏ ਸੂਬਿਆਂ ਦੇ ਅਧਿਕਾਰ ਵਾਪਸ ਲੈਣ ਉਤੇ ਕੀ ਕੇਂਦਰ ਨਾਲ ਟੱਕਰ ਸਾਂਝੇ ਤੌਰ @ਤੇ ਨਹੀਂ ਲਈ ਜਾ ਸਕਦੀ ?ਸਭ ਤੋਂ ਵੱਡਾ ਮੁੱਦਾ ਤਾਂ ਤਿੰਨ ਕਾਲੇ ਕਾਨੂੰਨ ਪਾਸ ਕਰਨਾ ਹੈ, ਜੋ ਸੂਬਿਆਂ ਦੇ ਅਧਿਕਾਰਾਂ ਦਾ ਮਾਮਲਾ ਹੈ। ਉਹੀ ਪਾਰਟੀ ਅਕਾਲੀ ਦਲ, ਜਿਹੜੀ ਕਦੇ ਅਨੰਦਪੁਰ ਸਾਹਿਬ ਦਾ ਮਤਾ ਪਾਸ ਕਰਦੀ ਸੀ, ਸੂਬਿਆਂ ਦੀ ਖ਼ੁਦਮੁਖਤਾਰੀ ਦੀ ਗੱਲ ਕਰਦੀ ਸੀ, ਤਿੰਨੋਂ ਕਾਲੇ ਕਾਨੂੰਨ ਪਾਸ ਕਰਨ ਵੇਲੇ ਇਸਦਾ ਹਿੱਸਾ ਬਨਣ ਵੇਲੇ ਭੁੱਲ ਗਈ ਕਿ ਇਹ ਸੂਬਿਆਂ ਦੇ ਅਧਿਕਾਰਾਂ ਉਤੇ ਛਾਪਾ ਹੈ। ਚਲੋ, ਕਿਸਾਨਾਂ ਦੇ ਵਿਰੋਧ ਕਾਰਨ ਕਿਸਾਨਾਂ ਦੀ ਇਸ ਪਾਰਟੀ ਨੂੰ ਕੇਂਦਰ ਦਾ ਸਾਥ ਛੱਡਣਾ ਪਿਆ, ਪਰ ਹਾਲੇ ਵੀ ਦਿਲੋਂ-ਮਨੋਂ ਉਹ ਕਿਸਾਨਾਂ ਦੇ ਨਾਲ ਖੜੀ ਦਿਖਾਈ ਨਹੀਂ ਦਿੰਦੀ।

ਇਹੋ ਹਾਲ ਆਮ ਆਦਮੀ ਪਾਰਟੀ ਦਾ ਹੈ, ਜਿਸਦਾ ਇਕੋ ਇੱਕ ਨਿਸ਼ਾਨਾ ਪੰਜਾਬ ਦੀ ਰਾਜ ਗੱਦੀ ਹਥਿਆਉਣਾ ਹੈ। ਰਾਜ ਗੱਦੀ ਹਥਿਆਉਣ ਲਈ ਉਹਨਾ ਵਲੋਂ ਲੋਕ ਰਿਆਇਤਾਂ ਦੀ ਰਾਜਨੀਤੀ ਕਰਦਿਆਂ, ਵੱਖੋ-ਵੱਖਰੇ ਵਰਗ ਦੇ ਲੋਕਾਂ ਲਈ ਬਿਜਲੀ ਪਾਣੀ ਮੁਫ਼ਤ ਦੇ ਐਲਾਨ ਕੀਤੇ ਜਾ ਰਹੇ ਹਨ। ਵਪਾਰੀਆਂ, ਹੋਰ ਵਰਗਾਂ ਨੂੰ ਸਹੂਲਤਾਂ ਐਲਾਨੀਆਂ ਜਾਂਦੀਆਂ ਹਨ। ਰਾਸ਼ਟਰੀ ਨੇਤਾ ਕੇਜਰੀਵਾਲ ਦੀ ਪੰਜਾਬ ਫੇਰੀ ਰਿਆਇਤਾਂ ਦਾ ਪਰਾਗਾ ਐਲਾਨਣ ਲਈ ਕੀਤੀ ਜਾਂਦੀ ਹੈ ਜਾਂ ਹੋਰ ਪਾਰਟੀਆਂ ਦੇ ਨੇਤਾਵਾਂ ਨੂੰ ਆਪਣੇ ਦਲ 'ਚ ਸ਼ਾਮਲ ਕਰਨ ਲਈ ਯਤਨ ਹੋ ਰਹੇ ਹੁੰਦੇ ਹਨ। ਪਰ ਬੇਰੁਜ਼ਗਾਰੀ ਬਾਰੇ ਉਹ ਕੀ ਕਹਿੰਦੇ ਹਨ? ਨੌਜਵਾਨਾਂ ਦੇ ਪੰਜਾਬੋਂ ਪ੍ਰਵਾਸ ਨੂੰ ਉਹ ਕਿਵੇਂ ਵੇਖਦੇ ਹਨ? ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ, ਪੰਜਾਬ ਦੇ ਪਾਣੀਆਂ ਅਤੇ ਕੇਂਦਰ ਦੇ ਸੂਬਿਆਂ ਦੇ ਅਧਿਕਾਰ ਖੋਹੇ ਜਾਣ ਬਾਰੇ ਉਹਨਾ ਦੀ ਕੀ ਰਾਇ ਹੈ, ਇਸ ਬਾਰੇ ਉਹ ਗੱਲ ਨਹੀਂ ਕਰਦੇ।

ਕਾਂਗਰਸ ਸਰਕਾਰ ਰਿਆਇਤਾਂ ਦੇ ਗੱਫੇ ਲੋਕਾਂ ਨੂੰ ਦੇ ਰਹੀ ਹੈ। ਬਿਜਲੀ ਦੇ ਬਿੱਲ, ਮੁਆਫ਼, ਪਾਣੀ ਦੇ ਬਿੱਲ ਮੁਆਫ਼ ਮੁਲਾਜ਼ਮਾਂ ਲਈ ਸਹੂਲਤਾਂ। ਪਰ ਕਿਸਾਨ ਮਸਲਿਆਂ ਦੇ ਹੱਲ, ਬੇਅਦਬੀ ਵਾਲੇ ਮੁਆਮਲੇ, ਬੇਰੁਜ਼ਗਾਰੀ ਦਾ ਮੁੱਦਾ ਉਹਨਾ ਦੀ ਲਿਸਟ ਵਿਚ ਕਿਧਰੇ ਦਿਖਾਈ ਨਹੀਂ ਦਿੰਦਾ, ਸਿਵਾਏ ਕੁਝ ਬਿਆਨਾਂ ਦੇ। ਰਿਆਇਤਾਂ ਨਾਲ ਕਾਂਗਰਸ ਲੋਕਾਂ ਨੂੰ ਆਪਣੇ ਪਾਸੇ ਕਰਕੇ ਅਗਲੀਆਂ ਵਿਧਾਨ ਸਭਾ ਚੋਣਾਂ ਜਿੱਤਣ ਲਈ ਵਾਹ ਲਾ ਰਹੀ ਹੈ। ਇਸ ਵੇਲੇ ਤਾਲੋਂ-ਬੇਤਾਲ ਹੋਇਆ ਪੰਜਾਬ ਦਾ ਸਿਆਸਤਦਾਨ ਅਮਰਿੰਦਰ ਸਿੰਘ, ਨਵੀਂ ਪਾਰਟੀ ਬਨਾਉਣ ਦੇ ਰਾਹ ਹੈ। ਕਾਂਗਰਸੋਂ ਰੁਸਿਆਂ ਨੂੰ ਆਪਣੇ ਨਾਲ ਲੈ ਕੇ, ਭਾਜਪਾ ਨਾਲ ਸਾਂਝਾਂ ਪਾਕੇ ਉਹ ਆਪਣੇ ਆਪ ਨੂੰ ਇੱਕ ਖੇਤਰੀ ਨੇਤਾ ਅਖਵਾਉਣ ਦੇ ਰਾਹ ਤੁਰਿਆ ਹੈ। ਉਹਦਾ ਨਿਸ਼ਾਨਾ ਜਿਥੇ ਕਿਸਾਨਾਂ ਦੇ ਦੇਸ਼-ਵਿਆਪੀ ਕੁਰਬਾਨੀਆਂ ਭਰੇ ਘੋਲ ਨੂੰ ਆਪਣਾ ਸਿਆਸਤ ਦਾ ਮੋਹਰਾ ਬਨਾਉਣਾ ਹੈ, ਉਥੇ ਕੇਂਦਰ ਦੀ ਰਾਸ਼ਟਰ ਸੰਘੀ-ਭਾਜਪਾ ਸਰਕਾਰ ਦੇ ਪੱਖ ਵਿੱਚ ਲੁਕਣ ਮੀਟੀ ਖੇਡਣਾ ਵੀ ਹੈ। ਤਿੰਨ ਧੜਿਆਂ @ਚ ਵੰਡੀ ਪੰਜਾਬ ਕਾਂਗਰਸ ਦਾ ਪੰਜਾਬੋਂ ਖੁਰਾ-ਖੋਜ ਮਿਟਾਉਣਾ ਹੀ ਉਹਦਾ ਇੱਕ ਮਾਤਰ ਨਿਸ਼ਾਨਾ ਜਾਪਦਾ ਹੈ।ਇਹੋ ਨਿਸ਼ਾਨਾ ਮੋਦੀ ਦੀ ਭਾਜਪਾ ਸਰਕਾਰ ਦਾ ਕਾਂਗਰਸ ਮੁਕਤ ਭਾਰਤ ਹੈ। ਪੰਜਾਬ ਦੇ ਪਾਣੀਆਂ ਦੀ ਰਾਖੀ ਕਰਨ ਦੇ ਯਤਨਾਂ ਵਾਲਾ, ਕਿਸਾਨਾਂ ਦੇ ਹੱਕ 'ਚ ਕਥਿਤ ਤੌਰ 'ਤੇ ਖੜਨ ਵਾਲਾ ਕੈਪਟਨ ਅਮਰਿੰਦਰ ਸਿੰਘ ਇਸ ਵੇਲੇ 'ਅੌਝੜੇ ਰਾਹਾਂ ਦਾ ਰਾਹੀ' ਬਣਦਾ ਜਾ ਰਿਹਾ ਹੈ।

ਪੰਜਾਬ ਦੇ ਵੱਡੀ ਗਿਣਤੀ ਸਿਆਸਤਦਾਨ ਜਿਥੇ ਆਪਣੀ ਕੁਰਸੀ ਸੁਰੱਖਿਅਤ ਵੇਖਦੇ ਹਨ, ਉਸੇ ਜਹਾਜ਼ੇ (ਪਾਰਟੀ) 'ਚ ਜਾ ਚੜ੍ਹਦੇ ਹਨ। ਪਾਰਟੀਆਂ ਦੇ ਵੱਡੇ ਨੇਤਾ ਦੂਜੀ ਪਾਰਟੀ ਦੇ ਇਹਨਾ ਰੁਸਿਆਂ ਨੂੰ ਆਪਣੇ ਨਾਲ ਕਰਕੇ ਲਾਹੇ ਲੈਂਦੇ ਹਨ। ਜਾਂ ਫਿਰ ਇਹੋ ਜਿਹੇ ਸਿਆਸੀ ਗੱਠਜੋੜ ਬਣਾਉਂਦੇ ਹਨ, ਜਿਹੜੇ ਕੁਰਸੀ ਪ੍ਰਾਪਤੀ ਦੀ ਮੰਜ਼ਿਲ ਹੋਣ। ਅਕਾਲੀ-ਭਾਜਪਾ ਦਾ ਬੇਜੋੜ ਗੱਠਜੋੜ ਟੁੱਟਿਆ ਤਾਂ ਹੁਣ ਅਕਾਲੀ-ਬਸਪਾ ਦਾ ਬੇਜੋੜ ਗੱਠਜੋੜ ਹੋ ਗਿਆ। ਪੰਜਾਬ @ਚ ਇਹ ਗੱਠਜੋੜ ਕਿੰਨਾ ਸਮਾਂ ਚੱਲੇਗਾ? ਇਹ ਗੱਠਜੋੜ ਕਿਹੜੇ ਮੁੱਦਿਆਂ @ਤੇ ਹੋਇਆ? ਪੰਜਾਬੀ ਕੀ ਇਸ ਗੱਠਜੋੜ ਨੂੰ ਪ੍ਰਵਾਨ ਕਰਨਗੇ? ਕੀ ਪੰਜਾਬੀ ਅਮਰਿੰਦਰ ਸਿੰਘ ਦੇ ਨਵੀਂ ਪਾਰਟੀ ਬਨਾਉਣ ਦੇ ਪੈਂਤੜੇ ਨੂੰ ਚੰਗਾ ਸਮਝਣਗੇ, ਜਿਸਦਾ ਮਨੋਰਥ ਸਿਰਫ਼ ਤੇ ਸਿਰਫ਼ ਸਿਆਸੀ ਬਦਲਾ ਖੋਰੀ ਹੈ।

ਸਿਆਸੀ ਬਦਲਾਖੋਰੀ ਦਾ ਸਿਆਸਤ ਪੰਜਾਬ @ਚ ਲੰਮਾ ਸਮਾਂ ਚਲਦੀ ਰਹੀ ਹੈ। ਕਾਂਗਰਸੀ ਕਾਟੋ ਕਲੇਸ਼ ਇਸਦੀ ਉਦਾਹਰਨ ਹੈ, ਸਿੱਧੂ ਨੂੰ ਸਾਹਮਣੇ ਲਿਆ ਕੇ ਅਮਰਿੰਦਰ ਸਿੰਘ ਦਾ ਬਿਸਤਰਾ ਗੋਲ ਕਰਨਾ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵਲੋਂ ਸਿੱਧੂ ਦਾ ਵਿਰੋਧ ਤੇ ਸਿੱਧੂ ਵਲੋਂ ਚੰਨੀ ਦਾ ਵਿਰੋਧ, ਆਖ਼ਰ ਕਿਹੜੀ ਸਿਆਸਤ ਹੈ।ਕਿਹੜੇ ਮੁੱਦਿਆਂ ਤੇ ਲੋਕ ਸੇਵਾ ਹੋ ਰਹੀ ਹੈ? ਕਿਹੜੇ ਮੁੱਦਿਆਂ ਤੇ ਜ਼ਿੱਦੀ ਵਤੀਰਾ ਅਪਨਾਇਆ ਜਾ ਰਿਹਾ ਹੈ।

ਸ਼੍ਰੋਮਣੀ ਅਕਾਲੀ ਦਲ (ਬ) @ਚ ਬਦਲਾਖੋਰੀ ਦੀ ਸਿਆਸਤ ਕਾਰਨ, ਬਹੁਤੀ ਦੂਰ ਨਾ ਵੀ ਜਾਈਏ ਤਾਂ, ਜੱਥੇਦਾਰ ਜਗਦੇਵ ਸਿੰਘ, ਗੁਰਚਰਨ ਸਿੰਘ ਟੌਹੜਾ, ਕੁਲਦੀਪ ਸਿੰਘ ਵਡਾਲਾ ਇਸਦਾ ਸ਼ਿਕਾਰ ਹੋਏ। ਸੁਖਦੇਵ ਸਿੰਘ ਢੀਂਡਸਾ, ਰਣਜੀਤ ਸਿੰਘ ਬ੍ਰਹਮਪੁਰਾ, ਸੇਵਾ ਸਿੰਘ ਸੇਖਵਾਂ ਬਦਲੇ ਦੀ ਭੱਠੀ @ਚ ਪਾ ਦਿੱਤੇ ਗਏ। ਹਾਲ ਹੁਣ ਵੀ ਇਸ ਦਲ ਦਾ ਇਹੋ ਜਿਹਾ ਹੈ, ਜਿਹੜਾ ਅਗਲੀ ਸਰਕਾਰ ਪੰਜਾਬ @ਚ ਬਨਾਉਣ ਦਾ ਦਾਅਵੇਦਾਰ ਹੈ। ਉਹਨਾ ਨੇਤਾਵਾਂ ਨੂੰ ਹੀ ਟਿਕਟਾਂ ਦਿੱਤੀਆਂ ਜਾ ਰਹੀਆਂ ਹਨ, ਜਿਹੜੇ ਜਾਂ ਤਾਂ ਸੁਖਬੀਰ ਸਿੰਘ ਬਾਦਲ ਦੇ ਵਫਾਦਾਰ ਹਨ, ਜਾਂ ਵਫ਼ਾਦਰੀ ਦਿਖਾਉਣ ਲਈ ਕਾਂਗਰਸ ਜਾਂ ਹੋਰ ਪਾਰਟੀਆਂ 'ਚੋਂ ਆ ਰਹੇ ਹਨ। ਪੁਰਾਣੇ ਨੇਤਾਵਾਂ ਨੂੰ ਖੂੰਜੇ ਲਾਇਆ ਜਾ ਰਿਹਾ ਹੈ।

ਸਿਆਸੀ ਬਦਲਾ ਖੋਰੀ ਨੇ ਤਾਂ ਆਮ ਆਦਮੀ ਪਾਰਟੀ ਦੇ ਪੰਜਾਬ ਦੀ ਤਾਕਤ ਹਥਿਆਉਣ ਦੇ ਮਨਸੂਬੇ ਚਕਨਾ ਚੂਰ ਕਰ ਦਿੱਤੇ ਸਨ, ਜਦੋਂ ਸੁਖਪਾਲ ਸਿੰਘ ਖਹਿਰਾ, ਸੁੱਚਾ ਸਿੰਘ ਛੋਟੇਪੁਰ, ਕੰਵਰ ਸੰਧੂ ਵਰਗੇ 'ਆਪ ਪੰਜਾਬ' ਦੇ ਨੇਤਾਵਾਂ ਨੂੰ ਨੁਕਰੇ ਲਗਾ ਦਿੱਤਾ ਗਿਆ ਸੀ।

ਗੱਲ ਕੀ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਦੇ ਨੇਤਾ ÷ਕੁਰਸੀ ਯੁੱਧ÷ ਦਾ ਹਿੱਸਾ ਬਣਾਕੇ, ਉਸ ਪੰਜਾਬ ਦੀ ਬਿਹਤਰੀ ਦੇ ਮੁੱਦਿਆਂ ਨੂੰ ਛਿੱਕੇ ਟੰਗੀ ਬੈਠੇ ਹਨ, ਜਿਹੜਾ ਪੰਜਾਬ ਪਾਣੀ ਤੋਂ ਪਿਆਸਾ ਹੋ ਰਿਹਾ ਹੈ, ਜਿਹੜਾ ਪੰਜਾਬ ਕੇਂਦਰੀ ਸਿਆਸਤ ਦੀ ਬਦਲੇਖੋਰੀ ਦਾ ਸ਼ਿਕਾਰ ਹੋ ਰਿਹਾ ਹੈ, ਜਿਸਦੀ ਹੋਂਦ ਹਾਕਮਾਂ ਖਤਰੇ @ਚ ਪਾਈ ਹੋਈ ਹੈ। ਜਿਹੜਾ ਪੰਜਾਬ ਬੇਰੁਜ਼ਗਾਰੀ ਦਾ ਭੰਨਿਆ ਪਿਆ ਹੈ, ਜਿਹੜਾ ਪੰਜਾਬ ਆਪਣੀ ਜੁਆਨੀ ਮਜ਼ਬੂਰਨ ਬਾਹਰਲੇ ਮੁਲਕਾਂ ਹੱਥ ਫੜਾ ਰਿਹਾ ਹੈ ਅਤੇ ਜਿਹੜਾ ਪੰਜਾਬ ਦੇ ਲੋਕਾਂ ਨੂੰ ਪੰਜਾਬ ਦੇ ਸਿਆਸਤਦਾਨ ÷ਮੰਗ ਖਾਣੇ÷ ਬਨਾਉਣ ਦੇ ਰਾਹ ਤੁਰੇ ਹੋਏ ਹਨ।

ਸਵਾਰਥੀ ਰਾਜਨੀਤੀ ਨੇ ਪੰਜਾਬ ਦਾ ਨਾਸ ਮਾਰ ਦਿੱਤਾ ਹੈ। ਕੁਝ ਸੂਝਵਾਨ ਲੋਕ ਇਸ ਸਵਾਰਥੀ ਰਾਜਨੀਤੀ ਤੋਂ ਪਿੱਛਾ ਛੁਡਾਉਣ ਲਈ ਮੁੱਦਿਆਂ ਅਧਾਰਤ ਸਿਆਸਤ ਕਰਨ ਦੇ ਰਾਹ ਤੁਰੇ ਹਨ, ਸੱਚੀ-ਸੁੱਚੀ ਸਿਆਸਤ ਦੀ ਅਲੱਖ ਜਗਾ ਰਹੇ ਹਨ, ਪਰ ਕੁਝ ਚਤਰ-ਚਲਾਕ ਲੋਕ, ਜਾਤ, ਧਰਮ ਦੇ ਨਾਮ ਉਤੇ ਸਿਆਸੀ ਪਾਰਟੀਆਂ ਦਾ ਗਠਨ ਕਰਕੇ ਪੰਜਾਬ ਦੇ ਲੋਕਾਂ ਨੂੰ ਭੰਬਲਭੂਸੇ 'ਚ ਪਾ ਰਹੇ ਹਨ। ਰੋਮ-ਰੋਮ ਕਰਜ਼ਾਈ ਹੋ ਚੁੱਕੇ ਪੰਜਾਬ ਨੂੰ ਬਚਾਉਣ ਲਈ 'ਸ਼ੈਤਾਨ ਭੁੱਖੇ ਸਿਆਸੀ ਚੌਧਰੀਆਂ' ਦੀ ਨਹੀਂ ਇਮਾਨਦਾਰ ਲੋਕ ਸੇਵਕਾਂ ਦੀ ਲੋੜ ਹੈ। ਪੰਜਾਬ ਦੇ ਇਹ ਸਿਆਸਤਦਾਨ ਤਾਂ ਲੋਕਾਂ ਵਿਚੋਂ ਆਪਣਾ ਭਰੋਸਾ ਹੀ ਗੁਆ ਚੁੱਕੇ ਹਨ।

# ਦਿੱਲੀ ਦੰਗਿਆਂ ਦੇ ਸੱਲ ਅਜੇ ਵੀ ਹਰੇ



- ਦਰਸ਼ਨ ਸਿੰਘ ਹਰਵਿੰਦਰ

31 ਅਕਤੂਬਰ 1984 ਨੂੰ 'ਬੜਾ ਪੇੜ' ਡਿੱਗਣ ਦੇ ਨਾਲ ਹੀ ਦਿੱਲੀ ਝੰਜੋੜ ਕੇ ਰੱਖ ਦਿੱਤੀ ਗਈ। ਉਸੇ ਦਿਨ ਤੋਂ ਤਿੰਨ ਦਿਨਾਂ ਲਈ ਦਹਿਲੀ ਦਿੱਲੀ ਦੀ ਇਸ ਵਾਰ 37ਵੀਂ ਬਰਸੀ ਹੈ। ਦਹਿਲੀ ਦਿੱਲੀ ਜਦ ਸੜ ਰਹੀ ਸੀ ਤਾਂ ਹਕੂਮਤ-ਏ-ਹਿੰਦ 'ਸੌਂ' ਰਹੀ ਸੀ, 'ਬੰਸਰੀ ਵਜਾਉਂਦੇ ਨੀਰੋ ਦੀ ਤਰ੍ਹਾਂ ਆਪਣੇ ਜਲ ਰਹੇ ਰੋਮ ਤੋਂ ਪੂਰੀ ਤਰ੍ਹਾਂ ਬੇਖ਼ਬਰ।' ਇਹ ਵੀ ਕੈਸਾ ਇਤਫ਼ਾਕ ਹੈ ਕਿ ਹਿੰਦੁਸਤਾਨ ਦੇ ਸਿੱਖ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਰਾਜੀਵ ਗਾਂਧੀ ਨੂੰ ਮੁਲਕ ਦਾ ਪ੍ਰਧਾਨ ਮੰਤਰੀ ਬਣਾਉਣ ਦੀ ਜਦ ਤਾਜਪੋਸ਼ੀ ਕਰ ਰਹੇ ਸਨ ਤਦ ਰਾਸ਼ਟਰਪਤੀ ਭਵਨ ਤੋਂ ਬਾਹਰ ਦਿੱਲੀ ਵਿਚ ਸਿੱਖਾਂ ਨੂੰ ਬੇਰਹਿਮੀ ਨਾਲ 'ਸਬਕ' ਸਿਖਾਇਆ ਜਾ ਰਿਹਾ ਸੀ। ਰੋਜ਼ਾ-ਏ-ਕਿਆਮਤ ਦੀ ਪਹਿਲੀ ਰਾਤ ਦਾ ਆਗਾਜ਼ ਹੋ ਚੁੱਕਾ ਸੀ।

ਹਿੰਦੁਸਤਾਨ ਦਾ ਨਵਾਂ ਹੁਕਮਰਾਨ ਬਣਨ ਲਈ ਸੰਨ 2014 ਦੇ ਸ਼ੁਰੂ ਵਿਚ ਹੋਏ ਲੋਕ ਸਭਾ 'ਯੁੱਧ' ਵਿਚ ਜਜ਼ਬਾਤੀ ਤਕਰੀਰਾਂ ਦਾ ਸਹਾਰਾ ਲੈਂਦੇ ਹੋਏ ਰਾਹੁਲ ਗਾਂਧੀ ਦੁਆਰਾ ਛੱਡੇ ਗਏ ਅਗਨ-ਬਾਣ 'ਦਾਦੀ ਕੀ ਹੱਤਿਆ ਕੇ ਬਾਅਦ ਮੁਝੇ ਪਤਾ ਚਲਾ ਕਿ....' ਨੂੰ ਕੱਟਣ ਲਈ ਨਰੇਂਦਰ ਮੋਦੀ ਦੇ 'ਬ੍ਰਹਮ ਅਸਤਰ' ਉਹ (ਰਾਹੁਲ) ਆਪਣੀ ਦਾਦੀ ਦੇ ਕਤਲ 'ਤੇ ਤਾਂ ਚੀਖ ਰਿਹਾ ਹੈ ਪਰ ਕਦੇ ਉਸ ਨੇ '84 ਦੇ ਕਤਲੇਆਮ 'ਚ ਮਾਰੇ ਗਏ ਬੇਗੁਨਾਹਾਂ ਲਈ ਹੰਝੂ ਵਹਾਏ ਹਨ? ਦਾ ਅਸਰ ਇੰਨਾ ਤੇਜ਼ ਹੋਇਆ ਕਿ ਅਜੇ ਤਕ ਕਾਂਗਰਸ ਵੱਲੋਂ ਇਸ ਦਾ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਆਇਆ ਹੈ।ਸਗੋਂ ਇਸ 'ਬ੍ਰਹਮ ਅਸਤਰ' ਦੇ ਸਹਾਰੇ ਕਈ ਸਿੱਖ ਨੇਤਾ ਵੀ ਪਹਿਲਾਂ ਤੋਂ ਜ਼ਿਆਦਾ ਤਾਕਤਵਰ ਵਿਖਾਈ ਦਿੱਤੇ। ਇਹ ਇਕ ਕੌੜਾ ਸੱਚ ਹੈ ਕਿ ਸੰਨ 1984 ਦੀ 31 ਅਕਤੂਬਰ ਦੀ ਸ਼ਾਮ ਤੋਂ 3 ਨਵੰਬਰ ਤਕ ਸਿੱਖਾਂ ਦੇ ਵਹਿਸ਼ੀ ਸ਼ਿਕਾਰ ਦੀ ਆਜ਼ਾਦੀ ਕੁਝ ਲੋਕਾਂ ਨੂੰ ਜ਼ਰੂਰ ਮਿਲੀ ਹੋਈ ਸੀ।ਇਸ ਚਾਰ ਰੋਜ਼ਾ 'ਆਜ਼ਾਦੀ' ਜਿਸ ਦੇ ਤਾਂਡਵ ਨੇ ਦੇਸ਼ ਦੇ ਮੱਥੇ 'ਤੇ ਕਲੰਕ ਲਗਾ ਦਿੱਤਾ ਸੀ, ਨੂੰ ਹਿੰਦੁਸਤਾਨ ਦੇ ਇਤਿਹਾਸ ਵਿਚ ਕਾਲੇ ਪੰਨਿਆਂ 'ਤੇ ਲਿਖਿਆ ਜਾਵੇਗਾ। ਇਸ ਮਹਾਤਾਂਡਵ ਨੇ ਉਸ ਕੌਮ ਨੂੰ ਬੇਗਾਨਗੀ ਅਤੇ ਅਲਹਿਦਗੀ ਦਾ ਅਹਿਸਾਸ ਕਰਵਾਉਣਾ ਸ਼ੁਰੂ ਕਰ ਦਿੱਤਾ ਜਿਸ ਨੇ ਆਜ਼ਾਦੀ ਸੰਗਰਾਮ ਵਿਚ ਆਪਣੇ ਪ੍ਰਾਣਾਂ ਦੀਆਂ ਆਹੂਤੀਆਂ ਦੇ ਕੇ ਸਭ ਤੋਂ ਵੱਧ ਯੋਗਦਾਨ ਪਾਇਆ ਸੀ।ਦੁਖਦ ਤਾਂ ਇਹ ਹੈ ਕਿ ਉਦੋਂ ਤੋਂ ਲੈ ਕੇ ਹੁਣ ਤਕ 37ਵੀਂ ਬਰਸੀ ਤਕ ਇਸ ਚਾਰ ਰੋਜ਼ਾ 'ਆਜ਼ਾਦੀ' ਨੂੰ 'ਦੰਗਾ' ਪ੍ਰਚਾਰਿਤ ਕੀਤਾ ਜਾਂਦਾ ਆ ਰਿਹਾ ਹੈ ਜਦੋਂਕਿ ਹਕੀਕਤ ਵਿਚ ਇਹ ਸ਼ਰੇਆਮ ਸਿੱਖ ਵਿਰੋਧੀ ਕਤਲੇਆਮ ਸੀ ਜਿਸ ਨੇ ਦੁਨੀਆ ਭਰ ਦੇ ਲੋਕਾਂ 'ਚ ਤਹਿਲਕਾ ਮਚਾਉਂਦੇ ਹੋਏ ਦੇਸ਼ ਦੀ ਰਾਜਧਾਨੀ ਦੇ ਅੰਦਰ ਸਿੱਖ ਵਿਧਵਾਵਾਂ ਦੀ ਵੱਖਰੀ ਕਾਲੋਨੀ ਹੀ ਵਸਾ ਕੇ ਰੱਖ ਦਿੱਤੀ। ਸਿਤਮ ਇਹ ਕਿ ਦੁਨੀਆ ਵਿਚ ਕਿਤੇ ਵੀ ਅਜਿਹੀ ਮਿਸਾਲ ਨਹੀਂ ਮਿਲਦੀ ਜਿੱਥੇ ਵਿਧਵਾ ਕਾਲੋਨੀ ਵਜੂਦ ਵਿਚ ਆਈ ਹੋਵੇ।

ਦੰਗਾਈਆਂ ਦੀ ਭੂਤਰੀ ਭੀੜ ਨੇ ਸੰਗਠਿਤ ਰੂਪ ਵਿਚ ਸਿੱਖਾਂ ਦੇ ਘਰਾਂ ਦੀ ਨਿਸ਼ਾਨਦੇਹੀ ਕਰ ਕੇ ਉਨ੍ਹਾਂ ਨੂੰ ਲੁੱਟਿਆ ਤੇ ਆਪਣੀ ਦਹਿਸ਼ਤ, ਵਹਿਸ਼ਤ ਅਤੇ ਹੈਵਾਨੀਅਤ ਦਾ ਨਿਸ਼ਾਨਾ ਬਣਾਇਆ।ਬੱਚਿਆਂ ਤੇ ਬਜ਼ੁਰਗਾਂ ਨੂੰ ਵੀ ਨਾ ਬਖ਼ਸ਼ਿਆ ਗਿਆ।ਧੀਆਂ-ਭੈਣਾਂ ਦੀ ਚਿੱਟੇ ਦਿਨ ਬੇਪੱਤੀ ਹੋਈ।'ਵਿਧਵਾਵਾਂ ਦੀ ਕਾਲੋਨੀ' ਕਹਿੰਦੇ ਹੋਏ ਇਕ ਪੱਥਰ ਦਿਲ ਇਨਸਾਨ ਦਾ ਵੀ ਦਿਲ ਕੰਬ ਉੱਠਦਾ ਹੈ। ਉਸ ਦਾ ਮਾਹੌਲ ਵੇਖ ਕੇ, ਇਨ੍ਹਾਂ ਪੀੜਿਤ ਪਰਿਵਾਰਾਂ ਦਾ ਦੁੱਖ ਸੁਣ ਕੇ ਦਿਲ ਦਹਿਲਦਾ ਹੈ ਅਤੇ ਅੰਦਰੋਂ ਇਕ ਹੂਕ ਜਿਹੀ ਉੱਠਦੀ ਹੈ ਕਿ ਦੇਸ਼ ਦੀ ਆਨ ਅਤੇ ਸ਼ਾਨ ਦੀ ਖ਼ਾਤਰ ਸਭ ਤੋਂ ਜ਼ਿਆਦਾ ਯੋਗਦਾਨ ਪਾਉਣ ਤੇ ਕੁਰਬਾਨੀ ਦੇਣ ਵਾਲੀ ਇਸ ਕੌਮ ਜਿਸ ਦੇ ਹਜ਼ਾਰਾਂ ਪਰਿਵਾਰ ਅਨਾਥ ਹੋ ਗਏ, ਬੱਚੇ ਯਤੀਮ ਹੋ ਗਏ, ਸੁਹਾਗਣਾਂ ਦੇ ਸੁਹਾਗ ਲੁੱਟੇ ਗਏ ਪਰ ਉਹੀ ਸਿੱਖ ਕੌਮ, ਜਿਸ ਨੇ ਅਰਬਾਂ ਰੁਪਏ ਖ਼ਰਚ ਕੇ ਆਪਣੇ ਗੁਰੂ ਸਾਹਿਬਾਨ ਦੀਆਂ ਆਲੀਸ਼ਾਨ ਯਾਦਗਾਰਾਂ ਸਥਾਪਿਤ ਕੀਤੀਆਂ ਹੋਣ, ਨੇ ਇਨ੍ਹਾਂ ਪੀੜਤ ਪਰਿਵਾਰਾਂ ਨਾਲ ਮਹਿਜ਼ ਹਮਦਰਦੀ ਜ਼ਾਹਰ ਕਰਨ, ਪਿਛਲੇ 36 ਸਾਲਾਂ ਤੋਂ ਉਨ੍ਹਾਂ ਨੂੰ ਸਨਮਾਨਯੋਗ ਰਹਿਣ ਲਈ ਸਿਵਾਏ ਹੇਜ ਜਤਾਉਣ ਦੇ ਤਸੱਲੀਬਖ਼ਸ਼ ਕੁਝ ਨਹੀਂ ਕੀਤਾ।



ਸੰਨ 1984 ਦੇ ਇਸ ਸ਼ਰਮਨਾਕ ਕਾਂਡ ਜਿਸ ਨੇ ਭਾਰਤ ਦੇ ਲੋਕਤੰਤਰੀ ਚਿਹਰੇ ਉੱਤੇ ਕਾਲਿਖ ਪੋਤ ਦਿੱਤੀ ਸੀ, ਕੋਈ ਮਾਮੂਲੀ ਘਟਨਾ ਨਹੀਂ ਸੀ। ਹਜ਼ਾਰਾਂ ਸਿੱਖਾਂ ਦੇ ਵਹਿਸ਼ੀ ਕਤਲੇਆਮ, ਲੁੱਟਮਾਰ, ਅੱਗਜ਼ਨੀ ਅਤੇ ਜਬਰ-ਜਨਾਹ ਦੀਆਂ ਘਟਨਾਵਾਂ ਨੇ ਦੁਨੀਆ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਉਸ ਦੇ ਬਾਅਦ ਵੱਖ-ਵੱਖ ਪਾਰਟੀਆਂ ਹਕੂਮਤਾਂ 'ਚ ਆਈਆਂ ਤੇ ਆ ਕੇ ਚਲੀਆਂ ਗਈਆਂ, ਪਰ ਕਿਸੇ ਨੇ ਵੀ ਇਨ੍ਹਾਂ ਸਿੱਖ ਕਤਲੇਆਮ ਦੇ ਪੀੜਤਾਂ ਦੇ ਦੁਖੀ ਪਰਿਵਾਰਾਂ ਦੇ ਅੱਲੇ ਜ਼ਖ਼ਮਾਂ 'ਤੇ ਮਰਹਮ ਲਗਾਉਣ ਦਾ ਕਸ਼ਟ ਨਹੀਂ ਕੀਤਾ।

ਇਕੱਤੀ ਅਕਤੂਬਰ 1984 ਨੂੰ ਹਿੰਦੁਸਤਾਨ ਦੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ, ਜਿਨ੍ਹਾਂ ਦੇ ਘਿਨੌਣੇ ਕਤਲ ਤੋਂ ਬਾਅਦ ਇਹ ਵਹਿਸ਼ੀ ਸਿੱਖ ਕਤਲੇਆਮ ਹੋਇਆ, ਦੇ ਪੁੱਤਰ ਰਾਜੀਵ ਗਾਂਧੀ ਨੇ ਤਾਂ ਪ੍ਰਧਾਨ ਮੰਤਰੀ ਬਣ ਕੇ ਦੇਸ਼ ਦੀ ਵਾਗਡੋਰ ਸੰਭਾਲਦੇ ਹੀ ਐਲਾਨ ਕਰ ਦਿੱਤਾ ਸੀ, "ਜਦੋਂ ਵੱਡਾ ਦਰਖ਼ਤ ਡਿੱਗਦਾ ਹੈ ਤਾਂ ਧਰਤੀ ਹਿੱਲਦੀ ਹੀ ਹੈ।"...ਤੇ ਇਹ ਧਰਤੀ ਇੰਨੀ 'ਹਿੱਲੀ' ਕਿ ਸਿੱਖ ਕਤਲੇਆਮ ਦਾ ਭੂਚਾਲ ਹੀ ਆ ਗਿਆ। ਵਕਤ ਵੱਡੇ-ਵੱਡੇ ਜ਼ਖ਼ਮਾਂ ਨੂੰ ਭਰ ਦਿੰਦਾ ਹੈ ਪਰ ਕਈ ਲਾਇਲਾਜ ਜ਼ਖ਼ਮ ਅਜਿਹੇ ਵੀ ਹੁੰਦੇ ਹਨ ਜੋ ਹਮੇਸ਼ਾ ਹਰੇ ਰਹਿੰਦੇ ਹਨ।ਇਨ੍ਹਾਂ ਜ਼ਖ਼ਮਾਂ ਦਾ ਦਰਦ ਤਦ ਹੋਰ ਵੀ ਤਿੱਖੀ ਚੀਸ ਬਣ ਜਾਂਦਾ ਹੈ ਜਦੋਂ ਉਨ੍ਹਾਂ ਉੱਤੇ ਮਰਹਮ ਲਗਾਉਣ ਦੀ ਬਜਾਏ ਲੂਣ ਲੱਗਦਾ ਰਹੇ, ਕਿਸੇ ਵੀ ਤਰਫ਼ੋਂ ਇਨਸਾਫ਼ ਮਿਲਣ ਦੇ ਸਾਰੇ ਦੁਆਰ ਬੰਦ ਹੋ ਜਾਣ। ਸੰਨ 1984 ਦੇ ਸਿੱਖ ਕਤਲੇਆਮ ਤੋਂ ਪ੍ਰਭਾਵਿਤ ਪਰਿਵਾਰਾਂ ਦੇ ਨਾਲ ਵੀ ਅਜਿਹਾ ਹੀ ਦੁਖਾਂਤ ਵਾਪਰਿਆ ਜਿਨ੍ਹਾਂ ਦੇ 'ਸਿਰ ਦੇ ਸਾਈਆਂ' ਨੂੰ ਤਾਂ ਇਹ ਹੁਸੀਨ ਦੁਨੀਆ ਹੋਰ ਵੇਖਣੀ ਨਸੀਬ ਹੀ ਨਹੀਂ ਸੀ ਪਰ ਉਹ ਪਿੱਛੇ ਆਪਣੇ ਪਰਿਵਾਰਾਂ ਨੂੰ ਦਰ-ਦਰ ਦੀਆਂ ਠੋਕਰਾਂ ਖਾਣ ਲਈ ਛੱਡ ਗਏ।

ਮੱਧ ਵਰਗੀ ਪਰਿਵਾਰਾਂ ਉੱਤੇ ਤਾਂ ਇਹ ਮਾਰ ਜ਼ਿਆਦਾ ਹੀ ਪਈ ਜੋ ਆਪਣੇ ਹੱਸਦੇ-ਵੱਸਦੇ ਘਰ-ਪਰਿਵਾਰ ਛੱਡ ਕੇ ਝੁੱਗੀ-ਝੌਂਪੜੀਆਂ 'ਚ ਡੇਰਾ ਲਾਉਣ ਲਈ ਮਜਬੂਰ ਹੋ ਗਏ। ਦੇਸ਼ ਦੀ ਵੰਡ ਤੋਂ ਬਾਅਦ ਦਿੱਲੀ ਆ ਕੇ ਵੱਸੇ ਇਨ੍ਹਾਂ ਪੀੜਤਾਂ ਲਈ ਇਹ ਦੂਜਾ ਉਜਾੜਾ ਸੀ। ਵਾਹਗਿਓਂ ਪਾਰ ਜ਼ਮੀਨਾਂ-ਜਾਇਦਾਦਾਂ ਛੱਡ ਕੇ ਦਿੱਲੀ ਵੱਸੇ ਕੁਕਨੂਸ ਵਰਗੇ ਲੋਕਾਂ ਨੇ ਬੇਹੱਦ ਮਿਹਨਤ-ਮੁਸ਼ੱਕਤ ਨਾਲ ਮੁੜ-ਵਸੇਬਾ ਕੀਤਾ ਸੀ। ਉਨ੍ਹਾਂ ਨੂੰ ਕੀ ਪਤਾ ਸੀ ਕਿ ਆਜ਼ਾਦ ਮੁਲਕ ਵਿਚ ਉਨ੍ਹਾਂ ਦੇ ਗਲਾਂ ਵਿਚ ਬਲਦੇ ਟਾਇਰ ਪਾ ਕੇ ਉਨ੍ਹਾਂ ਨੂੰ ਜਿਊਂਦਿਆਂ ਸਾੜਿਆ ਜਾਵੇਗਾ। ਆਪਣੇ ਮਰਦਾਂ ਦੇ ਬਿਨਾਂ ਇਨ੍ਹਾਂ ਪਰਿਵਾਰਾਂ ਦੀਆਂ ਔਰਤਾਂ ਤੇ ਬਾਪ ਬਿਨਾਂ ਜਿਵੇਂ ਉਨ੍ਹਾਂ ਦੇ ਬੱਚਿਆਂ ਨੇ ਇਹ ਸਮਾਂ ਕਈ-ਕਈ ਵਕਤ ਭੁੱਖੇ ਰਹਿ ਕੇ ਠੰਢੀਆਂ ਸਰਦ ਰਾਤਾਂ ਵਿਚ ਖੁੱਲ੍ਹੇ ਅਸਮਾਨ ਹੇਠ ਗੁਜ਼ਾਰਿਆ ਹੈ, ਉਨ੍ਹਾਂ ਦੇ ਇਲਾਵਾ ਕਿਸੇ ਨੂੰ ਕੀ ਅਹਿਸਾਸ ਹੋ ਸਕਦਾ ਹੈ? ਦਰਅਸਲ, ਸਿਆਸੀ ਪਾਰਟੀਆਂ ਨੇ 1984 ਦੇ ਕਤਲੇਆਮ ਦੇ ਪੀੜਤ ਇਨ੍ਹਾਂ ਸਿੱਖ ਸ਼ਰਨਾਰਥੀਆਂ ਨੂੰ ਆਪਣੇ ਸੌੜੇ ਮੁਫ਼ਾਦਾਂ ਲਈ ਕੈਸ਼ ਕਰਨ 'ਚ ਕੋਈ ਹਿਚਕਚਾਹਟ ਨਹੀਂ ਵਿਖਾਈ। ਇਹੀ ਵਜ੍ਹਾ ਹੈ ਕਿ 1984 ਦੇ ਇਸ ਸਿੱਖ ਕਤਲੇਆਮ ਦੀ ਅੱਗ ਵਿਚ ਝੁਲਸੇ ਹਜ਼ਾਰਾਂ ਲੋਕ ਅਜੇ ਵੀ ਯਥਾ-ਯੋਗ ਸੈਟਲ ਨਹੀਂ ਹੋ ਸਕੇ ਪਰ ਉਨ੍ਹਾਂ ਦੇ ਜ਼ਰੀਏ ਕੁਝ ਲੋਕ ਸਿੱਖ ਰਾਜਨੀਤੀ ਅਤੇ ਮਾਲੀ ਖੇਤਰ ਵਿਚ ਆਪਣਾ ਕੱਦ ਵਧਾਉਣ ਵਿਚ ਜ਼ਰੂਰ ਕਾਮਯਾਬ ਰਹੇ ਜਿਨ੍ਹਾਂ ਨੇ ਸ਼ਰਨਾਰਥੀ ਵਿਧਵਾਵਾਂ ਦਾ ਵੀ 'ਸਹਾਰਾ' ਲੈਣ ਤੋਂ ਗੁਰੇਜ਼ ਨਹੀਂ ਕੀਤਾ ਜਿਸ ਦੀ ਬਦੌਲਤ ਇਹ ਕਤਲੇਆਮ ਪੀੜਤ ਕੈਂਪ ਦੇਸ਼ ਦੀ ਰਾਜਧਾਨੀ ਵਿਚ ਹਮੇਸ਼ਾ ਸੁਰਖੀਆਂ 'ਚ ਛਾਏ ਰਹੇ। ਜ਼ਿਆਦਾਤਰ ਸਿੱਖ ਸਿਆਸਤਦਾਨਾਂ ਨੇ ਵੀ 1984 ਦੇ ਇਨ੍ਹਾਂ ਕਤਲੇਆਮ ਪੀੜਤਾਂ ਨੂੰ ਆਪੋ-ਆਪਣੇ ਮੁਫ਼ਾਦਾਂ ਲਈ ਵਰਤਿਆ। ਜਿਸ ਵੀ ਸਿੱਖ ਨੇਤਾ ਨੂੰ ਆਪਣੇ ਰੋਸ ਪ੍ਰਦਰਸ਼ਨ ਦੀ ਰੌਣਕ ਵਧਾਉਣੀ ਹੁੰਦੀ, ਅਕਸਰ ਇਨ੍ਹਾਂ ਪੀੜਤ ਪਰਿਵਾਰਾਂ ਨੂੰ ਉਧਰ 'ਜੋਤ' ਲਿਆ ਜਾਂਦਾ ਹੈ।ਆਹ! ਜ਼ਿੰਦਗੀ ਦਾ ਨਰਕ ਭੋਗ ਰਹੇ ਇਹ ਪਰਿਵਾਰ ਵੀ ਕਦੇ ਉੱਚੇ ਮਹਿਲਾਂ ਦੇ ਮਾਲਕ ਸਨ। ਹੈਰਾਨੀ ਇਹ ਕਿ ਨਵੰਬਰ 1984 ਦੇ ਬਾਅਦ ਇੱਥੋਂ ਦੇ ਮੁਕਾਮੀ ਅਤੇ ਵਿਦੇਸ਼ਾਂ ਵਿਚ ਬੈਠੇ ਸਰਮਾਏਦਾਰ ਸਿੱਖਾਂ ਨੇ, ਕਹਿੰਦੇ ਨੇ ਖ਼ੂਬ ਆਰਥਿਕ ਸਹਾਇਤਾ ਦਿੱਤੀ ਸੀ। ਹੁਣ ਰੱਬ ਹੀ ਜਾਣਦਾ ਹੈ ਕਿ ਇਹ ਕਿਸ ਵਿਚ ਤਕਸੀਮ ਹੋਈ ਜਾਂ ਕਿਸ ਦੀ ਜੇਬ 'ਚ ਗਈ। ਇਹੀ ਵਜ੍ਹਾ ਹੈ ਕਿ 1984 ਦੇ ਇਸ ਦਰਦਨਾਕ ਤੇ ਸ਼ਰਮਨਾਕ ਸਿੱਖ ਕਤਲੇਆਮ ਦੀ ਚੀਸ 36 ਸਾਲ ਦੇ ਲੰਬੇ ਅਰਸੇ ਤਕ ਵੀ ਬਰਕਰਾਰ ਰਹਿਣੀ ਧਰਮ ਨਿਰਪੱਖ ਜਮਹੂਰੀ ਰਾਜ ਪ੍ਰਬੰਧ ਲਈ ਬਹੁਤ ਵੱਡਾ ਮਿਹਣਾ ਨਹੀਂ ਤਾਂ ਹੋਰ ਕੀ ਹੈ?...ਤੇ ਉਹ ਵੀ ਤਦ ਜਦ ਪੀੜਤ ਪਰਿਵਾਰ ਅਜੇ ਵੀ ਇਨਸਾਫ਼ ਦੀ ਆਸ ਵਿਚ ਨਜ਼ਰਾਂ ਲਗਾਈ ਬੈਠੇ ਹੋਣ।

'ਜਿਨਕੇ ਮਰ ਜਾਤੇ ਹੈਂ, ਉਨਸੇ ਤੋ ਜ਼ਰਾ ਪੂਛੀਏ,ਹਮਨੇ ਤੋ ਅਖ਼ਬਾਰ ਕੀ ਸੁਰਖੀ ਸਮਝ ਕਰ ਪੜ੍ਹ ਲੀਆ'। ਬਸੰਤਰ ਸਮਝਣ ਵਾਲਿਆਂ ਨੂੰ ਅੱਗ ਦੇ ਸੇਕ ਦਾ ਕੀ ਅਹਿਸਾਸ? ਦੇਸ਼ ਦੀ ਖ਼ਾਤਰ ਸਭ ਤੋਂ ਮੂਹਰੇ ਹੋ ਕੇ ਕੁਰਬਾਨੀਆਂ ਦੇਣ ਵਾਲੀ ਇਸ ਕੌਮ ਨੂੰ 'ਬੜਾ ਪੇੜ (ਦਰਖ਼ਤ)' ਗਿਰਾਉਣ ਦਾ ਮਿਲਿਆ ਇਹ ਸਬਕ ਸਦੀ ਦਾ ਸਭ ਤੋਂ ਸ਼ਰਮਨਾਕ 'ਸਬਕ' ਸੀ।

ਪੰਜਾਬੀ ਅਖ਼ਬਾਰ ਵਿੱਚ ਖ਼ਬਰਾਂ,ਇਸਤਿਹਾਰ, ਬਿਜਨਿਸ ਦੀ ਐਡਵਰਟਾਈਜ਼ਮੈਂਟ, ਵਿਆਹ ਸਬੰਧੀ ਜਾਂ ਆਪਣੀਆਂ ਰਚਨਾਵਾਂ ਛਪਵਾਉਣ੍ਹੀ ਸੰਪਰਕ ਕਰ ਸਕਦੇ ਹੋ।


Edmonton
Sukhdev Singh Dhanoa
780 700 5022,
780 599 2000
Email:
sukhdevdhanoa@gmail.com


Regina
Gurbinder Singh Gagowal
306 520 4313,
639 999 1000
Email:
gur.gago@gmail.com


Saskatoon
Gagandeep Jattana
639 742 0203
639 999 1000
Email-gaganjattana0203@gmail.com


Winnipeg
Lakha Sehajpal Daudhar
204 891 0031
431 733 3000
lakhadaudhar007@gmail.com


Winnipeg
Amritpal Singh Kang
204 218 3852
431 733 3000
just4kang@gmail.com

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

Sun Life
Advice from someone you trust.
It's important to protect yourself and your family from the financial impact of lost income due to accident, illness or disability. Do you have a plan in place?
Critical illness insurance • Life insurance • Personal health insurance
Harvinder Singh
587-574-0029
harvinder.singh@sunlife.com
Sun Life Assurance Company of Canada is a member of the Sun Life group of companies.
© Sun Life Assurance Company of Canada, 2021.

Consulate General of India Vancouver
Azadi Ka Amrit Mahotsav
In partnership with
INDIAN EX-SERVICEMEN IMMIGRANT ASSOCIATION
is organizing a Consular Camp on 13 & 14 November 2021
Venue: INDIAN EX-SERVICEMEN IMMIGRANT ASSOCIATION
Time: 10.00 AM to 13.00 PM and 14.00 PM to 16.00 PM
For registration/information please contact:
Balkar Singh Sandhu
President, I.E.I.A
587-703-5500

HMP CUSTOM CABINETS
SPECIALIST IN
CUSTOM KITCHEN,
BARS, WASHROOM VANITY,
CLOSET & ALL
COMMERCIAL MIL WORK
BUILT GARAGE,
GARAGE DOOR INSTALL,
NEW HOUSES FARMING,
OLD HOUSE EXTENSION
& ANY OTHER
ADD ON CONSTRUCTION WORK,
BASEMENT DEVELOPMENT
HMP PROFESSIONAL CONSTRUCTION LTD.
PAUL SEKHON
403 701 4947, 403 829 5000
www.hmphone.com

## ਹੁਣ ਵਪਾਰਕ ਅਦਾਰੇ ਆਪਣੀ ਇੰਸੋਰੈਂਸ ਕੰਪਨੀ ਬਣਾਕੇ ਆਪਣੇ ਮੁਲਾਜਮਾਂ ਦੀ ਆਪ ਹੀ ਇੰਸੋਰੈਂਸ ਕਰ ਸਕਣਗੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਵਿੱਚ ਹੁਣ ਵਪਾਰਕ ਅਦਾਰੇ ਆਪਣੀ ਇੰਸ਼ੋਰੈਂਸ ਕੰਪਨੀ ਬਣਾ ਕੇ ਖੁਦ ਦੀ ਇੰਸ਼ੋਰੈਂਸ ਕਰ ਸਕਿਆ ਕਰਨਗੇ ਅਤੇ ਵਿਧਾਨਸਭਾ ਵਿੱਚ ਸੂਬੇ ਦੇ ਫਾਇਨੈਂਸ ਮਨਿਸਟਰ ਟ੍ਰੈਵਿਸ ਟੇਵਜ਼ ਨੇ ਇਸ ਸੰਬੰਧੀ ਇੱਕ ਬਿਲ ਪੇਸ਼ ਕਰ ਦਿੱਤਾ ਹੈ। ਪਾਸ ਹੋ ਜਾਣ ਦੀ ਸੂਰਤ ਵਿੱਚ ਇਹ ਬਿਲ-87, ਕੈਪਟਿਵ ਇੰਸ਼ੋਰੈਂਸ ਕੰਪਨੀਜ਼ ਐਕਟ ਬਣ ਜਾਵੇਗਾ। ਬ੍ਰਿਟਿਸ਼ ਕੋਲੰਬੀਆ ਤੋਂ ਬਾਦ ਇਸ ਤਰ੍ਹਾਂ ਕਰਨ ਵਾਲਾ ਐਲਬਰਟਾ ਦੂਜਾ ਸੂਬਾ ਬਣ ਜਾਵੇਗਾ। ਕਈ ਐਨਰਜੀ ਕੰਪਨੀਆਂ ਵਾਸਤੇ ਇੰਸ਼ੋਰੈਂਸ ਕੰਪਨੀਆਂ ਨੇ ਇੰਸ਼ੋਰੈਂਸ ਸੇਵਾਵਾਂ ਦੇਣ ਤੋਂ ਨਾਂਹ ਕਰ ਦਿੱਤੀ ਹੈ ਜਿਸ ਮਗਰੋਂ ਇਹ ਕਦਮ ਚੁੱਕਿਆ ਗਿਆ ਹੈ। ਬੀ.ਸੀ ਵਿੱਚ ਕਈ ਅਦਾਰਿਆਂ ਵੱਲੋਂ ਕੈਪਟਿਵ ਇੰਸ਼ੋਰੈਂਸ ਕੀਤੀ ਜਾ ਰਹੀ ਹੈ ਤੇ ਇਹ ਮਾਡਲ ਅਮੈਰਿਕਾ ਵਿੱਚ ਕਈ ਥਾਂਈਂ ਚੱਲ ਰਿਹਾ ਦੱਸਿਆ ਜਾਂਦਾ ਹੈ।

2 ਫਾਰ ਵਨ ਵਾਲਿਆਂ ਦਾ ਪੀਜ਼ਾ ਇੱਕ ਵਾਰ ਖਾਂਓਗੇ
ਤਾਂ ਆਪਣੇ ਘਰ ਖਾਣਾ ਬਣਾਉਣਾ ਭੁੱਲ ਜਾਓਗੇ
ਪਹਿਲੀ ਅਤੇ ਆਖਰੀ ਬਾਈਟ ਦਾ ਸੁਆਦ
2 ਫਾਰ ਵਨ ਪੀਜ਼ਾ ਹਾਊਸ ਨੂੰ ਰੱਖਣਾ ਯਾਦ
2 FOR 1 PIZZA HOUSE
HOUSE OF TASTE & QUALITY
Please advise us of any food allergies
Call for Delivery
Westwinds
#123 – 55 Westwind Cres NE Calgary, AB
403-285-9000
Stonegate
#112 – 2250 Country Hills Blvd NE Calgary, AB
403-818-9000
The Hills at Charlesworth
#3747 – 8th Ave SW Edmonton, AB
780-250-9009
ਆਪਣੇ ਸ਼ਹਿਰ ਵਿੱਚ 2 ਫਾਰ ਵਨ ਪੀਜ਼ਾ ਦੀ ਫਰੈਂਚਾਈਜ ਲੈਣ ਲਈ ਕਾਲ ਕਰੋ
ਅੰਮ੍ਰਿਤ :403-333-9000
2 For 1 Pizza House Franchise Application
Business Hours
Sunday – Thursday 11:00 am – 12:00 am
Friday & Saturday 11:0 am – 1:00 am
Location Hours May Vary
info@2for1pizzahouse.com
www.2for1pizzahouse.com
"GREAT FOOD, GREAT PRICE, GREAT QUALITY!!"

Punjab MONEY EXCHANGE
Pick Up & Delivery
NO EXTRA CHARGES
Contact for Sending & Receiving
MONEY TO INDIA
ਬਿੱਕਰ ਗਿੱਲ 780 993 1463
2603-Hewes way, Unit-208, Edmonton T6L 6W6
ਇੰਡੀਆ 'ਚ ਜਲਦੀ ਪੈਸੇ ਪਹੁੰਚਾਉਣ ਜਾਂ ਮੰਗਵਾਉਣ ਲਈ ਪੰਜਾਬ ਮਨੀ ਐਕਸਚੇਂਜ ਦੀ ਵਧੀਆ ਸਰਵਿਸ ਲਈ ਕਾਲ ਕਰੋ।
CONTACT FOR FAST SERVICE
Bikkar Gill (Moga) 780-465-6166

A1 DUCT & FURNACE CLEANING LTD.
We do Cleaning & Repair
ਹੀਟ ਸਿਸਟਮ (ਫਰਨਿਸ) ਦੀ ਸਾਫ ਸਫਾਈ ਹਰ ਸਾਲ ਜਰੂਰੀ ਐ !
ਜੇਕਰ ਫਰਨਿਸ ਸਿਸਟਮ ਵਿੱਚ ਕੋਈ ਨੁਕਸ ਹੈ ਤਾਂ ਇਹਨਾਂ ਦੀ ਮਾਹਿਰ ਟੀਮ ਮੁਰੰਮਤ ਵੀ ਕਰ ਦੇਵੇਗੀ
ਪਰ ਇਹ ਸਾਫ ਸਫਾਈ ਕਿਹੜਾ ਤੁਸੀਂ ਆਪੇ ਈ ਕਰ ਲੈਣੀ ਐ, ਇਹਦੇ ਲਈ ਮਾਹਿਰ ਅਤੇ ਤਜ਼ਰਬੇਕਾਰ ਹੱਥਾਂ ਦੀ ਜਰੂਰਤ ਹੁੰਦੀ ਹੈ।
ਕਾਲ : 403 613 0642 ਜਾਂ 403 966 8514
Email: a1ductandfurnacecleaning@gmail.com

Delta-A Stucco Ltd.
All Types of Stucco Work
Specialist in : Acrylic and Texture Acrylic
Quality Workmanship
Ajmer Garcha
Free Estimate
81 Taralea Manor NE Calgary AB T3J 5C4
Ph : 403-615-0583, Fax : 403-351-8157
Email : deltaastuccoltd.@hotmail.com

ਡਰਾਇਵਰਾਂ ਦੀ ਲੋੜ ਹੈ
RIG Group of Companies Inc.
GOLIATH TRACTOR SERVICE LTD. CALGARY, ALBERTA
We're Pulling For You!
Goliath Tractor Service Ltd.
Rig Logistics is now Hiring long haul drivers for Canada & USA and LCV with minimum 2 year Hwy driving experience.
O: 403 285 1111ext# 100 | Fax: 403 567 0462 | Call : 403-862-1631
hr@riglogistics.com
# 4, 10 Wrangler Place SE
Calgary (AB)

Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco Paper Flashing Wiring
Free Estimate BEST Rates
Nirvair Singh Johal 403-690-8700
Bhajan Singh Johal 403-561-0227
4612, 6 STREET NE CALGARY, AB

For All your Exterior Needs
B.B.S. Exterior
Roofing/ Siding / Stucco / Soffits & Fascia / Hardie Shakes / SmartBoard / Eaves & Downspouts / Windows etc.
403.714.0455
bbsexterior@gmail.com

Sukhi Da Dhaba
Restaurant & Sweet Shop
5058-68 St NE Calgary (AB) 403 452 5513
ਸੁੱਖੀ ਦਾ ਢਾਬਾ
(68 ਸਟਰੀਟ ਅਤੇ ਮੈਕਨਾਈਟ ਬੁਲੇਵਾਰਡ ਦੇ ਕਾਰਨਰ ਵਿੱਚ)
ਵੱਖੋ ਵੱਖ ਤਰਾਂ ਦੇ ਸੁਆਦਲੇ ਖਾਣੇ,
ਬੈਠਕੇ ਖਾਓ ਜਾਂ ਪੈਕ ਕਰਵਾਕੇ ਘਰ ਲੈ ਜਾਓ
1000 ਬੰਦੇ ਤੱਕ ਦੀ ਕੇਟਰਿੰਗ
ਬਹੁ-ਭਾਂਤੀ ਮਿਠਾਈ
ਵਿਆਹ ਦੀ ਭਾਜੀ

# ਹਨੇਰੇ ਤੇ ਚਾਨਣ ਦੀ ਜਿੱਤ



ਮੋਹਨ ਸ਼ਰਮਾ
ਪ੍ਰੋਜੈਕਟ ਡਾਇਰੈਕਟਰ
ਨਸ਼ਾ ਛੁਡਾਊ ਕੇਂਦਰ,ਸੰਗਰੂਰ।
ਮੋ:94171-48866

ਇਸ ਵੇਲੇ ਪੰਜਾਬ ਕਿਸਾਨ ਅੰਦੋਲਨ ਕਾਰਨ ਦਿੱਲੀ ਸਰਕਾਰ ਦੀਆਂ ਚੂਲਾਂ ਹਿਲਾਉਣ, ਗੰਧਲੀ ਸਿਆਸਤ ਅਤੇ ਨਸ਼ੇ ਕਾਰਨ ਸੁਰਖੀਆ ਵਿੱਚ ਹੈ। ਨਸ਼ੇ ਦੀ ਓਵਰਡੋਜ਼ ਨਾਲ ਹੋਈਆਂ ਮੌਤਾਂ ਕਾਰਨ ਪ੍ਰਚੰਡ ਹੋਏ ਸਿਵੇ, ਮਾਂ ਅਤੇ ਬਾਪ ਦਾ ਨਸ਼ੱਈਆਂ ਵੱਲੋਂ ਕਤਲ, ਪੰਜ-ਪੰਜ ਹਜ਼ਾਰ ਪਿਛੇ ਪਟਰੋਲ ਪੰਪ ਦੇ ਕਰਿੰਦਿਆਂ ਦੇ ਕਤਲ, ਲੁਟਾਂ, ਖੋਹਾਂ, ਚੈਨ ਝਪਟਮਾਰੀ ਨਾਲ ਥਾਣਿਆਂ ਦੇ ਰੋਜ਼ਨਾਮਚੇ ਭਰੇ ਜਾਣੇ ਅਤੇ ਰਿਸ਼ਤਿਆਂ ਦੇ ਖਿੱਦੋ ਵਾਂਗ ਲੀਰਾਂ ਲੀਰਾਂ ਹੋਣ ਦੇ ਕਿਸਿਆਂ ਨੇ ਲੋਕਾਂ ਨੂੰ ਧੁਰ ਅੰਦਰ ਤੱਕ ਹਿਲਾ ਦਿੱਤਾ ਹੈ। ਸਥਿਤੀ ਇਸ ਤਰ੍ਹਾਂ ਦੀ ਬਣੀ ਹੋਈ ਹੈ ਕਿ ਪਹਿਲਾਂ ਮਾਪੇ ਆਪਣੇ ਜਵਾਨ ਪੁੱਤ ਨੂੰ ਕਹਿੰਦੇ ਸਨ, " ਸਾਰਾ ਦਿਨ ਘਰੇ ਬੈਠਾ ਕੀ ਕਰਦੈਂ ? ਮਾੜਾ ਮੋਟਾ ਬਾਹਰ ਵੀ ਗੇੜਾ ਮਾਰ ਆਇਆ ਕਰ, ਤੈਨੂੰ ਦੁਨੀਆਂ ਦਾਰੀ ਦਾ ਪਤਾ ਲੱਗੇ। " ਹੁਣ ਨਸ਼ਿਆਂ ਦੀ ਮਾਰੂ ਹਨੇਰੀ ਕਾਰਨ ਮਾਪੇ ਆਪਣੇ ਪੁੱਤਾਂ ਨੂੰ ਬਾਹਰ ਜਾਣ ਤੋਂ ਰੋਕਦੇ ਹੋਏ ਕਹਿੰਦੇ ਹਨ, " ਬਾਹਰ ਜਾਕੇ ਐਵੇਂ ਲੰਡਰ ਮੁੰਡਿਆਂ ਦੇ ਮਗਰ ਲੱਗਕੇ ਨਸ਼ਾ-ਪੱਤਾ ਨਾ ਕਰਨ ਲੱਗਜੇਂ, ਤੂੰ ਘਰ ਹੀ ਰਹਿ। " ਐਦਾ ਵੀ ਹੋ ਰਿਹਾ ਹੈ ਕਿ ਪਹਿਲਾਂ ਜਦੋਂ ਕੋਈ ਨੌਜਵਾਨ ਕਿਸੇ ਨਾ ਕਿਸੇ ਬਿਮਾਰੀ ਕਾਰਨ ਡਾਕਟਰ ਤੋਂ ਦਵਾਈ ਲੈਣ ਜਾਂਦਾ ਸੀ ਤਾਂ ਡਾਕਟਰ ਉਸਨੂੰ ਚੈਕ ਕਰਦਿਆਂ ਸਰਸਰੀ ਪੁੱਛ ਲੈਂਦਾ ਸੀ, "" ਕੋਈ ਨਸ਼ਾ ਤਾਂ ਨਹੀਂ ਕਰਦਾ ?" ਪਰ ਹੁਣ ਸਥਿਤੀ ਨੇ ਕਰਵਟ ਲੈ ਲਈ ਹੈ। ਇਲਾਜ਼ ਲਈ ਆਏ ਨੌਜਵਾਨ ਤੋਂ ਡਾਕਟਰ ਪਹਿਲਾਂ ਇਹ ਪ੍ਰਸ਼ਨ ਪੁੱਛਦਾ ਹੈ, " ਕਿਹੜੇ ਕਿਹੜੇ ਨਸ਼ੇ ਕਰਦੈਂ ?" ਨਸ਼ੇ ਦੇ ਟੀਕੇ ਲਾਉਂਦਿਆਂ ਸਰਿੰਜਾਂ ਨਾਲ ਵਿੰਨੀਆਂ ਬਾਹਾਂ ਅਤੇ ਦੂਜੇ ਅੰਗ, ਡਿਗੂੰ ਡਿਗੂੰ ਕਰਦੀ ਇਮਾਰਤ ਵਰਗੀ ਸਰੀਰਕ ਸਥਿਤੀ, ਅੰਦਰ ਨੂੰ ਧਸੀਆਂ ਅੱਖਾਂ, ਢਲਿਆ ਜਿਹਾ ਜਿਸਮ ਅਤੇ ਥਿੜਕਦੀ ਅਵਾਜ਼ ਤੋਂ ਨਸ਼ਿਆਂ ਦੀ ਦਲਦਲ ਵਿੱਚ ਧਸੇ ਹੋਣ ਦਾ ਸਹਿਜੇ ਹੀ ਅੰਦਾਜ਼ਾ ਲੱਗ ਜਾਂਦਾ ਹੈ। ਬਾਪ ਨੇ ਆਪਣੇ ਸਿਰ ਨੂੰ ਗੱਡਾ ਅਤੇ ਪੈਰਾਂ ਨੂੰ ਟਾਇਰ ਬਣਾਕੇ ਹੱਡ ਭੰਨਵੀ ਮਿਹਨਤ ਨਾਲ ਜਿੱਥੇ ਚਾਰ ਖਣ ਛੱਤੇ ਹੁੰਦੇ ਨੇ, ਉਥੇ ਹੀ ਚੁੱਲ੍ਹਾ ਬਲਦਾ ਰੱਖਣ ਲਈ ਆਪਣਾ ਆਪ ਵੀ ਦਾਅ ਤੇ ਲਾਇਆ ਹੁੰਦਾ ਹੈ, ਪਰ ਦੂਜੇ ਪਾਸੇ ਇਕਲੌਤੇ ਪੁੱਤ ਦੇ ਨਸ਼ਿਆਂ ਦੀ ਪ੍ਰਕੋਪੀ ਕਾਰਨ ਚੁੱਲ੍ਹੇ ਠੰਡੇ ਅਤੇ ਆਹਾਂ ਦਾ ਸੇਕ ਗਰਮ ਹੋ ਗਿਆ ਹੈ। ਮਾਪੇ ਜਿਗਰ ਤੇ ਹੱਥ ਧਰਕੇ ਆਪਣੀ ਜਾਨ ਨਾਲੋਂ ਪਿਆਰੀ ਜਮੀਨ ਗਹਿਣੇ ਜਾਂ ਬੈਅ ਕਰਕੇ ਪੁੱਤ ਨੂੰ ਵਿਦੇਸ਼ੀ ਧਰਤੀ ਤੇ ਭੇਜਣ ਲਈ ਮਜ਼ਬੂਰ ਹੋ ਰਹੇ ਹਨ। ਆਪਣਾ ਦੁੱਖ ਸਾਂਝਾ ਕਰਦਿਆਂ ਉਹ ਇੱਕ ਦੂਜੇ ਨੂੰ ਕਹਿੰਦੇ ਹਨ, " ਜ਼ਮੀਨ ਦੀ ਤਾਂ ਖਾਧੀ ਕੜੀ, ਜੇ ਨਸ਼ਿਆਂ ਕਾਰਨ ਪੁੱਤ ਹੀ ਨਾ ਬੱਚਿਆ ਤਾਂ ਜ਼ਮੀਨ ਦਾ ਕੀ ਕਰਾਂਗੇ ? ਔਖੇ ਸੌਖੇ ਇਹਦਾ ਵਿਗੋਚਾ ਵੀ ਝਲ ਲਵਾਂਗੇ। ਪਰ ਐਨੀ ਕੁ ਤਾਂ ਤਸੱਲੀ ਰਹੂ ਕਿ ਓਧਰ ਜਾਕੇ ਇਹ ਬਚਿਆ ਰਹੂ। ਨਹੀ ਤਾਂ...............।""

ਗਲ ਉਨ੍ਹਾਂ ਦਿਨਾਂ ਦੀ ਹੈ ਜਦੋਂ ਬਰਨਾਲਾ ਜ਼ਿਲ੍ਹਾ ਸੰਗਰੂਰ ਜ਼ਿਲ੍ਹੇ ਦਾ ਹੀ ਹਿੱਸਾ ਹੁੰਦਾ ਸੀ। ਹੁਣ ਦੇ ਬਰਨਾਲਾ ਜ਼ਿਲ੍ਹੇ ਨਾਲ ਸਬੰਧਤ ਇੱਕ ਪਿੰਡ ਸਬੰਧੀ ਪਤਾ ਲੱਗਿਆ ਕਿ ਉਸ ਪਿੰਡ ਵਿੱਚ ਨਸ਼ਿਆਂ ਦੀ ਭਰਮਾਰ ਕਾਰਨ ਲੋਕ ਸਿਰਫ਼ ਕੱਖੋਂ ਹੌਲੇ ਹੀ ਨਹੀਂ ਹੋ ਰਹੇ ਸਗੋਂ ਬਹੁਤ ਸਾਰੇ ਨੌਜਵਾਨ ਦੂਸ਼ਿਤ ਸਰਿੰਜਾਂ ਵਰਤਣ ਕਾਰਨ ਏਡਜ਼ ਦਾ ਸ਼ਿਕਾਰ ਵੀ ਹੋ ਗਏ ਹਨ। ਡਿਪਟੀ ਕਮਿਸ਼ਨਰ ਸੰਗਰੂਰ ਵਲੋਂ ਮੇਰੀ ਡਿਊਟੀ ਲਾਈ ਗਈ ਕਿ ਉਸ ਪਿੰਡ ਵਿੱਚ ਜਾਕੇ ਨਸ਼ੱਈਆਂ ਨੂੰ ਮੁੱਖ ਧਾਰਾ ਵਿੱਚ ਲਿਆਉਣ ਲਈ ਹਰ ਸੰਭਵ ਯਤਨ ਕੀਤਾ ਜਾਵੇ।

ਅਗਲੇ ਦਿਨ ਸਾਡਾ ਕਾਫ਼ਲਾ ਉਸ ਪਿੰਡ ਵਿੱਚ ਪਹੁੰਚ ਗਿਆ। ਪੁੱਛ-ਗਿੱਛ ਕਰਨ ਉਪਰੰਤ ਪਤਾ ਲੱਗਿਆ ਕਿ ਪਿੰਡ ਵਿੱਚ ਚਾਰ ਨਸ਼ਾ ਵੇਚਣ ਵਾਲੇ ਬਿਨ੍ਹਾਂ ਕਿਸੇ ਰੋਕ-ਟੋਕ ਜਾਂ ਭੈਅ ਤੋਂ ਰਿਊੜੀਆਂ ਵਾਂਗ ਨਸ਼ਾ ਵੇਚ ਰਹੇ ਨੇ। ਪੁਲਿਸ ਉਨ੍ਹਾਂ ਦੇ ਘਰਾਂ ਵਿੱਚ ਆਉਂਦੀ ਹੈ। ਫੋਕੇ ਦਬਕੇ ਦੇ ਨਾਲ ਨਾਲ ਉਨ੍ਹਾਂ ਦੇ ਘਰ 'ਚਾਹ ਪਾਣੀ' ਪੀਕੇ ਪਰਤ ਜਾਂਦੀ ਹੈ। ਸਾਡੇ ਸਾਹਮਣੇ ਇਹ ਗੱਲ ਵੀ ਆਈ ਕਿ 80 ਫੀਸਦੀ ਲੋਕ ਨਸ਼ਾ ਵੇਚਣ ਵਾਲਿਆਂ ਦੇ ਵਿਰੁੱਧ ਹਨ, ਪਰ ਉਹ " ਅਸੀ ਕੀ ਲੈਣੈ, ਜਿਨ੍ਹਾਂ ਦੀਆਂ ਅੱਖਾਂ ਦੁਖਣਗੀਆਂ, ਆਪੇ ਬੰਨ੍ਹ ਸੁਬ੍ਹ ਕਰੂ " ਦੀ ਸੋਚ ਕਾਰਨ ਚੁੱਪ ਸਨ ਅਤੇ ਅੰਦਾਜ਼ਨ 20 ਫੀਸਦੀ ਲੋਕਾਂ ਦੀ ਨਸ਼ਾ ਵੇਚਣ ਵਾਲਿਆਂ ਨਾਲ ਮੂੰਹ-ਮੁਲਾਹਜੇ ਜਾਂ ਗਰਜ਼ਾ ਪੂਰੀਆਂ ਕਰਨ ਦੇ ਲਾਲਚ ਵਿੱਚ ਹਮਦਰਦੀ ਵੀ ਸੀ। ਸ਼ੱਥ ਵਿੱਚ ਬੈਠੇ ਲੋਕਾਂ ਨਾਲ ਜਦੋਂ ਵਿਚਾਰ-ਵਟਾਂਦਰਾ ਕੀਤਾ ਗਿਆ ਤਾਂ ਉਨ੍ਹਾਂ ਨੇ ਦੁਖੀ ਮਨ ਨਾਲ ਦੱਸਿਆ ਕਿ ਨਸ਼ਿਆਂ ਕਾਰਨ ਸਾਡੇ ਪਿੰਡ ਦੇ ਮੁੰਡੇ ਬੇਰਾਂ ਵਾਂਗ ਝੜ ਰਹੇ ਨੇ। ਜਿਥੇ ਨਸ਼ਾ ਕਰਨ ਵਾਲੇ ਅਵਾਰਾ ਡੰਗਰਾਂ ਦੀ ਤਰ੍ਹਾਂ ਗਲੀਆਂ ਵਿੱਚ ਹਰਲ ਹਰਲ ਕਰਦੇ ਫਿਰਦੇ ਨੇ, ਸਾਡੇ ਵੱਲੋਂ ਟੋਕਾ ਟਾਕੀ ਕਰਨ ਤੇ ਸਾਨੂੰ ਪੁੱਠਾ ਬੋਲਦੇ ਨੇ, ਉਥੇ ਹੀ ਨਸ਼ਾ ਵੇਚਣ ਵਾਲਿਆਂ ਨੇ ਵੀ ਅੱਤ ਚੁੱਕੀ ਹੋਈ ਹੈ। ਇਥੇ ਤਾ ਅੰਨੀ ਪੀਹੇ, ਕੁਤਾ ਚੱਟੇ ਵਾਲੀ ਗੱਲ ਬਣੀ ਹੋਈ ਹੈ। ਇਹੀ ਹਾਲ ਰਿਹਾ ਤਾਂ ਪਿੰਡ ਨੇ ਉੱਜੜ ਜਾਣੈ। " ਖੈਰ ਉਨ੍ਹਾਂ ਨੂੰ ਸਹਿਯੋਗ ਦੇਣ ਦੀ ਅਪੀਲ ਕਰਕੇ ਅਸੀਂ ਅਗਾਂਹ ਨਸ਼ਿਆਂ ਕਾਰਨ ਪੀੜਤ ਲੋਕਾਂ ਦੇ ਘਰਾਂ ਵੱਲ ਹੋ ਗਏ। ਪਿੰਡ ਦੇ ਬੰਦੇ ਸਾਡੇ ਕਾਫ਼ਲੇ ਦਾ ਹਿੱਸਾ ਬਣਦੇ ਗਏ। ਇੱਕ ਨਸ਼ੱਈ ਦੇ ਘਰ ਜਦੋਂ ਬੂਹਾ ਖੜਕਾਇਆ ਤਾਂ ਬੂਹਾ ਘਰ ਦੀ ਮਾਲਕਣ ਨੇ ਖੋਲ੍ਹਿਆ। ਅੰਤਾ ਦਾ ਉਦਾਸ ਚਿਹਰਾ, ਘਰ ਦੀ ਖਸਤਾ ਹਾਲਤ, ਬੱਚਿਆ ਦੇ ਉਤਰੇ ਚਿਹਰੇ ਬੜਾ ਕੁਝ ਬਿਆਨ ਕਰ ਰਹੇ ਸਨ। ਉਸ ਔਰਤ ਨੂੰ ਅਸੀਂ ਡਿਪਟੀ ਕਮਿਸ਼ਨਰ ਵੱਲੋਂ ਪਿੰਡ ਵਿੱਚ ਆਉਣ ਦਾ ਕਾਰਨ ਦੱਸਿਆ। ਸਾਡੇ ਹਮਦਰਦੀ ਭਰੇ ਬੋਲਾਂ ਨੂੰ ਸੁਣਕੇ ਔਰਤ ਦੇ ਅੱਥਰੂ ਆਪ ਮੁਹਾਰੇ ਵਹਿਣ ਲੱਗ ਪਏ। ਚੁੰਨ੍ਹੀ ਦੇ ਲੜ ਨਾਲ ਅੱਥਰੂ ਪੂੰਝਦਿਆਂ ਉਸਨੇ ਆਪਣਾ ਮਨ ਹੌਲਾ ਕਰਦਿਆਂ ਦੱਸਿਆ, " ਜਦੋਂ ਦੀ ਮੈਂ ਇਸ ਘਰ 'ਚ ਵਿਆਹ ਕੇ ਆਈ ਹਾਂ, ਉਦੋਂ ਦਾ ਹੀ ਰੋਣੇ ਧੋਣੇ ਵਿੱਚ ਸਮਾਂ ਲੰਘਦੈ। ਘਰ ਦਾ ਸਿਲੰਡਰ, ਕਣਕ,ਸੰਦੂਕ ਦੇ ਕਪੜੇ, ਸੂਤ ਦੇ ਮੰਜੇ, ਕੁੜੀ ਦੇ ਵਿਆਹ ਲਈ ਚਾਰ ਛਿਲੜ——ਕੁਝ ਨਹੀਂ ਛੱਡਿਆ ਮੇਰੇ ਨਸ਼ੱਈ ਪਤੀ ਨੇ। ਟੋਕਣ ਤੇ ਜਿਹੜਾ ਕੁੱਟ-ਮਾਰ ਕਰਦੈ, ਉਹ ਅੱਲਗ। ਕਦੇ ਕਦੇ ਜੀਅ ਕਰਦੈ, ਖੂਹ ਖਾਤਾ ਹੀ ਗੰਦਾ ਕਰ ਲਵਾਂ। ਫਿਰ ਇਨ੍ਹਾਂ ਬੱਚਿਆਂ ਦੇ ਮੂੰਹ ਨੂੰ ——————————।"

ਅਸੀਂ ਉਸ ਪੀੜਤ ਔਰਤ ਦਾ ਦੁੱਖ ਸੁਣਕੇ ਧੁਰ ਅੰਦਰ ਤੱਕ ਹਿੱਲ ਗਏ। ਥੋੜੇ ਸਮੇਂ ਅੰਦਰ ਹੀ ਹੋਰ ਅਜਿਹੀਆਂ ਪੀੜਤ ਔਰਤਾਂ ਵੀ ਪੁੱਜ ਗਈਆਂ। ਸਭ ਦਾ ਦੁੱਖ ਇੱਕੋ ਜਿਹਾ ਸੀ। ਉਹ ਆਪਣੇ ਆਪ ਨੂੰ ਨਾ ਸੁਹਾਗਣਾਂ ਸਮਝ ਰਹੀਆਂ ਸਨ ਅਤੇ ਨਾ ਹੀ ਰੰਡੀਆਂ। ਅੰਦਾਜਨ ਤੀਹ ਕੁ ਪੀੜਤ ਔਰਤਾਂ, ਦੇ ਨਾਲ ਨਾਲ ਲੋਕਾਂ ਦਾ ਭਰਵਾਂ ਹਜੂਮ ਵੀ ਘਰ ਦੇ ਵਿਹੜੇ ਵਿੱਚ ਇਕੱਠਾ ਹੋ ਗਿਆ। ਉਨ੍ਹਾਂ ਸਾਰਿਆਂ ਦੇ ਵਿਚਾਲੇ ਖੜੋਕੇ ਉਚੀ ਅਵਾਜ਼ ਵਿੱਚ ਮੈਂ ਲੋਕਾਂ ਨੂੰ ਹੋਕਾ ਦਿੰਦਿਆਂ ਕਿਹਾ, " ਜਿਹੜੇ ਵਿਅਕਤੀ ਸਾਡੇ ਘਰਾਂ ਵਿੱਚ ਸੱਥਰ ਵਿਛਾ ਰਹੇ ਨੇ, ਜਿਹੜੇ ਲੋਕ ਮਾਸੂਮ ਬੱਚਿਆਂ ਦੇ ਮੂੰਹਾਂ ਵਿੱਚੋਂ ਰੋਟੀ ਖੋਹ ਕੇ ਐਸ਼-ਪ੍ਰਸਤੀ ਕਰ ਰਹੇ ਨੇ। ਇਨ੍ਹਾਂ ਔਰਤਾਂ ਦੀ ਦੁਰਦਸ਼ਾ ਵੱਲ ਵੇਖੋ। ਇਹ ਨਾ ਸੋਚੋ ਕਿ ਇਹ ਅੱਗ ਇਨ੍ਹਾਂ ਦੇ ਘਰਾਂ ਨੂੰ ਲੱਗੀ ਹੋਈ ਹੈ। ਜੇ ਬਚਾਉ ਨਾ ਕੀਤਾ ਤਾਂ ਇਸ ਅੱਗ ਦਾ ਸੇਕ ਤੁਹਾਡੇ ਘਰਾਂ ਤੱਕ ਵੀ ਜਰੂਰ ਪੁਜੇਗਾ। ਅਸੀਂ ਇਹ ਵੀ ਨਾ ਭੁਲੀਏ ਕਿ ਇਹੋ ਜਿਹੀ ਅੰਨ੍ਹੀ ਕਮਾਈ ਨਾਲ ਜਰੂਰੀ ਨਹੀਂ ਕਿ ਵਿਆਹ ਦਾ ਜੋੜਾ ਖਰੀਦਿਆ ਜਾਵੇਗਾ, ਕ਼ਫਨ ਵੀ ਖਰੀਦਿਆ ਜਾ ਸਕਦਾ ਹੈ। " ਇਹ ਕਹਿੰਦਿਆ ਮੈਂ ਲੋਕਾਂ ਅਤੇ ਔਰਤਾਂ ਦੇ ਚਿਹਰਿਆਂ ਵੱਲ ਤੈਰਵੀਂ ਜਿਹੀ ਨਜ਼ਰ ਮਾਰੀ। ਸਭ ਦੇ ਚਿਹਰੇ ਜਿਥੇ ਗੰਭੀਰ ਹੋ ਗਏ ਸਨ, ਉਥੇ ਨਸ਼ਾ ਵੇਚਣ ਵਾਲਿਆਂ ਪ੍ਰਤੀ ਨਫ਼ਰਤ ਦੇ ਚਿੰਨ੍ਹ ਵੀ ਉਭਰ ਆਏ ਸਨ। ਮੈਂ ਉਨ੍ਹਾਂ ਨੂੰ ਵੰਗਾਰਦਿਆਂ ਫਿਰ ਜੋਸ਼ੀਲੇ ਬੋਲਾਂ ਨਾਲ ਕਿਹਾ, " ਯਾਦ ਰੱਖੋ, ਨਾ ਤਾਂ ਨਸ਼ਾ ਵੇਚਣ ਵਾਲਿਆਂ ਦੀਆਂ ਸ਼ੀਸ਼ੀਆਂ ਐਨੀਆਂ ਪੱਕੀਆਂ ਹਨ ਕਿ ਉਨ੍ਹਾਂ ਨੂੰ ਭੰਨਿਆ ਨਾ ਜਾ ਸਕੇ ਅਤੇ ਨਾ ਹੀ ਉਨ੍ਹਾਂ ਦੇ ਪੈਰ ਐਨੇ ਮਜ਼ਬੂਤ ਹਨ ਕਿ ਉਨ੍ਹਾਂ ਨੂੰ ਉਖੇੜਿਆ ਨਾ ਜਾ ਸਕੇ। ਲੋੜ ਤੁਹਾਡੇ ਇੱਕ ਹੋਣ ਦੀ ਹੈ। " ਇੱਕ ਔਰਤ ਨੇ ਉੱਚੀ ਆਵਾਜ਼ ਵਿੱਚ ਕਿਹਾ, "ਭਾਈ, ਤੂੰ ਗੱਲਾਂ ਤਾਂ ਵਧੀਆ ਕਰਦੈਂ। ਅੱਗੇ ਲੱਗ ਸਾਡੇ। ਜਿਵੇਂ ਕਹੇਂਗਾ, ਸਾਰੇ ਤੇਰੇ ਨਾਲ ਹਾਂ।" ਮੌਕੇ ਤੇ ਹੀ ਫੈਸਲਾ ਹੋ ਗਿਆ ਕਿ ਨਸ਼ਾ ਵੇਚਣ ਵਾਲਿਆਂ ਦੇ ਘਰ ਜਾਕੇ ਉਨ੍ਹਾਂ ਨੂੰ ਇਸ ਕੰਮ ਤੋਂ ਵਰਜਣਾ ਹੈ। ਜੇ ਉਹ ਨਾ ਸਮਝੇ ਫਿਰ ਕੋਈ ਅਗਲਾ ਕਦਮ ਚੁਕਾਂਗੇ। ਨਾਲ ਹੀ ਇਹ ਵੀ ਫੈਸਲਾ ਹੋਇਆ ਕਿ ਉਨ੍ਹਾਂ ਨਾਲ ਕੋਈ ਧੌਲ-ਧੱਫਾ ਵੀ ਨਹੀਂ ਕਰਨਾ। ਮਸ਼ਵਰਾ ਕਰਨ ਉਪਰੰਤ ਮਰਦ-ਔਰਤਾਂ ਦੇ ਵੱਡੇ ਕਾਫਲੇ ਨਾਲ ਅਸੀਂ ਇੱਕ ਤਸਕਰ ਦੇ ਘਰ ਵੱਲ ਚੱਲ ਪਏ। ਵਿਰਲਾਂ ਵਿੱਚ ਦੀ ਉਸਨੇ ਜਦੋਂ ਭੀੜ ਵੇਖੀ ਤਾਂ ਉਸਨੇ ਭੱਜਣ ਦੀ ਕੋਸ਼ਿਸ ਕੀਤੀ। ਪਰ ਲੋਕਾਂ ਨੇ ਉਸਨੂੰ ਦਬੋਚ ਲਿਆ। ਉਸ ਨਾਲ ਹੋਈ ਗੱਲ ਬਾਤ ਤੋਂ ਪਤਾ ਲੱਗਿਆ ਕਿ ਬਾਕੀ ਦੇ ਤਿੰਨ ਤਸਕਰ ਸ਼ਹਿਰ ' ਮਾਲ' ਲੈਣ ਗਏ ਹੋਏ ਨੇ। ਦੁਪਹਿਰ ਦੋ ਵਜੇ, ਵਾਲੀ ਬੱਸ ਤੇ ਮਾਲ ਲੈਕੇ ਆਉਣਗੇ। ਬੱਸ ਆਉਣ ਵਿੱਚ ਹਾਲਾ ਅੱਧਾ ਘੰਟਾ ਬਾਕੀ ਸੀ। ਲੋਕਾਂ ਦੇ ਭਾਰੀ ਦਬਾਅ ਹੇਠ ਘਰ ਪਿਆ ਨਸ਼ਾ ਉਸਨੇ ਕੁਝ ਮੁਹਤਬਰਾਂ ਦੇ ਹਵਾਲੇ ਕਰ ਦਿੱਤਾ। ਇਸ ਉਪਰੰਤ ਉਹਨੂੰ ਨਾਲ ਲੈਕੇ ਬੱਸ ਸਟੈਂਡ ਵੱਲ ਚਲ ਪਏ। ਜਦੋਂ ਬੱਸ ਆਈ ਤਾਂ ਅਸੀਂ ਇੱਕ ਪਾਸੇ ਖੜੋਕੇ ਉਨ੍ਹਾਂ ਨੂੰ ਉਡੀਕਣ ਲਗ ਪਏ। ਜਦੋਂ ਉਹ ਬੱਸ ਤੋਂ ਉਤਰੇ ਤਾਂ ਪੀੜਤ ਔਰਤਾਂ ਅਤੇ ਮਰਦਾਂ ਨੇ ਉਨ੍ਹਾਂ ਨੂੰ ਘੇਰ ਲਿਆ। ਫਿਟ ਲਾਹਨਤਾਂ ਪਾਉਣ ਉਪਰੰਤ ' ਮਾਲ' ਦੀ ਬਰਾਮਦਗੀ ਵੀ ਕਰ ਲਈ। ਚਾਰਾਂ ਨੂੰ ਜਦੋਂ ਔਰਤਾਂ ਅਤੇ ਮਰਦਾਂ ਵੱਲੋਂ ਦੁਤਕਾਰਿਆ ਜਾ ਰਿਹਾ ਸੀ ਤਾਂ ਉਨ੍ਹਾਂ ਦੀਆਂ ਨਜ਼ਰਾਂ ਧਰਤੀ ਤੇ ਗੱਡੀਆਂ ਹੋਈਆਂ ਸਨ। ਉਨ੍ਹਾਂ ਵਿੱਚ ਨਾ ਹੀ ਬੋਲਣ ਦੀ ਹਿੰਮਤ ਸੀ ਅਤੇ ਨਾ ਹੀ ਬੜਕਾਂ ਮਾਰਨ ਦੀ। ਭਰੇ ਇਕੱਠ ਵਿੱਚ ਉਨ੍ਹਾਂ ਨੇ ਭਵਿੱਖ ਵਿੱਚ ਅਜਿਹਾ ਕੁੱਤਾ ਕਰਮ ਕਰਨ ਤੋਂ ਤੋਬਾ ਵੀ ਕੀਤੀ। ਰੋਹ ਵਿੱਚ ਆਈਆਂ ਔਰਤਾਂ, ਉਨ੍ਹਾਂ ਨੂੰ ਮੁਖ਼ਾਤਿਬ ਹੋਕੇ ਕਹਿ ਰਹੀਆਂ ਸਨ, " ਜੇ ਸਾਡੇ ਘਰ ਵਾਲਿਆਂ ਨੂੰ ਹੁਣ ਨਸ਼ਾ ਵੇਚਿਆ, ਫਿਰ ਅਸੀਂ ਥੋਨੂੰ ਚੱਜ ਨਾਲ ਧਨੇਸੜੀ ਦੇਵਾਂਗੀਆਂ।" ਚਾਰਾਂ ਨੂੰ ਗੁਰਦੁਆਰਾ ਸਾਹਿਬ ਲਿਜਾਕੇ ਨਸ਼ਾ ਨਾ ਵੇਚਣ ਦਾ ਪ੍ਰਣ ਵੀ ਲਿਆ। ਉਨ੍ਹਾਂ ਕੋਲੋਂ ਬਰਾਮਦ ਨਸ਼ਾ ਜਦੋਂ ਲੋਕਾਂ ਦੀ ਹਾਜਰੀ ਵਿੱਚ ਨਸ਼ਟ ਕੀਤਾ ਜਾ ਰਿਹਾ ਸੀ ਤਾਂ ਔਰਤਾਂ ਅਤੇ ਮਰਦਾਂ ਦੇ ਚਿਹਰਿਆਂ ਤੇ ਮੁਸਕਰਾਹਟ ਤੈਰ ਰਹੀ ਸੀ। ਪੰਦਰਾਂ ਕੁ ਦਿਨ ਅਸੀਂ ਉਸ ਪਿੰਡ ਨਾਲ ਲਗਾਤਾਰ ਜੁੜੇ ਰਹੇ। ਅਖਬਾਰਾਂ ਦੀ ਕਵਰੇਜ਼ ਕਾਰਨ ਪੁਲੀਸ ਵੀ ਹਰਕਤ ਵਿੱਚ ਆ ਗਈ। ਕੁਝ ਨਸ਼ੱਈ ਮਰੀਜਾਂ ਨੂੰ ਨਸ਼ਾ ਛੁਡਾਊ ਕੇਂਦਰ ਵਿੱਚ ਦਾਖ਼ਲ ਕਰਕੇ, ਕੁਝ ਨੂੰ ਘਰ ਦਵਾਈ ਦੇਕੇ ਨਸ਼ਾ ਮੁਕਤ ਕੀਤਾ ਗਿਆ। ਸਿਹਤ ਵਿਭਾਗ ਦੇ ਸਹਿਯੋਗ ਨਾਲ ਏਡਜ਼ ਪੀੜਤ ਮਰੀਜਾਂ ਨੂੰ ਅੰਮ੍ਰਿਤਸਰ ਇਲਾਜ਼ ਲਈ ਭੇਜਿਆ ਗਿਆ। ਦਿਨ ਛਿਪੇ ਜਦੋਂ ਅਸੀਂ ਪਿੰਡ ਵਿੱਚੋਂ ਘਰਾਂ ਨੂੰ ਪਰਤ ਰਹੇ ਸੀ ਤਾਂ ਪੀੜਤ ਔਰਤਾਂ ਦੇ ਘਰਾਂ ਵਿੱਚੋਂ ਆ ਰਹੀ ਰੋਸ਼ਨੀ ਤੋਂ ਇੰਜ ਲੱਗਦ ਸੀ ਜਿਵੇਂ ਚਾਨਣ ਨੇ ਹਨੇਰੇ ਤੇ ਜਿੱਤ ਪਾ ਲਈ ਹੋਵੇ।







**ਅਸੀਂ ਉਸ ਪੀੜਤ ਔਰਤ ਦਾ ਦੁੱਖ ਸੁਣਕੇ ਧੁਰ ਅੰਦਰ ਤੱਕ ਹਿੱਲ ਗਏ। ਥੋੜੇ ਸਮੇਂ ਅੰਦਰ ਹੀ ਹੋਰ ਅਜਿਹੀਆਂ ਪੀੜਤ ਔਰਤਾਂ ਵੀ ਪੁੱਜ ਗਈਆਂ। ਸਭ ਦਾ ਦੁੱਖ ਇੱਕੋ ਜਿਹਾ ਸੀ। ਉਹ ਆਪਣੇ ਆਪ ਨੂੰ ਨਾ ਸੁਹਾਗਣਾਂ ਸਮਝ ਰਹੀਆਂ ਸਨ ਅਤੇ ਨਾ ਹੀ ਰੰਡੀਆਂ। ਅੰਦਾਜਨ ਤੀਹ ਕੁ ਪੀੜਤ ਔਰਤਾਂ, ਦੇ ਨਾਲ ਨਾਲ ਲੋਕਾਂ ਦਾ ਭਰਵਾਂ ਹਜੂਮ ਵੀ ਘਰ ਦੇ ਵਿਹੜੇ ਵਿੱਚ ਇਕੱਠਾ ਹੋ ਗਿਆ। ਉਨ੍ਹਾਂ ਸਾਰਿਆਂ ਦੇ ਵਿਚਾਲੇ ਖੜੋਕੇ ਉਚੀ ਅਵਾਜ਼ ਵਿੱਚ ਮੈਂ ਲੋਕਾਂ ਨੂੰ ਹੋਕਾ ਦਿੰਦਿਆਂ ਕਿਹਾ, " ਜਿਹੜੇ ਵਿਅਕਤੀ ਸਾਡੇ ਘਰਾਂ ਵਿੱਚ ਸੱਥਰ ਵਿਛਾ ਰਹੇ ਨੇ, ਜਿਹੜੇ ਲੋਕ ਮਾਸੂਮ ਬੱਚਿਆਂ ਦੇ ਮੂੰਹਾਂ ਵਿੱਚੋਂ ਰੋਟੀ ਖੋਹ ਕੇ ਐਸ਼-ਪ੍ਰਸਤੀ ਕਰ ਰਹੇ ਨੇ। ਇਨ੍ਹਾਂ ਔਰਤਾਂ ਦੀ ਦੂਰਦਸ਼ਾ ਵੱਲ ਵੇਖੋ। ਇਹ ਨਾ ਸੋਚੋ ਕਿ ਇਹ ਅੱਗ ਇਨ੍ਹਾਂ ਦੇ ਘਰਾਂ ਨੂੰ ਲੱਗੀ ਹੋਈ ਹੈ।**

ਕੋਰੋਨਾ ਵਾਇਰਸ ਦੇ ਚੱਲਦਿਆਂ ਹੁਣ ਤੁਸੀਂ ਰੋਮੀ ਸਿੱਧੂ ਕੋਲੋਂ ਇੰਸ਼ੋਰੈਂਸ ਫੋਨ ਉੱਪਰ ਵੀ ਕਰਵਾ ਸਕਦੇ ਹੋ
Call Romi Sidhu For Insurance & Financial Needs
StateFarm IS NOW Desjardins Insurance
Monday-Friday 9:00 am to 5:30 PM
Weekends: All Other Times Appointments only
4851 Westwinds Drive NE, Suite 217, Calgary, AB T3J 4L4
B:403-568-4330 C:403 615 7664
Email:romi.sidhu@desjardins.com
*HOME *DISABILITY *VEHICLE FINANCE
*AUTO *RRSP *CRITICAL ILLNESS
*LIFE *RESP *MUTUAL FUNDS
Romi Sidhu, Agent

Trips Booker TRAVEL AGENCY
Airline Tickets/Hotel/Tours/Supers Visa Insurance
TRAVEL NOW AND PAY LATER
We Can Finance For 03 to 12 Months*
LOWEST AIR FARE DEALS
USA, EUROPE, AUSTRALIA, MIDDLE EAST, MAXICO,CUBA, SOUTH AMERICA, CHINA, PHILIPPINES, INDIA, PAKISTAN
We Deals in: ਅਸੀਂ ਹੇਠ ਲਿਖਿਆਂ ਸੇਵਾਵਾਂ ਦਿੰਦੇ ਹਾਂ
• Airline Tickets • ਏਅਰਲਾਈਨਜ਼ ਟਿਕਟ
• Tour Packages • ਟੂਰ ਪੈਕੇਜ
• Cruises • ਕਰੂਜ਼ਜ
• Travel Insurance • ਟਰੈਵਲ ਇੰਸ਼ੋਰੈਂਸ
• Super Visa Medical Insurance (Monthly Payment Plans) • ਸੁਪਰ ਵੀਜ਼ਾ ਮੈਡੀਕਲ ਇੰਸ਼ੋਰੈਂਸ • (ਮੰਥਲੀ ਪੇਮੈਂਟ ਪਲੈਨਜ)
3650 Westwinds Drive NE, Suite #105, Calgary AB T3J 0W9
E-mail:reservation@Tripsbooker.ca www.Tripsbooker.ca
Calgary : 403 668 4800
Edmonton: 780 936 0045
Winnipeg: 204 410 2179
Regina& Saskatoon: 306 205 1340
Toll free: 1866 266 6500

ਨਵੇਂ ਪੁਰਾਣੇ ਘਰਾਂ ਅੰਦਰ ਕਿਚਨ ਕੈਬਿਨੇਟ ਦਾ ਕੰਮ
ਕੋਈ ਮੈਟਲ ਡੋਰ, ਜਾਂ ਸਧਾਰਣ ਡੋਰ ਲਗਾਉਣਾ ਹੈ ਜਾਂ ਮੋਲਡਿੰਗ, ਬੁੱਕ ਸੈਲਫ, ਪੌੜੀਆਂ ਦੀ ਰੇਲਿੰਗ, ਜਾਂ ਹਾਰਡਵੁੱਡ ਦਾ ਕੰਮ ਕਰਵਾਉਣਾ ਹੈ ਤਾਂ ਸੰਪਰਕ ਕਰੋ।
Specialist In:
All Type of Residential & Commercial Woodwork
Interior Finishing: Kitchen Cabinets:
Railing & Decorating
Manpreet Thind
Ph: (403) 455-1000
www.perfectfinishing.ca
Perfect Finishing Corp.
NewStar Cabinets Ltd.
3341 19 St NE Calgary AB T2E 6S8

BLUE ARTISAN
ACRYLIC STUCCO - EIFS SYSTEM
BRICK WORK - ALL EXTERIOR TREATMENTS
ਅਕਰੈਲਿਕ ਸਟੱਕੋ, ਐਫਿਸ ਸਿਸਟਮ, ਬਰਿੱਕ ਵਰਕ, ਅਤੇ ਘਰਾਂ ਦੀ ਬਾਹਰਲੇ ਹਿੱਸੇ ਨੂੰ ਆਲੋਕਾਰੀ ਦਿੱਖ ਦੇਣ ਲਈ ਸਾਡੀ ਮਾਹਿਰ ਟੀਮ ਤੁਹਾਡੀ ਸੇਵਾ ਵਿੱਚ ਹਾਜਿਰ ਹੈ।
PARDUMAN RAEWAL
Founder & Master Artisan
Direct: 403.616.1825
Email: pamma@blueartisan.ca
Website: www.blueartisan.ca

CHANDIGARH DRIVING SCHOOL
Don't Learn Safety by Accident
Class 1, 3 & 5
Brush up 1, 3 & 5
Certification Courses
Air Brake (Q endorsement)
Advance Training Course
Car & Tractor Trailor for Road Test
ਵਧੀਆ ਸੇਵਾਵਾਂ, ਵਾਜਬ ਕੀਮਤਾਂ
RAVINDER SINGH SOHI
Alberta Certified Class 1,3,5 (Driving Instructor)
We Can Speak English, German, Punjabi, Hindi & Urdu
We have 24 years Experience
Auto & Manual Truck For Training
ਚੰਡੀਗੜ੍ਹ ਡਰਾਈਵਿੰਗ ਸਕੂਲ
Ph.:403-826-9150
ਸੈਕਟਰ 9 ਚੰਡੀਗੜ੍ਹ ਦੇ ਜੰਮਪਲ ਰਵਿੰਦਰ ਸਿੰਘ ਸੋਹੀ ਨੇ ਖੋਲ੍ਹ ਦਿੱਤਾ
Email : cdscalgary@yahoo.ca

Any Commercial or Domestic disposable items, like sofa, table,chair, bed, mattress, washer, dryer, fridge etc.or any lumber, we will pickup from your constructionsite/residence at a very reasonable rate.
Junk Dump Edmonton
Junk Removal
Call: 780 700 5022
ਕਮਰਸ਼ੀਅਲ ਜਾਂ ਘਰ ਦਾ ਕੋਈ ਵੀ ਪੁਰਾਣਾ ਫਰਨੀਚਰ ਜਿਵੇਂ ਕਿ ਸੋਫੇ, ਟੇਬਲ, ਗੱਦੇ, ਬੈਡ, ਵਾਸ਼ਰ, ਡਰਾਇਅਰ, ਫਰਿੱਜ ਕਿੱਸੇ ਵੀ ਕਿਸਮ ਦਾ ਸਮਾਨ ਹੋਵੇ ਅਸੀ ਆਪ ਤੁਹਾਡੇ ਘਰੋ ਵਾਜਬ ਕੀਮਤਾਂ ਤੇ ਲੈਕੇ ਜਾਵਾਂਗੇ ਤੇ ਉਹਨਾਂ ਨੂੰ ਡਿਸਪੋਜ਼ ਕਰਾਗੇਂ।

# ਨਿਹੰਗ ਸਿੰਘਾਂ ਬਾਰੇ ਮੇਰੇ ਮਨ ਤੇ ਉੱਕਰੇ ਪ੍ਰਭਾਵ ਅਤੇ ਕਿਸਾਨ ਮੋਰਚੇ ਵਿੱਚ ਇਹਨਾਂ ਦੀ ਭੂਮਿਕਾ



ਕੁਲਦੀਪ ਸਿੰਘ ਦੀਪ
0091-9876820600
ਫੇਸ 2, ਅਰਬਨ ਅਸਟੇਟ
ਪਟਿਆਲਾ

ਅੱਜ ਜਦੋਂ ਅਸੀਂ ਕਿਸਾਨ ਮੋਰਚੇ ਵਿੱਚ ਨਿਹੰਗ ਸਿੰਘਾਂ ਦੁਆਰਾ ਲਖਬੀਰ ਸਿੰਘ ਦੀ ਕੀਤੀ ਕਰੂਰ ਹੱਤਿਆ ਕਾਰਨ ਪੈਦਾ ਹੋਏ ਪ੍ਰਭਾਵਾਂ ਦਾ ਲੇਖਾ-ਜੋਖਾ ਕਰ ਰਹੇ ਹਾਂ ਤਦ ਨਾਲ ਹੀ ਨਿਹੰਗਾਂ ਦੇ ਅਤੀਤ, ਵਰਤਮਾਨ ਅਤੇ ਭਵਿੱਖ ਦਾ ਅਵਲੋਕਨ ਵੀ ਕਰ ਰਹੇ ਹਾਂ। ਮੈਂ ਬਹੁਤ ਪਿੱਛੇ ਚਲਾ ਜਾਂਦਾ ਹਾਂ ਜਦ ਪਹਿਲੀ ਵਾਰ ਇਸ ਜਮਾਤ ਨਾਲ ਮੇਰਾ ਵਾਹ ਪਿਆ ਸੀ। ਮੇਰੇ ਪਿੰਡ ਵਿਚ ਕੋਈ ਨਿਹੰਗ ਨਹੀਂ ਸੀ, ਪਰ ਜਦ ਮੈਂ ਪਹਿਲੀ ਵਾਰ ਪੰਜਵੀ ਜਮਾਤ ਪਾਸ ਕਰਕੇ ਨਾਲ ਦੇ ਪਿੰਡ ਦੇ ਮਿਡਲ ਸਕੂਲ ਵਿਚ ਆਇਆ ਤਾਂ ਉਸ ਸਕੂਲ ਦੀ ਚਾਰਦੀਵਾਰੀ ਦੇ ਪਰਲੇ ਪਾਸੇ ਨਿਹੰਗ ਸਿੰਘਾਂ ਦਾ ਇੱਕ ਘਰ ਸੀ, ਜਿਸ ਦੇ ਸੱਦੇ ਤੇ ਨਿਹੰਗਾਂ ਦਾ ਵੱਡਾ ਕਾਫ਼ਲਾ ਸਾਲ ਵਿਚ ਇੱਕ ਵਾਰ ਇੱਥੇ ਆਉਂਦਾ ਸੀ। ਬਰਛੇ, ਕਿਰਪਾਨਾਂ ਅਤੇ ਹੋਰ ਹਥਿਆਰਾਂ ਨਾਲ ਲੈਸ, ਨੀਲੇ ਚੋਲਿਆਂ ਦਾ ਪਹਿਰਾਵਾ ਅਤੇ ਦੁਮਾਲਿਆਂ ਨਾਲ ਸਜੀਆਂ ਭਾਰੀ ਦਸਤਾਰਾਂ ਸਜਾਈ, ਘੋੜੇ ਦੁੜਾਉਂਦਾ ਅਤੇ ਜੈਕਾਰੇ ਗਜਾਉਂਦਾ ਇਹ ਕਾਫ਼ਲਾ ਮੇਰੇ ਬਾਲ ਮਨ ਤੇ ਕਈ ਪ੍ਰਭਾਵ ਪਾਉਂਦਾ ਸੀ।

• ਕਦੇ ਮੈਨੂੰ ਇਹ ਬਹਾਦਰ ਫੌਜੀ ਲੱਗਦੇ, ਪਰ ਇਹ ਨਾ ਪਤਾ ਲਗਦਾ ਕਿ ਇਹ ਕੀਹਦੇ ਨਾਲ ਲੜਨ ਆਏ ਹਨ ਜਾਂ ਕਿਸ ਨਾਲ ਜਾ ਕੇ ਲੜਨਗੇ...

• ਕਦੇ ਮੈਨੂੰ ਉਹਨਾਂ ਦੇ ਬਰਛਿਆਂ ਤੇ ਕਿਰਪਾਨਾਂ ਤੋਂ ਡਰ ਲਗਦਾ ਤੇ ਮੈਂ ਹੋਰਨਾਂ ਸਾਥੀਆਂ ਨਾਲ ਇਹਨਾਂ ਤੋਂ ਡਰਦਾ ਹੋਇਆ ਇਹਨਾਂ ਦੇ ਕੋਲ ਨਾ ਜਾਂਦਾ, ਪਰ ਦੂਰੋਂ ਇਹਨਾਂ ਦੇ ਕਰਤੱਬ ਦੇਖਣ ਤੋਂ ਰਹਿ ਵੀ ਨਾ ਸਕਦਾ।

• ਫੇਰ ਇਹਨਾਂ ਦਾ ਇੱਕ ਹੋਰ ਪੱਖ ਸਾਮ੍ਹਣੇ ਆਉਂਦਾ ਜਦ ਉਹ ਆਪਣੇ ਘੋੜਿਆਂ ਨੂੰ ਜਾਂ ਤਾਂ ਆਪਣੀ ਮਨਮਰਜੀ ਨਾਲ ਖੇਤਾਂ ਵਿੱਚ ਛੱਡ ਦਿੰਦੇ ਜਾਂ ਧੱਕੇ ਨਾਲ ਜਿਸ ਦੇ ਮਰਜੀ ਖੇਤ ਵਿੱਚੋਂ ਪੱਠੇ ਵੱਢ ਲਿਆਉਂਦੇ...ਉਜਾੜਾ ਪਾ ਦਿੰਦੇ।

• ਉਸ ਵਕਤ ਤਾਂ ਹੱਦ ਹੀ ਹੁੰਦੀ, ਜਦ ਉਹ ਸਾਡੇ ਮਾਸਟਰਾਂ ਕੋਲ ਸਕੂਲ ਵਿੱਚ ਆ ਜਾਂਦੇ ਤੇ ਉਹਨਾਂ ਤੋਂ ਪੁੱਛਦੇ ਨਹੀਂ ਸੀ, ਬਲਕਿ ਬਸ ਕਹਿ ਕੇ ਜਾਂਦੇ ਸੀ ਕਿ ਮਾਸਟਰ ਜੀ ਅਸੀਂ ਤਿੰਨ-ਚਾਰ ਦਿਨ ਲਈ ਸਕੂਲ ਵਿਚ ਘੋੜੇ ਬੰਨ੍ਹਣੇ ਹਨ। ਬਸ ਫੇਰ ਸਾਡੇ ਦੇਖਦੇ ਦੇਖਦੇ ਉਹਨਾਂ ਦੇ ਘੋੜੇ ਤੇ ਹੋਰ ਪਸ਼ੂ ਸਕੂਲ ਦੇ ਅੰਦਰ ਹੁੰਦੇ..ਸਰਦੀਆਂ ਵਿੱਚ ਤਾਂ ਇੱਕ ਅੱਧ ਵਾਰ ਕਮਰਿਆਂ ਦੇ ਅੰਦਰ ਵੀ ਘੋੜੇ ਬੰਨ੍ਹ ਦਿੱਤੇ ਜਾਂਦੇ ਤੇ ਸਾਨੂੰ ਛੁੱਟੀ ਕਰ ਦਿੱਤੀ ਜਾਂਦੀ।

ਮੇਰੇ ਬਾਲ ਮਨ ਨੂੰ ਇਹ ਬਹੁਤ ਬੁਰਾ ਲੱਗਦਾ..ਸਮਝ ਨਾ ਆਉਂਦਾ ਕਿ ਇਹ ਲੋਕ ਸਾਡੇ ਪੜ੍ਹਨ ਵਾਲੇ ਕਮਰਿਆਂ ਵਿੱਚ ਘੋੜੇ ਕਿਉਂ ਬੰਨ੍ਹ ਕੇ ਗਏ। ਕਈ ਦਿਨ ਅਸੀਂ ਘੋੜਿਆਂ ਦੀ ਲਿੱਦ ਬਾਹਰ ਸੁੱਟਦੇ ਰਹਿੰਦੇ..ਕਈ ਵਾਰ ਤਾਂ ਕਮਰਾ ਧੋਣ ਦੇ ਬਾਵਜੂਦ ਕਮਰਿਆਂ ਵਿੱਚੋਂ ਕਈ ਕਈ ਦਿਨ ਮੁਸ਼ਕ ਨਹੀਂ ਜਾਂਦਾ ਸੀ।

ਫਿਰ ਉਹਨਾਂ ਦਿਨਾਂ ਵਿੱਚ ਉਸ ਪਿੰਡ ਦੇ ਨਿਆਣਿਆਂ ਤੋਂ ਨਵੀਆਂ-ਨਵੀਆਂ ਕਹਾਣੀਆਂ ਸੁਣਦੇ..ਪਿੰਡ ਵਿੱਚੋਂ ਧੱਕੇ ਨਾਲ ਰਸਦ ਇੱਕਠੀ ਕਰਨਾ...ਕਣਕ ਇੱਕਠੀ ਕਰਨਾ...ਪਸ਼ੂਆਂ ਲਈ ਤੂੜੀ ਇੱਕਠੀ ਕਰਨਾ...ਅਤੇ ਅਜਿਹਾ ਹੋਰ ਬਹੁਤ ਕੁੱਝ...

ਪਿੰਡ ਵਿੱਚ ਜਦ ਕਿਤੇ ਜ਼ਮੀਨ ਦਾ ਝਗੜਾ ਹੁੰਦਾ ਤਾਂ ਅਕਸਰ ਕਿਸੇ ਨੂੰ ਕਹਿੰਦੇ ਸੁਣੀਂਦਾ ਕਿ ਜੇ ਸਿੱਧੇ ਹੋ ਕੇ ਜ਼ਮੀਨ ਸਾਨੂੰ ਦੇਣੀ ਐਂ ਤਾਂ ਦੱਸੋ, ਨਹੀਂ ਅਸੀਂ ਇੱਥੇ ਨਿਹੰਗ ਬਿਠਾ ਦੇਣੇ ਨੇ...

ਇਹੋ ਜਿਹੀਆਂ ਗੱਲਾਂ ਸੁਣ ਕੇ ਨਿਹੰਗਾਂ ਦਾ ਦਹਿਸ਼ਤੀ ਰੂਪ ਬਾਲ ਮਨਾਂ ਤੇ ਪੱਕੇ ਤੌਰ ਤੇ ਉਕਰਿਆ ਜਾਂਦਾ...

ਖੈਰ ! ਸਮਾਂ ਲੰਘਿਆ..ਵੱਡੇ ਹੋਏ...ਨਿਹੰਗ ਸਿੰਘਾਂ ਦਾ ਕਿਤਾਬਾਂ ਵਿੱਚ ਜ਼ਿਕਰ ਪੜ੍ਹਨਾ ਸ਼ੁਰੂ ਕੀਤਾ। ਪਤਾ ਲੱਗਿਆ ਕਿ ਇਹਨਾਂ ਨੂੰ 'ਗੁਰੂ ਕੀਆਂ ਲਾਡਲੀਆਂ ਫੌਜਾਂ' ਕਿਹਾ ਜਾਂਦਾ ਸੀ। ਇਹਨਾਂ ਬਾਰੇ ਕਿਤੇ ਇਹ ਦਰਜ ਹੁੰਦਾ :

ਆਏ ਨੇ ਨਿਹੰਗ, ਬੂਹੇ ਖੋਲ੍ਹ ਦੋ ਨਿਸੰਗ...

ਮਤਲਬ ਕਿਸੇ ਦੌਰ ਵਿੱਚ ਨਿਹੰਗਾਂ ਨੂੰ ਸੁਰੱਖਿਆ ਦੀ ਗਾਰੰਟੀ ਸਮਝਿਆ ਜਾਂਦਾ ਸੀ ਅਤੇ ਲੋਕ ਇਹਨਾਂ ਦੇ ਹੁੰਦਿਆਂ ਬਿਨਾ ਡਰ ਤੋਂ ਘਰਾਂ ਦੇ ਬੂਹੇ ਖੋਲ੍ਹ ਦਿੰਦੇ ਸਨ।

ਕਿਤੇ ਇਹ ਦਰਜ ਹੁੰਦਾ :

ਮੋੜੀਂ ਬਾਬਾ ਕੱਛ ਵਾਲਿਆ ਸਰਦਾਰਾ,
ਗਈ ਰੰਨ ਬਸਰੇ ਨੂੰ...

ਭਾਵ ਜਦ ਮੁਗਲ ਹਿੰਦੁਸਤਾਨੀ ਕੁੜੀਆਂ ਨੂੰ ਚੁੱਕ ਕੇ ਲੈ ਜਾਂਦੇ ਸਨ ਤਾਂ ਇਹ 'ਕੱਛ (ਕਛਹਿਰੇ) ਵਾਲੇ ਸਰਦਾਰ' ਉਹਨਾਂ ਜਰਵਾਣਿਆਂ ਤੋਂ ਕੁੜੀਆਂ ਨੂੰ ਛੁਡਾਉਣ ਲਈ ਸਿਰ ਧੜ ਦੀ ਬਾਜੀ ਲਾ ਦਿੰਦੇ ਸਨ ਤੇ ਧੀਆਂ ਨੂੰ ਵਾਪਿਸ ਮੁੜਵਾ ਲਿਆਉਂਦੇ ਸਨ। ਖੈਬਰ ਦੱਰੇ ਤੋਂ ਲੈ ਕੇ ਜਮਨਾ ਦੇ ਇਲਾਕਿਆਂ ਤੱਕ ਦੂਜਿਆਂ ਦੀ ਰਾਖੀ ਕਰਨ ਦਾ ਇਹਨਾਂ ਦਾ ਕਿਰਦਾਰ ਇਤਿਹਾਸ ਵਿੱਚ ਪ੍ਰਸਿੱਧ ਸੀ।

ਕਿਤੇ ਦਰਜ ਹੁੰਦਾ ਸੀ : ਕਿ ਸਿੰਘ ਤਾਂ ਘੋੜਿਆਂ ਦੀਆਂ ਕਾਠੀਆਂ ਤੇ ਹੀ ਰਹਿੰਦੇ ਸਨ ਅਤੇ ਛੋਲੇ ਖਾ ਕੇ ਗੁਜਾਰਾ ਕਰਦੇ ਸਨ।

ਇਸ ਤੋਂ ਇਹਨਾਂ ਦੇ ਲੜਾਕੂ ਮਾਦੇ ਅਤੇ ਹਰ ਮੁਸੀਬਤ ਵਿੱਚ ਡਟੇ ਰਹਿਣ ਦੇ ਹੌਂਸਲੇ ਦਾ ਇਲਮ ਹੁੰਦਾ...ਇਹ ਸਾਰੀਆਂ ਗੱਲਾਂ ਪੜ੍ਹਕੇ ਇਹਨਾਂ ਪ੍ਰਤੀ ਸਤਿਕਾਰ ਦੀ ਭਾਵਨਾ ਆਉਂਦੀ।

ਉਹਨਾਂ ਦਿਨਾਂ ਵਿੱਚ ਢਾਡੀ-ਕਵੀਸ਼ਰ ਨਿਹੰਗ ਬਾਬਾ ਅਕਾਲੀ ਫੂਲਾ ਸਿੰਘ ਦੀ ਕਥਾ ਸੁਣਾਉਂਦੇ ਹੋਏ ਦੱਸਦੇ ਕਿ ਇੱਕ ਵਾਰ ਮਹਾਰਾਜਾ ਰਣਜੀਤ ਸਿੰਘ ਕੋਲੋਂ ਕੋਈ ਗਲਤੀ ਹੋ ਗਈ। ਅਕਾਲ ਤੱਖਤ ਦਾ ਸੇਵਾਦਾਰ ਹੁੰਦਿਆਂ ਅਕਾਲੀ ਫੂਲਾ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਨੂੰ ਤਲਬ ਕੀਤਾ ਅਤ ਉਸ ਨੂੰ ਅਕਾਲ ਤਖ਼ਤ ਦੇ ਬਾਹਰ ਦਰਖ਼ਤ ਨਾਲ ਬੰਨ੍ਹ ਕੇ ਕੋੜੇ ਮਾਰਨ ਦੀ ਸਜ਼ਾ ਸੁਣਾਈ। ਕਹਿੰਦੇ ਹਨ ਕਿ ਮਹਾਰਜਾ ਨੇ ਵੀ ਉਸ ਦੀ ਹੁਕਮ ਅਦੂਲੀ ਨਾ ਕੀਤੀ ਅਤੇ ਸਜ਼ਾ ਸਵੀਕਾਰ ਕਰ ਲਈ। ਲੋਕ ਕਹਿਣ ਲੱਗੇ : ਧੰਨ ਹਨ ਸਾਡੇ ਮਹਾਰਾਜਾ..ਰਾਜਾ ਹੋਵੇ ਤਾਂ ਐਸਾ। ਪਰ ਮਹਰਾਜਾ ਰਣਜੀਤ ਸਿੰਘ ਨੇ ਕਿਹਾ ਕਿ 'ਮਹਾਰਾਜ ਧੰਨ ਨਹੀਂ, ਧੰਨ ਤਾਂ ਅਕਾਲੀ ਫੂਲਾ ਸਿੰਘ ਹੈ, ਜਿਸ ਨੇ ਪੂਰੇ ਨਿੱਡਰ ਅਤੇ ਨਿਧੜਕ ਰੂਪ ਵਿੱਚ ਸਿੱਖੀ ਦੀ ਮਰਿਆਦਾ ਨੂੰ ਕਾਇਮ ਰੱਖਿਆ।

ਫੇਰ ਬਾਬਾ ਦੀਪ ਸਿੰਘ ਦੀ ਸ਼ਹਾਦਤ ਪੜ੍ਹਦਿਆਂ ਇਸ ਬਾਣੇ ਦਾ ਸਤਿਕਾਰ ਅਤੇ ਕਿਰਦਾਰ ਮਨਾਂ ਵਿੱਚ ਹੋਰ ਮਜ਼ਬੂਤ ਹੁੰਦਾ ਗਿਆ।

ਹੋਰ ਅੱਗੇ ਜਾ ਕੇ ਉਹਨਾਂ ਦੇ 'ਗੜਗੱਜ ਬੋਲੇ' ਪੜ੍ਹਨ ਨੂੰ ਮਿਲੇ। ਕਮਾਲ ਦੀ ਕੋਡ ਭਾਸ਼ਾ ਹਨ : ਨਿਹੰਗਾਂ ਦੇ ਗੜਗੱਜ ਬੋਲੇ। ਰੋਜ਼ਾਨਾ ਜੀਵਨ ਵਿੱਚ ਪ੍ਰਚਲਿਤ ਚੀਜ਼ਾਂ, ਸੰਕਲਪਾਂ ਅਤੇ ਕਿਰਿਆਵਾਂ ਲਈ ਜਿਵੇਂ ਉਹਨਾਂ ਨੇ ਮੈਟਾਫਰੀਕਲ ਸ਼ਬਦਾਂ ਦੀ ਵਰਤੋਂ ਕੀਤੀ, ਉਥੋਂ ਇਹਨਾਂ ਦੀ ਸੂਝ ਅਤੇ ਸ਼ਬਦ ਸ਼ਕਤੀ ਦੀ ਸਮਝ ਦਾ ਅਹਿਸਾਸ ਹੋਇਆ। ਰੇਲ ਗੱਡੀ ਨੂੰ ਭੂਤਨੀ, ਇੰਜਣ ਨੂੰ ਤੇਜਾ ਸਿੰਘ, ਪੋਸਤ ਨੂੰ ਸ਼ਾਹਜਹਾਂ, ਲੰਗੜੇ ਨੂੰ ਸੁਚਾਲਾ, ਚਿਖਾ ਨੂੰ ਕਾਠਗੜ੍ਹ, ਕੁੱਤੇ ਨੂੰ ਕੁਤਬਦੀਨ, ਚਿਲਮ ਨੂੰ ਖੋਤੀ, ਸ਼ਰਾਬ ਨੂੰ ਪੰਜ ਰਤਨੀ, ਅਫੀਮ ਨੂੰ ਚਿਮਨੀ ਬੇਗਮ, ਲਾਲ ਮਿਰਚ ਨੂੰ ਲੜਾਕੀ, ਪਜਾਮੇ ਨੂੰ ਦੁਨਾਲੀ ਅਤੇ ਘੱਗਰੇ ਨੂੰ ਧੂੜ ਕੋਟ ਵਰਗੇ ਕੋਡ ਸ਼ਬਦਾਂ ਨਾਲ ਸੰਬੋਧਨ ਕਰਨ ਵਾਲੇ ਇਹਨਾਂ ਨਿਹੰਗਾਂ ਕੋਲ ਕਿੰਨੀ ਭਾਸ਼ਾਈ ਸੂਝ ਹੋਵੇਗੀ, ਹੈਰਾਨੀ ਵਾਲੀ ਗੱਲ ਹੈ।

ਪਰ ਇਹ ਸਭ ਅਤੀਤ ਹੀ ਰਿਹਾ..ਸੁਨਹਿਰਾ ਅਤੀਤ। ਇਹਨਾਂ ਦਾ ਵਰਤਮਾਨ ਇਸ ਅਤੀਤ ਤੋਂ ਬਹੁਤ ਜ਼ਿਆਦਾ ਵੱਖਰਾ ਰਿਹਾ। ਬਲਿਊ ਸਟਾਰ ਅਪਰੇਸ਼ਨ ਤੋਂ ਬਾਅਦ ਜਿਸ ਤਰ੍ਹਾਂ ਇਹਨਾਂ ਸਮੂਹ ਦੀ ਇੱਛਾ ਦੇ ਉਲਟ ਸਰਕਾਰੀ ਧਿਰ ਬਣ ਕੇ ਅਕਾਲ ਤਖ਼ਤ ਦੀ 'ਸਰਕਾਰੀ ਸੇਵਾ' ਕਰਵਾਈ ਉਸ ਨਾਲ ਇਹਨਾਂ ਪ੍ਰਤੀ ਰਹਿੰਦਾ ਮੋਹ ਵੀ ਖ਼ਤਮ ਹੋਇਆ। ਇੱਕ ਹੋਰ ਨਫ਼ਰਤਯੋਗ ਪਾਤਰ ਅਜੀਤ ਸਿੰਘ ਪੂਹਲੇ ਦੇ ਦਰਿੰਦਗੀ ਭਰਪੂਰ ਕਾਰਨਾਮਿਆਂ ਦੀ ਗੂੰਜ ਨੇ ਇਸ ਸੰਪਰਦਾਇ ਦੀ ਭੂਮਿਕਾ ਪ੍ਰਤੀ ਬਹੁਤ ਸਾਰੇ ਸ਼ੰਕੇ ਖੜੇ ਕੀਤੇ। ਉਦੋਂ ਤੋਂ ਲੈ ਕੇ ਅੱਜ ਤੱਕ ਸਿਵਾਇ ਗਤਕਾਂ ਪ੍ਰਦਰਸ਼ਨਾਂ ਦੇ ਅਤੇ..ਇੱਕ ਥਾਂ ਤੋਂ ਦੂਜੀ ਥਾਂ ਤੇ ਘੋੜੇ ਭਜਾ ਕੇ ਕੀਤੇ ਪ੍ਰਸਥਾਨਾਂ ਤੋਂ ਬਿਨਾ ਇਹਨਾਂ ਦੀ ਕੋਈ ਸਮਾਜਿਕ ਭੂਮਿਕਾ ਨਹੀਂ ਸਾਮ੍ਹਣੇ ਆਈ। ਸਗੋਂ ਇਹਨਾਂ ਬਾਰੇ ਆਮ ਲੋਕਾਂ ਵਿੱਚ ਲਗਾਤਾਰ ਗ਼ਲਤ ਧਾਰਨਾਵਾਂ ਪੈਦਾ ਹੁੰਦੀਆਂ ਰਹੀਆਂ।

ਬਹੁਤ ਸਾਰੀਆਂ ਲੁੱਟਾਂ-ਖੋਹਾਂ ਵਿੱਚ ਇਹਨਾਂ ਦੇ ਨਾ ਆਉਂਦੇ ਰਹੇ..

ਆਮ ਲੋਕਾਂ ਉੱਪਰ ਇਹਨਾਂ ਦੇ ਰੋਅਬ ਦੇ 'ਖੁਰਾਫਾਤੀ ਕਿੱਸੇ' ਸਾਮ੍ਹਣੇ ਆਉਂਦੇ ਰਹੇ...

ਗੁਰੂਦੁਆਰਿਆਂ ਤੇ ਕਬਜ਼ਿਆਂ ਦੀਆਂ ਲੜਾਈਆਂ ਦੇ ਚਰਚੇ ਸੁਣਦੇ ਰਹੇ...

ਇਹ ਵੀ ਕਿਹਾ ਜਾਂਦਾ ਸੀ ਕਿ ਕਿਸੇ ਵੀ ਕਾਰਨ ਕਰਕੇ ਪੰਜਾਬੀ ਰਹਿਤਲ ਵਿੱਚ ਘਰੋਂ ਭੱਜ ਕੇ ਜਾਣ ਵਾਲੇ ਮੁੰਡੇ ਜਾਂ ਡਰਾਇਵਰ ਬਣਦੇ ਹਨ, ਜਾਂ ਨਿਹੰਗ ਬਣ ਜਾਂਦੇ ਹਨ।

ਨਸ਼ੇ-ਪੱਤਿਆਂ ਦੇ ਮਾਮਲੇ ਵਿੱਚ ਇਹਨਾਂ ਦੇ ਭੰਗ-ਸੁੱਖਾ ਆਦਿ ਪੀਣ ਦੇ ਕਿੱਸੇ ਮਸ਼ਹੂਰ ਰਹੇ।

ਕੁਝ ਇੱਕ ਨੂੰ ਛੱਡ ਕੇ ਇਹਨਾਂ ਵਿੱਚ ਪੜ੍ਹੇ ਲਿਖੇ ਲੋਕ ਬਹੁਤ ਘੱਟ ਸ਼ਾਮਿਲ ਹੁੰਦੇ ਹਨ। ਇੱਥੋਂ ਤੱਕ ਕਿ ਬਹੁਤ ਸਾਰੇ ਲੋਕ ਇਸ ਸੰਪਰਦਾਇ ਦਾ ਅੰਮ੍ਰਿਤ ਇਸ ਕਰਕੇ ਛਕਦੇ ਰਹੇ ਕਿ ਇਹਨਾਂ ਵਿਚ ਨਸ਼ੇ-ਪੱਤਿਆਂ ਸਮੇਤ ਹੋਰ ਲਈ ਪ੍ਰਕਾਰ ਦੀਆਂ 'ਛੋਟਾਂ' ਹੁੰਦੀਆਂ ਸਨ।

ਕਰੋਨਾ ਕਾਲ ਵਿਚ ਪਟਿਆਲਾ ਵਿੱਚ ਇੱਕ ਪੁਲਿਸ ਵਾਲੇ ਦਾ ਤਲਵਾਰ ਨਾਲ ਗੁੱਟ ਵੱਢਣ ਵੇਲੇ ਵੀ ਇਹ ਫਿਰਕਾ ਸੁਰਖੀਆਂ ਵਿੱਚ ਆਉਂਦਾ ਰਿਹਾ।

ਹੁਣ ਕਿਸਾਨ ਅੰਦੋਲਨ ਦੀ ਗੱਲ ਕਰੀਏ ਤਾਂ ਭਾਵੇਂ ਇਹ ਕਿਸਾਨ ਸੰਘਰਸ਼ ਦਾ ਸਮਰਥਨ ਕਰਨ ਦਾ ਦਾਅਵਾ ਕਰਦੇ ਹਨ, ਪਰ ਸ਼ੁਰੂ ਤੋਂ ਹੀ ਇਹਨਾਂ ਦੀ ਭੂਮਿਕਾ ਵਿਵਾਦੀ ਰਹੀ। ਇਹਨਾਂ ਦੀ ਇਸੇ ਵਿਵਾਦੀ ਭੂਮਿਕਾ ਨੂੰ ਦੇਖਦਿਆਂ ਜਦ ਕਿਸਾਨ ਆਗੂ ਰਾਜੇਵਾਲ ਨੇ ਇਹਨਾਂ ਨੂੰ ਸਿੰਘੂ ਤੋਂ ਜਾਣ ਲਈ ਕਿਹਾ ਸੀ ਤਾਂ ਬਹੁਤ ਸਾਰਾ ਰੌਲਾ ਪਿਆ ਸੀ। 26 ਜਨਵਰੀ ਵਾਲੀ ਘਟਨਾ ਵਿੱਚ ਇਹਨਾਂ ਦੇ ਕਈ ਮੈਂਬਰ ਤਲਵਾਰਾਂ ਚੁੱਕੀਂ ਪੁਲਿਸ ਨਾਲ ਖਹਿਬੜਦੇ ਦੇਖੇ ਅਤੇ ਗੋਦੀ ਮੀਡੀਆ ਨੇ ਇਹਨਾਂ ਫੋਟੋਆਂ/ਵੀਡੀ? ਦਾ ਵਾਰ ਵਾਰ ਰੀਪਲੇਅ ਕਰਕੇ ਇਸੇ ਦੇ ਆਧਾਰ ਤੇ ਇਸ ਸੰਘਰਸ਼ ਨੂੰ ਅਤਵਾਦੀਆਂ ਦਾ ਮੋਰਚਾ ਕਿਹਾ ਸੀ। ਉਸ ਤੋਂ ਬਾਅਦ ਵੀ ਇਹਨਾਂ ਦੁਆਰਾ ਕੀਤੀਆਂ ਕਈ ਅਜਿਹੀਆਂ ਘਟਨਾਵਾਂ ਸਾਮ੍ਹਣੇ ਆਉਂਦੀਆਂ ਰਹੀਆਂ। ਇੱਕ ਬੱਚੇ ਦਾ ਗੁੱਟ ਕੱਟ ਦਿੱਤਾ ਗਿਆ, ਇੱਕ ਬੀਬੀ ਨਾਲ ਦੁਰਵਿਹਾਰ ਕੀਤਾ ਗਿਆ। ਲਖਬੀਰ ਸਿੰਘ ਨੂੰ ਨਿਰਦੈਤਾ ਨਾਲ ਮਾਰਨ ਵਾਲੀ ਘਟਨਾ ਤਾਂ ਇਸ ਦਾ ਸਿਰਾ ਸੀ। ਉਸ ਤੋਂ ਬਾਅਦ ਫਿਰ ਇੱਕ ਨਿਹੰਗ ਨਵੀਨ ਨੇ ਸਿੰਘੂ ਬਾਰਡਰ ਤੋਂ ਬਿਨਾ ਪੈਸੇ ਦਿੱਤਿਆਂ ਮੁਰਗੇ ਦੀ ਮੰਗ ਕੀਤੀ, ਪਰ ਉਹਨਾਂ ਨਹੀਂ ਦਿੱਤਾ ਅਤੇ ਆਖਿਰ ਇਸ ਨੂੰ ਬੀੜੀ ਪੀਣ ਦੇ ਇਲਜ਼ਾਮ ਲਗਾ ਕੇ ਉਸ ਦੀਆਂ ਲੱਤਾਂ ਤੇ ਬਹੁਤ ਸੱਟਾਂ ਮਾਰੀਆਂ...

ਲਖਬੀਰ ਕਤਲ ਕਾਂਡ ਤੋਂ ਬਾਅਦ ਜਿਸ ਤਰ੍ਹਾਂ ਅਮਨ ਸਿੰਘ ਨਿਹੰਗ ਦੀਆਂ ਤੋਮਰ ਨਾਲ ਬੈਠੇ ਜਾਂ ਸਿਰੋਪਾ ਲੈਂਦੇ ਦੀ ਫੋਟੋ ਵਾਇਰਲ ਹੋਈ, ਉਸ ਉੱਪਰ ਗਾਂਜੇ ਦਾ ਪਰਚਾ ਦਰਜ ਹੋਣ ਵਾਲੀ ਖ਼ਬਰ ਸਾਮ੍ਹਣੇ ਆਈ ਅਤੇ ਅਜਿਹਾ ਹੋਰ ਬਹੁਤ ਕੁੱਝ ਸਾਮ੍ਹਣੇ ਆਇਆ ਤਾਂ ਤਸਵੀਰ ਹੀ ਪਲਟ ਗਈ। ਪਹਿਲਾ ਇਹ ਨੈਰੇਟਿਵ ਸਿਰਜਿਆ ਗਿਆ ਕਿ ਕਿਸਾਨੀ ਦੀ ਲੜਾਈ ਇਹ ਨਿਹੰਗ ਲੜ ਰਹੇ ਹਨ, ਕਿਸਾਨ ਨੇਤਾ ਤਾਂ ਵੈਸੇ ਹੀ ਟਿੰਡ 'ਚ ਕਾਨਾ ਪਾਈ ਫਿਰਦੇ ਹਨ। ਬਾਕਾਇਦਾ ਇਹ ਬਿਆਨ ਆਉਣ ਲੱਗ ਪਏ ਕਿ ਹੁਣ ਸਾਡੇ ਇੱਥੇ ਰਹਿਣ ਜਾਂ ਨਾ ਰਹਿਣ ਦਾ ਫੈਸਲਾ ਕਿਸਾਨ ਆਗੂ ਨਹੀਂ ਕਰਨਗੇ ਬਲਕਿ 'ਸੰਗਤ' ਕਰੇਗੀ। 26 ਜਨਵਰੀ ਦੀ ਘਟਨਾ ਵਿੱਚੋਂ ਅੱਲਗ-ਥੱਲਗ ਹੋਏ ਦੀਪ ਸਿੱਧੂ ਅਤੇ ਉਸ ਦੇ ਆਕਾਵਾਂ ਨੂੰ ਫੇਰ ਆਪਣਾ ਕੂੜ ਪ੍ਰਚਾਰ ਕਰਨ ਦਾ ਮੌਕਾ ਮਿਲ ਗਿਆ। ਪਰ ਕੁੱਝ ਕੁ ਦਿਨਾਂ ਵਿੱਚ ਹੀ ਸਾਰਾ 'ਢੋਲ ਦਾ ਪੋਲ' ਸਾਮ੍ਹਣੇ ਆ ਗਿਆ। ਹੁਣ ਬਹੁਤ ਸਾਰੀਆਂ ਨਿਹੰਗ ਜਥੇਬੰਦੀਆਂ ਵੀ ਖੁੱਲ੍ਹ ਕੇ ਇਸ ਕਾਰੇ ਦੇ ਅਤੇ ਇਹਨਾਂ ਦੁਆਰਾ ਸਿਰਜੇ ਬਿਰਤਾਂਤ ਦੇ ਵਿਰੋਧ ਵਿੱਚ ਆ ਗਈਆਂ। ਬਾਬਾ ਰਾਜਾ ਰਾਜ ਸਿੰਘ, ਕੁਲਵਿੰਦਰ ਸਿੰਘ, ਬਾਬਾ ਮਾਨ ਸਿੰਘ ਆਦਿ ਦੇ ਤਾਜਾ ਬਿਆਨ ਇਹ ਸਿੱਧ ਕਰਨ ਲਈ ਕਾਫੀ ਹਨ ਕਿ ਬਾਬਾ ਅਮਨ ਸਿੰਘ 'ਉਹ' ਨਹੀਂ ਹੈ, ਜਿਸ ਕਰਕੇ ਲਖਬੀਰ ਦੀ ਹੱਤਿਆਂ ਤੋਂ ਬਾਅਦ ਬਹੁਤ ਸਾਰੇ ਲੋਕਾਂ ਨੇ 'ਉੱਧਮੂਲ' ਚੱਕਿਆ ਸੀ ਅਤੇ ਕਿਸਾਨ ਮੋਰਚੇ ਨੂੰ ਇੱਕ ਵਾਰ ਫੇਰ 'ਸਿੱਖ ਬਨਾਮ ਕਾਮਰੇਡ' ਦੇ ਬਿਰਤਾਂਤ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਸੀ।

ਜਿੰਨੀ ਸਿਆਣਪ, ਸਮਝ ਅਤੇ ਧੀਰਜ ਨਾਲ ਕਿਸਾਨ ਆਗੂਆਂ ਨੇ ਇਸ ਮਾਮਲੇ ਨਾਲ ਨਜਿੱਠਿਆ, ਉਸ ਨਾਲ ਕੁੱਝ ਇੱਕ ਦਿਨ ਬੈਕਫੁੱਟ ਤੇ ਜਾਣ ਤੋਂ ਬਾਅਦ ਮੋਰਚਾ ਹੋਰ ਤਾਕਤਵਰ ਹੋ ਗਿਆ...

ਇੱਕਲੇ ਨਿਹੰਗਾਂ ਦੀ ਭੂਮਿਕਾ ਹੀ ਐਕਸਪੋਜ਼ ਨਹੀਂ ਹੋਈ, ਇਸ ਦੇ ਪਿੱਛੇ ਖੜ੍ਹੀ ਸੱਤਾ ਦੀ ਚਾਲ ਵੀ ਸਾਮ੍ਹਣੇ ਆ ਗਈ...ਕਿ ਕਿਸ ਤਰ੍ਹਾਂ ਉਹਨਾਂ ਨੇ ਇਸ ਮੋਰਚੇ ਨੂੰ ਕਮਜ਼ੋਰ ਕਰਨ ਲਈ ਚਾਲਾਂ ਚੱਲੀਆਂ...ਤੇ ਹੁਣ ਲਖੀਮਪੁਰ ਖੀਰੀ ਦੀ ਘਟਨਾ ਤੋਂ ਧਿਆਨ ਲਾਂਭੇ ਕਰਨ ਲਈ ਇਹ ਸਾਰਾ ਕੁੱਝ ਕਰਵਾਇਆ।

ਇਸ ਮਸਲੇ ਨੂੰ ਕਿਸਾਨ ਬਨਾਮ ਦਲਿੱਤ ਅਤੇ ਦਲਿਤ ਬਨਾਮ ਸਿੱਖ ਬਣਾਉਣ ਵਾਲਿਆਂ ਦੇ ਮਨਸ਼ੇ ਵੀ ਮਿੱਟੀ ਵਿੱਚ ਮਿਲ ਗਏ..

ਇਸ ਨੂੰ ਫਿਰਕੂ ਰੰਗ ਦੇਣ ਵਾਲੇ ਚਿਹਰਿਆਂ ਦੀ ਸਿਆਸਤ ਵੀ ਇੱਕ ਵਾਰ ਫੇਰ ਨੰਗੀ ਹੋ ਗਈ।

ਇਹ ਗੱਲ ਚਿੱਟੇ ਦਿਨ ਵਾਂਗ ਸਾਫ਼ ਹੋ ਗਈ ਕਿ ਇਹ ਸੰਘਰਸ਼ ਸਿਰਫ਼ ਤੇ ਸਿਰਫ਼ ਕਿਸਾਨਾਂ ਦਾ ਹੈ, ਜਿਸ ਨੂੰ ਲੱਖਾਂ ਲੋਕਾਂ ਨੇ ਵੱਡੀਆਂ ਘਾਲਣਾਵਾਂ ਘਾਲ ਕੇ ਖੜ੍ਹਾ ਕੀਤਾ ਹੈ। ਮੋਰਚੇ ਦਾ ਉਦੇਸ਼ ਪੁਰਅਮਨ ਤਰੀਕੇ ਨਾਲ ਸਰਕਾਰ ਦੇ ਖਿਲਾਫ਼ ਜਨ ਸ਼ਕਤੀ ਨੂੰ ਲਾਮਬੰਦ ਕਰਕੇ ਕਾਲੇ ਕਨੂੰਨ ਰੱਦ ਕਰਾਉਣੇ ਹਨ ਅਤੇ ਐਮ ਐਸ ਪੀ ਤੇ ਖਰੀਦ ਦੀ ਗਰੰਟੀ ਯਕੀਨੀ ਬਣਾਉਣੀ ਹੈ।

ਜਿਹੜੇ ਵੀ ਲੋਕ ਕਿਸਾਨ ਮੋਰਚੇ ਦੀ ਇਸ ਬੁਨਿਆਦੀ ਲੜਾਈ ਅਤੇ ਇਸ ਦੇ ਤੌਰ ਤਰੀਕਿਆਂ ਨਾਲ ਸਹਿਮਤ ਹਨ, ਉਹ ਚਾਹੇ ਨਿਹੰਗ ਹੋਣ, ਹੋਰ ਧਾਰਾਵਾਂ ਦੇ ਸਿੱਖ ਹੋਣ, ਹਿੰਦੂ ਹੋਣ ਜਾਂ ਦਲਿਤ ਹੋਣ...ਕਾਮਰੇਡ ਹੋਣ ਜਾਂ ਕੋਈ ਵੀ ਹੋਰ...ਉਹਨਾਂ ਦਾ ਇਹ ਮੋਰਚਾ ਖੁੱਲ੍ਹੇ ਮਨ ਨਾਲ ਸੁਆਗਤ ਕਰਦਾ ਹੈ। ਪਰ ਜੇਕਰ ਕੋਈ ਧਿਰ ਕਿਸੇ ਹੋਰ ਮਨਸ਼ਾ ਨਾਲ ਇੱਥੇ ਆਈ ਹੈ ਜਾਂ ਅਜਿਹਾ ਕੁੱਝ ਕਰ ਰਹੀ ਹੈ ਜਿਸ ਨਾਲ ਮੋਰਚੇ ਦੀ ਮੂਲ ਭਾਵਨਾ ਨੂੰ ਨੁਕਸਾਨ ਪਹੁੰਚਦਾ ਹੈ ਤਾਂ ਉਹਨਾਂ ਨੂੰ ਉਥੋਂ ਚਲੇ ਜਾਣਾ ਚਾਹੀਦਾ ਹੈ ਅਤੇ ਆਪਣੀ ਲੜਾਈ ਸਿੱਧੇ ਤੌਰ ਤੇ ਆਪਣੇ ਤੌਰ ਤਰੀਕਿਆਂ ਨਾਲ ਲੜਨੀ ਚਾਹੀਦੀ ਹੈ। ਕਿਸਾਨ ਮੋਰਚੇ ਦਾ ਮੋਢਾ ਬਿਲਕੁਲ ਨਹੀਂ ਵਰਤਣਾ ਚਾਹੀਦਾ। ਇਹ ਮੋਰਚੇ ਵਿੱਚ ਸਿੱਖ ਕਿਸਾਨ ਬਹੁਗਿਣਤੀ ਵਿੱਚ ਹਨ, ਪਰ ਹੋਰ ਬਹੁਤ ਸਾਰੇ ਧਰਮਾਂ, ਜਾਤਾਂ, ਭਾਸ਼ਾਵਾਂ ਅਤੇ ਖੇਤਰਾਂ ਦੇ ਕਿਸਾਨ ਹਨ। ਇਸ ਲਈ ਸਿੱਖ ਸੱਭਿਆਚਾਰ ਦੀ ਇਸ ਮੋਰਚੇ ਵਿੱਚ ਵੱਡੀ ਭੂਮਿਕਾ ਹੋਣ ਦੇ ਬਾਵਜੂਦ ਇਹ ਮੋਰਚਾ ਕਿਸੇ ਧਰਮ ਦੀ ਲੜਾਈ ਲੜਨ ਲਈ ਨਹੀਂ ਹੋਂਦ ਵਿੱਚ ਆਇਆ। ਇਸ ਤੋਂ ਅਜਿਹੀ ਆਸ ਲਾਉਣੀ ਜਾਂ ਇਸਨੂੰ ਇਸ ਪਾਸੇ ਤੋਰਨਾ ਬਿਲਕੁਲ ਗਲਤ ਹੈ।


ਨਿਹੰਗ ਸਿੰਘਾਂ ਬਾਰੇ ਇਹੀ ਕਿਹਾ ਜਾ ਸਕਦਾ ਹੈ ਕਿ ਇਹਨਾਂ ਨੂੰ ਬਹੁਤ ਜ਼ਿਆਦਾ ਆਪਾ ਪੜਚੋਲ ਦੀ ਜ਼ਰੂਰਤ ਹੈ। ਜੇਕਰ ਇਹਨਾਂ ਨੇ ਭਵਿੱਖ ਵਿੱਚ ਆਪਣੀ ਕੋਈ ਸਮਾਜਿਕ-ਧਾਰਮਿਕ ਭੂਮਿਕਾ ਤੈਅ ਕਰਨੀ ਹੈ ਤਾਂ ਅੱਜ ਦੇ ਦੌਰ ਤੇ ਗਿਆਨ ਤੇ ਚਿੰਤਨ ਨੂੰ ਸਮਝਣਾ ਪਏਗਾ। ਅੱਜ ਦੇ ਮਸਲੇ ਘੋੜਿਆਂ ਤੇ ਚੜ੍ਹਕੇ ਅਤੇ ਬਰਛਿਆਂ-ਤਲਵਾਰਾਂ ਦਾ ਪ੍ਰਦਰਸ਼ਨ ਕਰਕੇ ਨਹੀਂ ਲੜੀ ਜਾਣੀ ਬਲਕਿ ਸ਼ਾਤਿਰ ਸੱਤਾ ਦੀਆਂ ਚਾਲਾਂ ਨੂੰ ਸਮਝਣ ਲਈ ਆਪਣੇ ਅੰਦਰ ਵੱਡੀਆਂ ਤਬਦੀਲੀਆਂ ਕਰਨੀਆਂ ਪੈਣਗੀਆਂ। ਕਿਸੇ ਨੂੰ ਆਪਣੇ ਨਾਲ ਜੋੜਨ ਜਾਂ ਸਜ਼ਾ ਦੇਣ ਦੇ ਪੈਮਾਨੇ ਬਦਲਣੇ ਪੈਣਗੇ। ਹਰ ਗੱਲ ਤੇ 'ਸੋਧਾ ਲਾਉਣ' ਦੀਆਂ ਧਮਕੀਆਂ ਅੱਜ ਦੇ ਲੋਕਰਾਜੀ ਸੰਸਾਰ ਦੀ ਜੀਵਨ ਜਾਚ ਨਹੀਂ ਹੋ ਸਕਦੀ। ਅਗਰ ਇਹਨਾਂ ਨੇ ਆਪਣੇ ਅੰਦਰਲੇ ਅਜਿਹੇ ਤੱਤਾਂ ਦੀ ਛਾਂਟੀ ਨਹੀਂ ਕਰਦੇ ਜਿਹੜੇ ਅੱਜ ਦੇ ਦੌਰ ਦੇ ਚਿੰਤਨ ਦੇ ਹਾਣ ਦੇ ਨਹੀਂ, ਤਾਂ 'ਗੁਰੂ ਕੀਆਂ ਇਹ ਲਾਡਲੀਆਂ ਫੌਜਾਂ' ਨਾ ਕੇਵਲ ਸਮਾਜ ਵਿੱਚ ਹੋਰ ਅੱਲਗ-ਥੱਲਗ ਹੋਣਗੀਆਂ ਬਲਕਿ 'ਸਰਬੱਤ ਦੇ ਭਲੇ' ਅਤੇ ਨਿਮਰਤਾ ਦਾ ਸੱਦਾ ਦੇਣ ਵਾਲੇ ਸਿੱਖ ਧਰਮ ਦਾ ਅਕਸ ਵੀ ਖਰਾਬ ਕਰਦੀਆਂ ਰਹਿਣਗੀਆਂ।

# ਸਿਹਤ ਸੰਸਾਰ ਦੇ ਵਿਲੱਖਣ ਨੁਸਖੇ; ਚੂਹੀ ਦਾ ਬੱਚਾ ਗਾਂ ਦਾ ਦੁੱਧ ਪਿਲਾਉਣ ਨਾਲ ਮਰ ਕਿਉਂ ਜਾਂਦਾ ਹੈ ?



ਸੁਖਵਿੰਦਰ ਬਰਾੜ
91-86996-17609







ਸਿਹਤ ਸੰਸਾਰ ਦੇ ਵਿਲੱਖਣ ਨੁਸਖੇ; ਚੂਹੀ ਦਾ ਬੱਚਾ ਗਾਂ ਦਾ ਦੁੱਧ ਪਿਲਾਉਣ ਨਾਲ ਮਰ ਕਿਉਂ ਜਾਂਦਾ ਹੈ ?

ਮਾਂ ਦੇ ਦੁੱਧ ਵਿੱਚ ਕੀ ਪਾਇਆ ਜਾਂਦਾ ਹੈ ਜਿਹੜਾ ਬੱਚੇ ਨੂੰ ਵੱਧਣ ਫੁੱਲਣ ਲਈ ਜ਼ਰੂਰੀ ਹੁੰਦਾ ਹੈ ?

ਨਿਊਟਰੀਸ਼ਨਲ ਸਾਇੰਸ ਅਨੁਸਾਰ ਮਾਂ ਦੇ ਦੁੱਧ ਵਿੱਚ 9 ਗ੍ਰਾਮ ਪਰੋਟੀਨ ਪ੍ਰਤੀ ਲਿਟਰ, ਗਾਂ ਦੇ ਦੁੱਧ ਵਿੱਚ 34 ਗ੍ਰਾਮ, ਚੂਹੀ ਦੇ ਦੁੱਧ ਵਿੱਚ 120 ਗ੍ਰਾਮ ਪਰੋਟੀਨ ਹੁੰਦੀ ਹੈ । ਫੈਟ 38 ਗ੍ਰਾਮ ਮਾਂ ਤੇ ਗਾਂ ਦੇ ਦੁੱਧ ਵਿੱਚ ਤੇ 150 ਗ੍ਰਾਮ ਚੂਹੀ ਦੇ ਦੁੱਧ ਵਿੱਚ । ਸੁਗਰ ਲੈਕਟੋਜ ਮਾਂ ਦੇ ਦੁੱਧ ਵਿੱਚ 70 ਗ੍ਰਾਮ, ਗਾਂ ਦੇ ਦੁੱਧ ਵਿੱਚ 48 ਤੇ ਚੂਹੀ ਦੇ ਦੁੱਧ ਵਿੱਚ 30 ਗ੍ਰਾਮ ਪ੍ਰਤੀ ਲਿਟਰ ਹੁੰਦੀ ਹੈ ।

ਪਰਸੈਂਟੇਵਾਈਜ ਤੇ ਭਾਰ ਦੁੱਗਣਾ ਹੋਣ ਲਈ 5% ਪਰੋਟੀਨ ਮਾਂ ਦੇ ਦੁੱਧ ਵਿੱਚ 180 ਦਿਨ ਲੱਗਦੇ ਹਨ ।ਗਾਂ ਦੇ ਦੁੱਧ ਵਿੱਚ 15%( 300% ਜਿਆਦਾ) 45 ਦਿਨ ਲੱਗਦੇ ਹਨ, ਚੂਹੀ ਦੇ ਦੁੱਧ ਵਿੱਚ 20%(400% ਜਿਆਦਾ) 5 ਦਿਨ ਲੱਗਦੇ ਹਨ ਭਾਰ ਦੁੱਗਣਾ ਹੋਣ ਲਈ ।ਹੁਣ ਤੁਸੀਂ ਆਪ ਅੰਦਾਜ਼ਾ ਲਗਾ ਲਵੋ ਕਿ ਚੂਹੀ ਦੇ ਬੱਚੇ ਦਾ ਵਜਨ ਸਿਰਫ ਪੰਜ ਦਿਨਾਂ ਵਿੱਚ ਦੁੱਗਣਾ ਹੋ ਜਾਂਦਾ ਹੈ ਇੰਨੀ ਫਾਸਟ ਗਰੋਥ ਹੈ ,20% ਪਰੋਟੀਨ ਨਾਲ ਹੀ ਸੰਭਵ ਹੈ ਤੇ ਗਾਂ ਦਾ ਦੁੱਧ 15% ਪਰੋਟੀਨ ਵਾਲਾ ਗਰੋਥ ਨਹੀਂ ਕਰ ਪਾਉਂਦਾ ਤੇ ਚੂਹੀ ਦਾ ਬੱਚਾ ਮਰ ਜਾਂਦਾ ਹੈ ।

ਦੂਸਰਾ ਮਾਂ ਦੇ ਦੁੱਧ ਵਿੱਚ 70 ਗ੍ਰਾਮ ਸੁਗਰ ਲੈਕਟੋਜ( ਗਲੂਕੋਜ + ਗਲੈਕਟੋਜ) ਬਰੇਨ ਡਿਵੈਲਪਮੈਂਟ ਲਈ ਚਾਹੀਦੀ ਹੈ ਜਿਹੜੀ ਗਾਂ ਦੇ ਦੁੱਧ ਵਿੱਚ 48 ਤੇ ਚੂਹੀ ਦੇ ਦੁੱਧ ਵਿੱਚ 30 ਗ੍ਰਾਮ ਹੀ ਹੁੰਦੀ ਹੈ ਕਿਉਂਕਿ ਇਹਨਾਂ ਦਾ ਬਰੇਨ ਘਟ ਹੁੰਦਾ ਹੈ । ਇਹਨਾਂ ਪਸ਼ੂਆਂ ਨੂੰ ਕੈਲਸ਼ੀਅਮ ,ਮੈਗਨੀਸ਼ੀਅਮ ,ਫਾਸਫੋਰਸ, ਪੋਟਾਸ਼ੀਅਮ ਜਿਆਦਾ ਚਾਹੀਦਾ ਹੈ ਜਿਹੜਾ ਇਹਨਾਂ ਦਾ ਹੱਡੀਆਂ, ਮਾਸ ਦਾ ਢਾਂਚਾ ਬਣਾਉਂਦੇ ਹਨ ਤੇ ਮਾਂ ਦੇ ਦੁੱਧ ਨਾਲੋਂ 3-7 ਗੁਣਾਂ ਵਧ ਹੁੰਦੇ ਹਨ । ਬਰੇਨ ਲਈ ਆਇਰਨ, ਲੈਕਟੋਜ, essential fatty acids, 481, 11 ਆਦਿ ਦੀ ਜਿਆਦਾ ਲੋੜ ਪੈਂਦੀ ਹੈ ਤੇ ਮਾਂ ਦੇ ਦੁੱਧ ਵਿੱਚ ਜਿਆਦਾ ਪਾਏ ਜਾਂਦੇ ਹਨ । ਇਹ ਦੱਸਣਾ ਜਰੂਰੀ ਹੈ ਕਿ ਬੱਚੇ ਦਾ ਬਰੇਨ ਇਕ ਸਾਲ ਵਿੱਚ ਹੀ ਤਿੰਨ ਗੁਣਾ ਵੱਧ ਜਾਂਦਾ ਹੈ। ਗਾਂ ਦਾ ਬੱਚਾ ਜਨਮ ਤੋਂ ਅੱਧੇ ਕੁ ਘੰਟੇ ਬਾਅਦ ਹੀ ਖੜਾ ਹੋ ਸਕਦਾ ਹੈ ਜਦੋਂ ਕਿ ਹਿਊਮਨ ਬੇਬੀ ਇਕ ਡੇਢ ਸਾਲ ਲਗਾ ਦਿੰਦਾ ਹੈ ਕਿਉਂਕਿ ਗਾਂ ਦੇ ਦੁੱਧ ਵਿੱਚ ਪਰੋਟੀਨ, ਕੈਲਸ਼ੀਅਮ ਵਗੈਰਾ ਜਿਆਦਾ ਹੁੰਦੇ ਹਨ ਤੇ ਮਾਂ ਦੇ ਪੇਟ ਵਿੱਚੋਂ ਵੀ ਜਿਆਦਾ ਲੈ ਕੇ ਜੰਮਿਆ ਹੁੰਦਾ ਹੈ ।

ਗਾਂ ਦੇ ਦੁੱਧ ਵਿੱਚ ਆਇਰਨ ਨਾਮਾਤਰ ਹੀ ਪਾਇਆ ਜਾਂਦਾ ਹੈ ਤੇ ਬੱਚੇ ਨੂੰ ਨਿਰੋਲ ਪਿਲਾਉਣ ਨਾਲ ਆਇਰਨ ਦੀ ਘਾਟ ਆ ਜਾਂਦੀ ਹੈ ਤੇ PICA ਨਾਂ ਦੀ ਬੀਮਾਰੀ ਲਗ ਜਾਂਦੀ ਹੈ ।ਬੱਚਾ ਮਿੱਟੀ, ਕਾਗਜ ਵਰਗੀਆਂ ਚੀਜਾਂ ਖਾਣ ਲਗ ਜਾਂਦਾ ਹੈ ਬਰੇਨ ਡਿਵੈਲਪਮੈਂਟ ਰੁਕ ਜਾਂਦਾ ਹੈ । ਬੋਲਣਾ, ਤੁਰਨਾ ਲੇਟ ਹੋ ਜਾਂਦਾ ਹੈ । TETANY ਬੀਮਾਰੀ ਵੀ ਲਗ ਜਾਂਦੀ ਹੈ ਜਿਸ ਵਿੱਚ ਫਾਸਫੋਰਸ ਵਧਣ ਕਾਰਨ (ਗਾਂ ਦੇ ਦੁੱਧ ਵਿੱਚ ਫਾਸਫੋਰਸ ਜਿਆਦਾ ਹੈ) ਕੈਲਸ਼ੀਅਮ ਦੀ ਘਾਟ ਹੋ ਜਾਂਦੀ ਹੈ ਤੇ Fits, Seizers, larynx spasms, ਪੈਣੇ ਸ਼ੁਰੂ ਹੋ ਜਾਂਦੇ ਹਨ ਤੇ ਡਾਕਟਰ ਇਸ ਡੈਫੇਸੈਂਸੀ ਨੂੰ ਸਮਝ ਨਹੀਂ ਪਾਉਂਦੇ ।

ਗਾਂ ਦੇ ਦੁੱਧ ਵਿੱਚ 20 ਗੁਣਾਂ ਕੇਸੀਨ ਪਰੋਟੀਨ ਹੁੰਦੀ ਹੈ ਜਿਹੜਾ ਬੱਚੇ ਦਾ ਕੋਮਲ ਮੇਹਦਾ ਹਜਮ ਨਹੀਂ ਕਰ ਪਾਉਂਦਾ ਤੇ ਬੱਚਾ ਪੇਟ ਦਰਦ ਕਰਕੇ ਰੋਂਦਾ ਰਹਿੰਦਾ ਹੈ ਤੇ ਸੌਂਦਾ ਘਟ ਹੈ। ਕਬਜ ਜਾਂ ਦਸਤ ਲਗ ਜਾਂਦੇ ਹਨ।

ਗਾਂ ਦੇ ਦੁੱਧ ਵਿੱਚ ਮੈਗਨੀਸ਼ੀਅਮ ਕੈਲਸ਼ੀਅਮ ਦੇ ਮੁਕਾਬਲੇ ਘਟ ਹੋਣ ਕਰਕੇ ਸਿਰਫ 10 % ਕੈਲਸ਼ੀਅਮ ਹੀ absorb ਹੁੰਦਾ ਹੈ ਤੇ ਵਛੜੇ ਦੇ ਚਾਰ ਮੇਹਦੇ ਹੋਣ ਕਰਕੇ ਇਹ ਪਰਾਬਲਮ ਨਹੀਂ ਆਉਂਦੀ ।

ਗਾਂ ਦੇ ਦੁੱਧ ਵਿੱਚ ਕੇਸੀਨ ਤੇ ਵੇਅ ਪਰੋਟੀਨ ਦੀ ਰੇਸ਼ੋ 80:20 ਹੈ ਤੇ ਮਾਂ ਦੇ ਦੁੱਧ ਵਿੱਚ 40:60 ਹੈ। ਇਸ ਲਈ ਮਾਂ ਦਾ ਦੁੱਧ ਜਲਦੀ ਹਜਮ ਹੋ ਜਾਂਦਾ ਹੈ ਤੇ ਗਾਂ ਦੇ ਦੁੱਧ ਵਿੱਚ ਕੇਸੀਨ ਹੀ ਐਲਰਜੀ ਦਾ ਕਾਰਨ ਬਣਦੀ ਹੈ ।

ਗਾਂ ਦੇ ਦੁੱਧ ਵਿੱਚ Leucine ਅਮਾਈਨੋਏਸਿਡ ਹੁੰਦਾ ਹੈ ਜਿਹੜਾ ਫਾਸਟ ਗਰੋਥ ਕਰਦਾ ਹੈ ।

ਮਾਂ ਦੇ ਦੁੱਧ ਵਿੱਚ ਐਂਟੀਬਾਡੀਜ਼ IgAਬਹੁਤ ਹੁੰਦੀਆਂ ਹਨ ਜੋ ਬੱਚੇ ਨੂੰ ਨਿਮੂਨੀਆ, ਠੰਡ ਜੁਖਾਮ ਤੇ ਹੋਰ ਬੀਮਾਰੀਆਂ ਤੋਂ ਬਚਾਉਂਦੀਆਂ ਹਨ ਤੇ ਗਾਂ ਦੇ ਦੁੱਧ ਵਿੱਚ absent ਹਨ।

ਅਮਰੀਕਨ ਗਾਂਵਾਂ ਦਾ ਦੁੱਧ ਤਾਂ ਹੋਰ ਵੀ ਮਾੜਾ ਹੁੰਦਾ ਹੈ ਕਿਉਂਕਿ ਇਸ ਵਿੱਚ BCMG ਨਾਂ ਦੀ ਪਰੋਟੀਨ ਦੀ ਟੁਕੜੀ ਬਲਡ ਵਿੱਚ ਜਾ ਕੇ ਬਹੁਤ ਨੁਕਸਾਨ ਕਰਦੀ ਹੈ ।

ਜੇਕਰ ਅਸੀਂ ਦੁੱਧ ਨਾ ਪੀਤਾ ਤਾਂ ਕੈਲਸ਼ੀਅਮ, ਪਰੋਟੀਨ ਕਿਥੋਂ ਮਿਲੂ ? ਕੈਲਸ਼ੀਅਮ ਕਿਸੇ ਜਾਨਵਰ ਦੈ ਪੇਟ ਵਿੱਚ ਨਹੀਂ ਬਣਦਾ । ਗਾਂ, ਮਝ, ਘੋੜਾ, ਹਾਥੀ ਤਾਂ ਦੁੱਧ ਨਹੀਂ ਪੀਂਦੇ ਫਿਰ ਉਹਨਾਂ ਦੀਆਂ ਹੱਡੀਆਂ ਕੈਲਸ਼ੀਅਮ ਕਰਕੇ ਕਿੰਨੀਆਂ ਵੱਡੀਆਂ ਤੇ ਮਜਬੂਤ ਕਿਵੇਂ ? ਉਹ ਸਿਰਫ ਘਾਹ ਖਾਂਦੇ ਹਨ ਤੇ ਕੈਲਸ਼ੀਅਮ ਜਮੀਨ ਵਿੱਚੋਂ ਘਾਹ ਰਾਹੀਂ ਉਹਨਾਂ ਦੇ ਸਰੀਰ ਵਿੱਚ ਜਾਂਦਾ ਹੈ ਤੇ ਇਸੇ ਤਰ੍ਹਾਂ ਹੀ ਪਰੋਟੀਨ ਵੀ ਘਾਹ ਵਿੱਚੋਂ ਹੀ ਪੂਰੀ ਹੋ ਜਾਂਦੀ ਹੈ ।ਅਸੀਂ ਵੀ ਕੈਲਸ਼ੀਅਮ ਤੇ ਪਰੋਟੀਨ ਸਬਜੀਆਂ, ਫਲ, ਅਨਾਜ, ਮੇਵੇ ਆਦਿ ਤੋਂ ਪੂਰੀ ਕਰ ਸਕਦੇ ਹਾਂ ।

ਕੈਲਸ਼ੀਅਮ ਐਮ ਜੀ 100 ਗਰਾਮ ਫੂਡ ਵਿੱਚ ,ਮਾਂ ਦੇ ਦੁੱਧ ਵਿੱਚ- 33 ਐਮ ਜੀ,ਬਦਾਮ- 234 ਐਮ ਜੀ,ਸਰੋਂ ਦਾ ਸਾਗ- 183 ਐਮ ਜੀ,ਚੁਲਾਈ- 267 ਐਮ ਜੀ,ਪਿਸਤਾ- 131ਐਮ ਜੀ,ਬੀਨਜ- 135 ਐਮ ਜੀ,ਸੌਂਗੀ- 62 ਐਮ ਜੀ,ਤਿਲ- 1160 ਐਮ ਜੀ, ਕਾਲੇ ਛੋਲੇ- 150 ਐਮ ਜੀ, ਮੋਰਿੰਗਾ ਪੱਤੇ- 185 ਐਮ ਜੀ, ਰਾਗੀ- 344 ਐਮ ਜੀ, ਪਾਲਕ- 93 ਐਮ ਜੀ, ਸੂਰਜਮੁਖੀ ਬੀਜ- 120 ਐਮ ਜੀ, ਗਾਂ ਦਾ ਦੁੱਧ- 120 ਐਮ ਜੀ--------

ਦੁੱਧ ਪੀਣ ਨਾਲ ਹੇਠ ਲਿਖੀਆਂ ਬੀਮਾਰੀਆਂ ਹੋ ਸਕਦੀਆਂ ਹਨ । ਟਾਈਪ 1 ਡਾਇਆਬੀਟੀਜ , ਆਟਿਜਮ,ਕਬਜ, ਪੇਟ ਕੋਲਾਈਟਸ, ਜਸਤ,ਐਕਜੀਮਾ, ਐਸਿਡ ਰੀਫਲੈਕਸ, ਦਮਾ, ਸਿਰ ਦਰਦ, ਕੰਨ ਦੁਖਣਾ, ਇੰਨਫੈਕਸ਼ਨ, ਨਕ ਬੰਦ ਹੋਣਾ, ਮਿਊਕਸ ਬਣਨਾ, ਮੇਹਦੇ ਵਿੱਚ ਛਾਲੇ, ਨਕ ਵਗਣਾ, ਸਾਈਨਸੈਜ, ਟੌਂਸਿਲ ਵਧਨਾ, adenoids, ਉਛਾਲੀਆਂ, ਸਾਹ ਦੀ ਸਮੱਸਿਆ ਆਦਿ ।ਇਕ ਵਾਰ ਦੁੱਧ ਛਡ ਕੇ ਤਾਂ ਵੇਖੋ ਫਿਰ ਕਿਵੇਂ ਚਿਚੜਾਂ ਵਾਂਗੂੰ ਬੀਮਾਰੀਆਂ ਝੜਦੀਆਂ ਹਨ।

ਦੁੱਧ ਵਿੱਚ opiods ਹੁੰਦੇ ਹਨ , morphin ਜਿਹੜੇ addictive ਹੁੰਦੇ ਹਨ ਇਸ ਲਈ ਬੱਚਿਆ ਨੂੰ ਛੱਡਣਾ ਮੁਸ਼ਕਿਲ ਹੋ ਜਾਂਦਾ ਹੈ ।

# ਪੰਚਾਇਤ ਵਾਲਾ ਰੇਡੀਓ



ਡਾ. ਮਨਜੀਤ ਸਿੰਘ ਬੱਲ
9872843491

Logo of All India Radio






ਕੁੱਝ ਦਿਨ ਪਹਿਲਾਂ ਇੱਕ ਰਸਾਲੇ ਵਿੱਚ ਪੰਜਾਬੀ ਟ੍ਰਿਬਿਊਨ ਵਾਲੇ ਮਨਮੋਹਨ ਢਿੱਲੋਂ ਦਾ ਰੇਡੀਓ ਸਬੰਧੀ ਲੇਖ ਪੜ੍ਹਦਿਆਂ ਮੈਨੂੰ ਓਹ ਸਮਾਂ ਯਾਦ ਆ ਗਿਆ ਜਦ ਸਾਡੇ ਘਰ ਵੀ ਲੰਮਾਂ ਸਮਾਂ ਪੰਚਾਇਤ ਵਾਲਾ ਰੇਡੀਓ ਲੱਗਿਆ ਰਿਹਾ ਸੀ ।ਉਦੋਂ, ਰੇਡੀਓ ਤੋਂ ਬਗ਼ੈਰ ਜਾਣਕਾਰੀ, ਮਨੋਰੰਜਨ ਤੇ ਖ਼ਬਰਾਂ ਦਾ ਹੋਰ ਕੋਈ ਵੀ ਸਾਧਨ ਨਹੀਂ ਸੀ ।ਦੇਸ਼ ਦੀ ਵੰਡ ਤੋਂ ਬਾਅਦ ਆਕਾਸ਼ਵਾਣੀ, ਲਾਹੌਰ ਤੋਂ ਅੰਮ੍ਰਿਤਸਰ ਸ਼ਿਫਟ ਹੋਇਆ ਸੀ ਤੇ 1948 ਵਿੱਚ ਕੁੱਝ ਸਮੇਂ ਵਾਸਤੇ ਅੰਮ੍ਰਿਤਸਰ ਰੇਡੀਓ ਸਟੇਸ਼ਨ ਚਾਲੂ ਰਿਹਾ ਜਿਸ ਦਾ ਨਾਮ ਆਕਾਸ਼ਬਾਣੀ ਜਲੰਧਰ-ਅੰਮ੍ਰਿਤਸਰ ਸੀ ।ਇਹ, ਜਾਮਨੂੰਆਂ ਵਾਲੀ ਸੜਕ 'ਤੇ ਮੈਡੀਕਲ ਕਾਲਜ ਦੇ ਕੋਲ ਹੁੰਦਾ ਸੀ ਜਿੱਥੇ ਬਾਅਦ ਵਿੱਚ, ਟਾਊਨ-ਪਲੈਨਿੰਗ ਦਾ ਦਫਤਰ ਵੀ ਰਿਹਾ। ਮੀਡੀਅਮ ਵੇਵ ਇਦਮਿ ਏਵਏ 'ਤੇ 225.6 ਜਲੰਧਰ ਤੇ 230.8 ਅੰਮ੍ਰਿਤਸਰ, ਪ੍ਰਸਾਰਤ ਹੁੰਦਾ ਸੀ ।ਪਰ ਕੁੱਝ ਸਾਲਾਂ ਬਾਅਦ 1953 ਵਿੱਚ ਬਿਨਾਂ ਕਿਸੇ ਕਾਰਣ ਦੇ, ਅੰਮ੍ਰਿਤਸਰ ਵਾਲਾ ਰੇਡੀਓ ਸਟੇਸ਼ਨ ਬੰਦ ਕਰ ਦਿੱਤਾ ਗਿਆ ।ਇਸ ਨਾਲ ਸਰਹੱਦੀ ਖੇਤਰ ਦਾ ਕਾਫੀ ਹਿੱਸਾ ਰੇਡੀਓ ਸਰਵਿਸ ਤੋਂ ਵਾਂਝਾ ਹੋ ਗਿਆ ।1963 ਵਿਚ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਨੇ ਅੰਮ੍ਰਿਤਸਰ ਤੇ ਪੰਜਾਬ ਦੀ ਨਵੀਂ ਬਣੀ ਰਾਜਧਾਨੀ ਚੰਡੀਗੜ੍ਹ ਵਾਸਤੇ ਕੇਂਦਰ ਕੋਲੋਂ ਮਨਜ਼ੂਰੀ ਤੇ ਸਾਜ਼ੋ-ਸਮਾਨ ਮੰਗਵਾ ਲਿਆ ਪਰ 1965 ਵਿੱਚ ਪਾਕਿਸਤਾਨ ਨਾਲ ਜੰਗ ਛਿੜ ਜਾਣ ਕਰਕੇ ਟਰਾਂਸਮਿਟਰ ਨੂੰ ਜਲੰਧਰ ਘੱਲ ਦਿੱਤਾ ਗਿਆ ।ਸੋ ਉਥੇ ਪੱਕਾ ਰੇਡੀਓ ਸਟੇਸ਼ਨ ਬਣ ਗਿਆ ।1965-66 ਵਿੱਚ ਚੰਡੀਗੜ੍ਹ ਵਿੱਚ ਵੀ ਰੇਡੀਓ ਸਟੇਸ਼ਨ ਸਥਾਪਤ ਹੋ ਗਿਆ ।ਜਿਵੇਂ ਹਰੇਕ ਦੇ ਦਿਮਾਗ਼ ਵਿੱਚ ਬੰਬੇ (ਮੁੰਬਈ) ਮਤਲਬ ਫਿਲਮ ਨਗਰੀ ਸੀ, ਇਵੇਂ ਹੀ ਉਹਨਾਂ ਦਿਨਾਂ 'ਚ ਜਲੰਧਰ ਦਾ ਮਤਲਬ ਸੀ ਰੇਡੀਓ ਸਟੇਸ਼ਨ ਤੇ ਉਥੋਂ ਬੋਲਣ ਵਾਲੇ ਕਲਾਕਾਰ ।

ਉਹਨਾਂ ਦਿਨਾਂ 'ਚ, ਮਿਹਨਤ ਮਜ਼ਦੂਰੀ ਦੇ ਨਾਲ ਨਾਲ ਸਾਡੇ ਪਿਤਾ ਜੀ ਨੇ ਰੋਜ਼ੀ ਰੋਟੀ ਵਾਸਤੇ, ਸਪੀਕਰ ਬਣਾਇਆ ਹੋਇਆ ਸੀ ।ਵਿਆਹ, ਮਰਗ ਦੇ 'ਕੱਠ, ਛਵ੍ਹਾਰਾ, ਧਮਾਣ ਜਾਂ ਹੋਰ ਕੋਈ ਵੀ ਖ਼ੁਸ਼ੀ ਦਾ ਮੌਕਾ ਹੋਵੇ ਤਾਂ ਸਾਇਕਲ 'ਤੇ ਪੂਰਾ ਸਮਾਨ ਲੱਦ ਕੇ (ਹੈਂਡਲ ਨਾਲ ਹਾਰਨ, ਕੈਰੀਅਰ 'ਤੇ ਹੇਠਾਂ ਉਤੇ ਗ੍ਰਾਮੋਫੋਨ, ਐਂਪਲੀਫਾਇਰ, ਬੈਟਰੀ, ਤਵਿਆਂ ਵਾਲੇ ਬਕਸੇ) ਤੇ ਬੋਝੇ 'ਚ ਸੂਈਆਂ ਵਾਲੀਆਂ ਵਾਧੂ ਡੱਬੀਆਂ ਲੈ ਕੇ, ਨੇੜੇ-ਤੇੜੇ ਦੇ ਪਿੰਡਾਂ ਵਿੱਚ, ਉਚੇ ਵਾਲੀਅਮ ਵਿਚ ਰਿਕਾਰਡ ਵਜਾਉਣੇ ।ਇਸ ਕਰਕੇ ਸਾਡੇ ਘਰ ਨੂੰ ਲੋਕ,'ਵਾਜੇ ਵਾਲਾ ਘਰ' ਕਹਿੰਦੇ ਸਨ ।ਜਦ ਪਿੰਡ ਵਿੱਚ ਪੰਚਾਇਤੀ ਰੇਡੀਓ ਆਇਆ ਤਾਂ ਸਰਪੰਚ ਦੇ ਘਰ, ਕਿਸੇ ਨੂੰ ਓਹ 'ਖ਼ਬਰਾਂ ਵਾਲਾ ਵਾਜਾ' (ਰੇਡੀਓ) ਚਲਾਉਣਾ ਨਹੀਂ ਸੀ ਆਉਂਦਾ ।ਸਰਪੰਚ ਨੇ ਕਿਹਾ ਮੇਰੇ ਪਿਤਾ ਨੂੰ ਕਿਹਾ ਸੀ, ਉਸੰਤਾ ਸਿੰਹਾਂਤ, ਹਾਰਨ ਤਾਂ ਉਚੀ ਥਾਂ 'ਤੇ ਹੀ ਲੱਗਣੈ, ਬਾਕੀ ਬੈਟਰੀ ਵਗ਼ੈਰਾ ਤੁਹਾਡੇ ਘਰ ਹੀ ਰੱਖ ਦਿੰਦੇ ਹਾਂ, ਖ਼ਬਰਾਂ ਵੇਲੇ ਤੁਸੀਂ ਹੀ ਚਾਲੂ ਕਰ ਦਿਆ ਕਰਿਓ" ।ਉਸ ਵੇਲੇ ਪੰਚਾਇਤੀ ਰੇਡੀਓ ਦੇ ਦੋ ਹੀ ਬਟਨ (ਖਨੋਬਸ) ਹੁੰਦੇ ਸਨ, ਇਕ ਵਾਲੀਅਮ ਦਾ ਤੇ ਦੂਸਰਾ ਟਿਊਨਿੰਗ ਵਾਸਤੇ; ਕੋਈ ਡਾਇਲ ਨਹੀਂ ਸੀ ਹੁੰਦਾ;ਤੇ ਨਾਲ ਹੁੰਦੀ ਸੀ ਬਿੱਲੀ ਵਾਲੀ ਬੈਟਰੀ ।ਸਿਰਫ ਆਕਾਸ਼ ਬਾਣੀ ਜਲੰਧਰ ਹੀ ਲਗਦਾ ਸੀ, ਹਾਂ ਕਦੀ ਕਦੀ ਲਾਹੌਰ (ਜਿਸ ਤੇ ਰੋਕ ਸੀ) ਵੀ ਆ ਜਾਂਦਾ ਸੀ ।ਮੈਂ ਛੇਵੀਂ-ਸਤਵੀ ਸਾਂ ।ਬੜਾ ਸ਼ੌਕ ਸੀ ਖ਼ਬਰਾਂ ਵਾਲੇ ਵਾਜੇ ਦਾ ।ਮੈਨੂੰ ਚੇਤੇ ਹੈ ਕਿ ਜਦ ਹਾਰਨ ਬੰਨ੍ਹਣ ਵਾਸਤੇ ਮੈਂ ਵਿਹੜੇ ਵਿਚਲੀ ਧਰੇਕ ਦੇ ਉਤਲੇ ਟਾਹਣੇ 'ਤੇ ਚੜ੍ਹਿਆ ਸਾਂ ਤਾਂ ਖ਼ੱਖਰ ਤੋਂ ਭੂੰਡ ਲੜਣ ਦੇ ਬਾਵਜੂਦ ਵੀ ਮੈਂ ਉਚੇ ਤੇ ਮੋਟੇ ਟਾਹਣੇ ਨਾਲ ਹਾਰਨ ਨੂੰ ਚੰਗੀ ਤਰ੍ਹਾਂ ਰੱਸੇ ਨਾਲ ਬੰਨ੍ਹ ਕੇ ਹੀ ਉਤਰਿਆ ਸਾਂ ।ਸ਼ਾਮ ਤੱਕ ਮੇਰਾ ਸਾਰਾ ਮੂੰਹ ਸੁੱਜ ਗਿਆ ਸੀ ਤੇ ਦੋ-ਤਿੰਨ ਦਿਨ ਸੋਜ ਕਰਕੇ ਦਿਖਾਈ ਦੇਣਾ ਵੀ ਬੰਦ ਹੀ ਰਿਹਾ ਸੀ ।

ਐਤਵਾਰ ਦੁਪਹਿਰ ਨੂੰ ਤ੍ਰਿੰਞਣ, ਜਿਸ ਵਿਚ ਭੈਣ ਜੀ-ਤਾਰਾ ਬੇਦੀ ਤੇ ਪ੍ਰੇਮੋ ਹੁੰਦੀਆਂ ਸਨ, ਰੋਜ਼ ਸ਼ਾਮ ਨੂੰ ਦਿਹਾਤੀ ਪ੍ਰੋਗ੍ਰਾਮ ਤੇ ਖ਼ਬਰਾਂ ਵਾਸਤੇ ਰੇਡੀਓ ਲਗਾਇਆ ਜਾਂਦਾ ਸੀ । ਉਹਨੀਂ ਦਿਨੀਂ, ਸੜਕੇ ਸੜਕੇ ਜਾਂਦੀਏ ਮੁਟਿਆਰੇ ਨੀਤ., ਚੰਨ ਮਾਤਾ ਗੁਜਰੀ ਦਾ ਸੁੱਤਾ ਕੰਡਿਆਂ ਦੀ ਸੇਜ ਵਿਛਾਈਤ, ਦੱਸ ਮੈਂ ਕੀ ਪਿਆਰ ਵਿੱਚੋਂ ਖੱਟਿਆਤ, ਅੰਬੀਆਂ ਦੇ ਬੂਟਿਆਂ 'ਤੇ ਲੱਗ ਗਿਆ ਬੂਰ ਨੀ.., ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ, ਕਾਲਾ ਡੋਰੀਆ ਕੁੰਡੇ ਨਾਲ ਅੜਿਆ ਈ ਓਤ, ਤੂੰ ਪੀਂਘ ਤੇ ਮੈਂ ਪਰਛਾਵਾਂ, ਬੱਤੀ ਬਾਲ਼ ਕੇ ਬਨੇਰੇ ਉਤੇ ਰੱਖਨੀ ਆਂਤ, ਆਦਿ ਗਾਣੇ ਵੱਜਦੇ ਹੁੰਦੇ ਸਨ । ਦਿਹਾਤੀ ਪ੍ਰੋਗ੍ਰਾਮ ਵਿੱਚ ਭਾਈਆ ਜੀ, ਮਾਸਟਰ ਜੀ, ਠੂਣੀਆਂ ਰਾਮ, ਮੁਨਸ਼ੀ ਜੀ, ਫੌਜਾ ਸਿੰਘ, ਚਾਚਾ ਜੀ ਤੇ ਠੰਢੂ ਰਾਮ ਆਇਆ ਕਰਦੇ ਸਨ ।ਹੌਲੀ ਹੌਲੀ ਉਹਨਾਂ ਦੇ ਅਸਲੀ ਨਾਵਾਂ ਦਾ ਪਤਾ ਲੱਗ ਗਿਆ ਸੀ ।ਭਾਈਆ ਜੀ-ਹੇਮ ਰਾਜ ਸ਼ਰਮਾ, ਠੰਢੂ ਰਾਮ-ਜਾਨਕੀ ਦਾਸ ਭਾਰਦਵਾਜ, ਫੌਜਾ ਸਿੰਘ-ਸੱਤਪਾਲ ਤਾਲਿਬ, ਮਾਸਟਰ ਜੀ-ਅਵਿਨਾਸ਼ ਭਾਖੜੀ ਤੇ ਕਦੀ ਕਦੀ ਸੁਰਿੰਦਰ ਸ਼ਰਮਾ, ਠੂਣੀਆਂ ਰਾਮ-ਸ਼੍ਰੀ ਸੰਤ ਰਾਮ, ਮੁਨਸ਼ੀ ਜੀ-ਕੁੰਦਨ ਸ਼ਰਮਾ ਤੇ ਚਾਚਾ-ਹਰਬੰਸ ਸਿੰਘ ਖ਼ੁਰਾਣਾ ਸਨ ਖ਼ੁਰਾਣਾ ਜੀ ਤੋਤੇ ਦੀ ਆਵਾਜ਼ ਕੱਢਦੇ ਹੁੰਦੇ ਸਨ ।ਕੁੰਦਨ ਸ਼ਰਮਾ, ਐਤਵਾਰ ਨੂੰ ਬਚਿੱਆਂ ਦੇ ਪ੍ਰੋਗ੍ਰਾਮ ਬਾਲ-ਜਗਤ ਵਿਚ 'ਵੀਰ ਜੀ' ਵੀ ਹੁੰਦੇ ਸਨ । ਇੱਕ ਵਾਰ ਅੰਮ੍ਰਿਤਸਰ ਦੇ ਰਾਮ ਬਾਗ਼ (ਕੰਪਣੀ ਬਾਗ਼) ਵਿੱਚ ਹੋਏ ਸਾਵਣ ਕਵੀ ਦਰਬਾਰ ਵਿਚ ਸੱਤਪਾਲ ਤਾਲਿਬ, ਕਵੀ ਵਜੋਂ ਆਏ ਸਨ ।ਉਹਨਾਂ ਨੂੰ ਵੇਖਣ ਵਾਸਤੇ ਮੇਰੇ ਪਿਤਾ ਜੀ ਮੈਨੂੰ, ਸਪੈਸ਼ਲ ਆਪਣੇ ਪਿੰਡ ਬੱਲ ਕਲਾਂ ਤੋਂ ਸਾਇਕਲ 'ਤੇ ਲੈ ਕੇ ਗਏ ਸਨ ।ਮੈਨੂੰ ਅਜੇ ਤੱਕ ਯਾਦ ਹੈ ਉਸ ਦਿਨ ਤਾਲਿਬ ਜੀ ਨੇ ਚਿੱਟੀ ਕਮੀਜ਼, ਚਿੱਟੀ ਪੈਂਟ ਤੇ ਚਿੱਟੇ ਬੂਟ ਪਾਏ ਹੋਏ ਸਨ ।ਅੰਮ੍ਰਿਤਸਰ ਦੇ ਪ੍ਰਸਿੱਧ ਕਵੀ ਚਮਨ ਲਾਲ ਸ਼ੁਗ਼ਲ ਪ੍ਰਬੰਧਕਾਂ ਵਿੱਚ ਸਨ ।ਭਾਵੇਂ ਉਦੋਂ ਅਜੇ ਮੈਂ ਬੱਚਾ ਹੀ ਸਾਂ, ਸ਼ੁਗ਼ਲ ਦੀ ਕਵਿਤਾ ਦਾ ਇੱਕ ਸ਼ੇਅਰ ਮੈਨੂੰ ਅੱਜ ਵੀ ਨਹੀਂ ਭੁੱਲਿਆ ਤੇ ਮੇਰੀ ਇੱਕ ਪੁਰਾਣੀ ਡਾਇਰੀ ਵਿੱਚ ਮਹਿਫ਼ੂਜ਼ ਹੈ, ਉਮੇਰੇ ਨਾਲ ਹੋਵੇਂ ਜਦੋਂ ਤੂੰ ਸੱਜਣੀ, ਲੱਗੇ ਅੰਮ੍ਰਿਤਸਰ ਜਿਵੇਂ ਇੰਗਲੈਂਡ ਹੋਵੇ; ਚੀਜ਼ ਆਪਣੀ ਆਪਣੀ ਹੁੰਦੀ ਏ, ਭਾਵੇਂ ਸੌ ਵਾਰੀ ਸੈਕਿੰਡ ਹੈਂਡ ਹੋਵੇ"।

ਮੇਰੇ ਭਭਸ਼ ਕੋਰਸ ਦੌਰਾਨ ਮੈਡੀਕਲ ਕਾਲਜ ਅੰਮ੍ਰਿਤਸਰ ਦੀ ਗਰਾਊਂਡ 'ਚ ਇੱਕ ਇਨਾਮ ਵੰਡ ਸਮਾਗਮ ਵਿੱਚ ਮਨੋਰੰਜਨ ਵਾਸਤੇ ਆਕਾਸ਼ ਬਾਣੀ ਜਲੰਧਰ ਤੋਂ ਕਲਾਕਾਰ ਹਰਬੰਸ ਸਿੰਘ ਖ਼ੁਰਾਣਾ ਨੂੰ ਬੁਲਾਇਆ ਗਿਆ ਸੀ, ਮੁੰਡਿਆਂ-ਕੁੜੀਆਂ ਦੀ ਫਰਮਾਇਸ਼ 'ਤੇ ਉਹਨਾਂ ਨੇ ਇਸ ਸਟੇਜ ਵੀ 'ਤੇ ਤੋਤੇ ਦੀ ਆਵਾਜ਼ ਕੱਢੀ ਸੀ ।ਬਾਲ ਜਗਤ ਕਈ ਸਾਲ ਚੱਲਦਾ ਰਿਹਾ, ਸ਼ਾਇਦ ਹੁਣ ਵੀ ਚਲਦਾ ਹੈ ।1986 ਵਿੱਚ ਜਦ ਮੇਰਾ ਵੱਡਾ ਬੇਟਾ ਪੰਜ ਕੁ ਸਾਲ ਦਾ ਸੀ ਉਹਨੂੰ ਮੈਂ ਇਸ ਪ੍ਰੋਗ੍ਰਾਮ ਵਿੱਚ ਭਾਗ ਦਿਵਾਉਣ ਵਾਸਤੇ ਅੰਮ੍ਰਿਤਸਰ ਤੋਂ ਜਲੰਧਰ ਲੈ ਕੇ ਗਿਆ ਸਾਂ ਤੇ ਕੰਦਨ ਸ਼ਰਮਾਂ ਹੁਰਾਂ ਨੂੰ ਮਿਲਿਆ ਸਾਂ ।

ਸੱਤਰਿਵਾਂ ਦੌਰਾਨ ਟੀਵੀ, ਆ ਤਾਂ ਗਿਆ ਸੀ ਪਰ ਅਜੇ ਬਹੁਤ ਹੀ ਘੱਟ ਲੋਕਾਂ ਦੀ ਪਹੁੰਚ ਵਿਚ ਸੀ ।ਹਰੇਕ ਦੇ ਦਿਲੋ-ਦਿਮਾਗ਼ 'ਤੇ ਰੇਡੀਓ ਅਤੇ ਇਸ ਦੇ ਕਲਾਕਾਰ ਹੀ ਛਾਏ ਹੋਏ ਸਨ ।'78 ਵਿੱਚ ਸਰਕਾਰੀ ਨੌਕਰੀ 'ਚ ਮੈਡੀਕਲ ਅਫਸਰ ਵਜੋਂ ਮੇਰੀ ਪਹਿਲੀ ਤੈਨਾਤੀ ਸਿਵਲ ਹਸਪਤਾਲ ਜਲੰਧਰ ਵਿਖੇ ਹੋਈ ।ਜਲੰਧਰ ਦਾ ਨਾਂ ਸੁਣ ਕੇ ਮੈਂ ਤਾਂ ਖੁਸ਼ ਹੋਇਆ ਹੀ, ਮੇਰੇ ਪਿੰਡ ਵਾਲੇ ਤੇ ਯਾਰ ਦੋਸਤ ਵੀ ਇੰਜ ਖੁਸ਼ ਸਨ ਜਿਵੇਂ ਜਲੰਧਰ ਜਾ ਕੇ ਮੈਂ ਸਿੱਧੇ ਰੇਡੀਓ ਤੋਂ ਹੀ ਪ੍ਰੋਗ੍ਰਾਮ ਦੇਣੇ ਸ਼ੁਰੂ ਕਰ ਦੇਣੇ ਹਨ ।ਹਸਪਤਾਲ ਦੇ ਮੁੱਖ ਸਰਜਨ ਡਾ. ਸ਼ਿੰਗਾਰਾ ਸਿੰਘ ਨੇ ਮੇਰੀ ਡਿਊਟੀ 'ਮਾਇਨਰ ਓਪ੍ਰੇਸ਼ਨ ਥਿਏਟਰ' ਵਿੱਚ ਲਗਾ ਦਿੱਤੀ ਕਿਉਂਕਿ ਅੰਮ੍ਰਿਤਸਰ ਵਿੱਚ ਮੈਂ ਸਰਜਰੀ 'ਚ ਕਾਫੀ ਕੰਮ ਕੀਤਾ ਸੀ ।ਚਮੜੀ ਹੇਠਾਂ ਛੋਟੀਆਂ-ਮੋਟੀਆਂ ਰਸੌਲੀਆਂ ਦੇ ਮਾਇਨਰ ਓਪ੍ਰੇਸ਼ਨ ਤੇ ਔਰਤਾਂ ਦੇ ਪਾਟੇ ਹੋਏ ਕੰਨਾਂ ਦੇ ਜਾਂ ਮੋਕਲੇ ਛੇਕਾਂ ਨੂੰ ਮੈਂ ਠੀਕ ਕਰਦਾ ਹੁੰਦਾ ਸਾਂ ।ਇੱਕ ਦਿਨ ਮੇਰੀ ਹੈਰਾਨੀ ਤੇ ਖੁਸ਼ੀ ਦਾ ਕੋਈ ਟਿਕਾਣਾ ਨਾ ਰਿਹਾ ਜਦ ਸਫ਼ਾਰੀ ਸੂਟ 'ਚ, ਇੱਕ ਮਰੀਜ਼ ਆਇਆ ਜਿਹਦੀ ਆਵਾਜ਼ ਜਾਣੀ ਪਛਾਣੀ ਸੀ ।ਕਮੀਜ਼ ਉਤਾਂਹ ਚੁੱਕ ਕੇ ਪੇਟ 'ਤੇ ਦੋ ਛੋਟੀਆਂ ਰਸੌਲੀਆਂ ਵਿਖਾਉਂਦਿਆਂ ਜਦ ਉਹ ਨਾਲੋ ਨਾਲ ਬੋਲ ਕੇ ਆਪਣੀ ਸਮੱਸਿਆ ਦੱਸ ਰਿਹਾ ਸੀ ਤਾਂ ਆਵਾਜ਼ ਪਛਾਣ ਕੇ ਮੈਂ ਪੁੱਛ ਹੀ ਲਿਆ, ਉਬਾਊ ਜੀ ਤੁਸੀਂ ਠੰਢੂ ਰਾਮ ਹੋ ?" ਉਹ ਹੱਸ ਕੇ ਬੋਲੇਤ., ਹਾਂ ਤੁਸੀਂ ਠੀਕ ਪਛਾਣਿਐਂ, ਮੈਂ ਰੇਡੀਓ ਵਾਲਾ ਠੰਢੂ ਰਾਮ ਹੀ ਹਾਂ ਤੇ ਮੇਰਾ ਅਸਲੀ ਨਾਂ ਜਾਨਕੀ ਦਾਸ ਭਾਰਦਵਾਜ ਹੈ"। ਮੈਂ ਬੜਾ ਖੁਸ਼ ਤੇ ਸੰਤੁਸ਼ਟ ਮਹਿਸੂਸ ਕਰ ਰਿਹਾ ਸਾਂ ਕਿ ਜਲੰਧਰ 'ਚ ਨੌਕਰੀ ਮਿਲਣ ਦਾ ਪੂਰਾ ਫਾਇਦਾ ਹੋ ਗਿਐ। ਇਸ ਤੋਂ ਬਾਅਦ ਰੇਡੀਓ ਕਲਾਕਾਰ ਸਰਿੰਦਰ ਸ਼ਰਮਾ ਵੀ ਕਿਸੇ ਕੰਮ ਵਾਸਤੇ ਹਸਪਤਾਲ ਆਏ ਤੇ ਮੈਨੂੰ ਮਿਲੇ ਸਨ ਮੈਂ ਉਹਨਾਂ ਦੀ ਮੱਦਦ ਕੀਤੀ ਤੇ ਕੰਮ ਜਲਦੀ ਹੋ ਗਿਆ । ਕੁੱਝ ਦਿਨਾਂ ਪਿੱਛੋਂ ਉਹਨਾਂ ਨੇ ਮੈਨੂੰ ਆਪਣੇ ਕਿਰਾਏ ਵਾਲੇ ਘਰ ਵੀ ਬੁਲਾਇਆ ਤੇ 'ਜਵਾਂ ਤਰੰਗ' ਪ੍ਰੋਗ੍ਰਾਮ ਵਿੱਚ 20 ਮਿੰਟ ਦਾ ਬੰਸਰੀ 'ਤੇ ਗੀਤਾਂ ਦਾ ਮੌਕਾ ਵੀ ਦਿੱਤਾ । ਉਹਤੋਂ ਬਾਅਦ ਉਹ, ਤਿੰਨ ਚਾਰ ਮਹੀਨੇ ਬਾਅਦ ਮੈਨੂੰ ਬੁਲਾ ਲੈਂਦੇ ਸਨ, 37 ਰੁਪੈ 50 ਪੈਸੇ ਦਾ ਚੈਕ ਮਿਲਦਾ ਹੁੰਦਾ ਸੀ ।ਸਾਡੇ ਵਿਆਹ ਤੋਂ ਕੁੱਝ ਦਿਨ ਪਹਿਲਾਂ ਵੀ, ਜਵਾਂ ਤਰੰਗ ਵਿਚ ਮੇਰਾ 20 ਮਿੰਟ ਦਾ ਬੰਸਰੀ 'ਤੇ ਪ੍ਰੋਗ੍ਰਾਮ ਸੀ ।

ਵਿਆਹ ਵਾਲੇ ਦਿਨ ਪਲੰਘੇ ਬਿਠਾ ਕੇ ਜਦ ਬੀਬੀਆਂ ਸੁਹਾਗ ਗਾ ਰਹੀਆਂ ਸਨ, ਉਪਲੰਘੇ ਬੈਠਿਆ ਕਾਹਨਾਂ ਸਾਨੂੰ ਬੰਸਰੀ ਸੁਣਾਤ" ! ਤਾਂ ਮੈਂ ਜੁਆਬ ਦਿੱਤਾ ਸੀ, ਉਅਜੇ ਕੁੱਝ ਦਿਨ ਪਹਿਲਾਂ ਹੀ ਮੈਂ ਤੁਹਾਨੂੰ ਨਹੀਂ, ਬਲਕਿ ਸਾਰੀ ਦੁਨੀਆਂ ਨੂੰ ਰੇਡੀਓ 'ਤੇ ਬੰਸਰੀ ਸੁਣਾਈ ਸੀ ।




# ਇੰਡੀਆ ਵਿੱਚ ਤਵਿਆਂ ਉੱਪਰ ਪਹਿਲੀ ਰਿਕਾਰਡਿੰਗ 8 ਨਵੰਬਰ 1902 ਨੂੰ ਹੋਈ ਸੀ


Gauhar Jaan recording in a makeshift studio - Picture courtesy Vikram Sampath

ਅੱਜ ਅਸੀਂ ਯੂ ਟਿਊਬ ਤੇ ਪੁੱਜ ਚੁੱਕੇ ਹਾਂ, ਪਰ ਇਹ ਸਫਰ ਬਹੁਤ ਲੰਬਾ ਹੈ , ਤਕਰੀਬਨ ਡੇਢ ਸੌ ਸਾਲ ਪਹਿਲਾਂ ਇਨਸਾਨ ਨੇ ਇੱਕ ਸੁਪਨਾ ਲਿਆ ਸੀ ਕਿ ਉਸਦੀ ਆਵਾਜ਼ ਵੀ ਕਿਸੇ ਢੰਗ ਨਾਲ, ਕਿਸੇ ਮਾਧਿਅਮ ਰਾਹੀਂ, ਕੈਦ ਕਰ ਕੇ ਦੁਬਾਰਾ ਸੁਣੀ ਜਾ ਸਕੇ।

ਆਖਰ 11 ਫਰਵਰੀ 1847 ਨੂੰ ਅਮਰੀਕਾ ਵਿੱਚ ਪੈਦਾ ਹੋਏ ਵਿਗਿਆਨੀ 'ਥਾਮਸ ਅਲਵਾ ਐਡੀਸਨ' ਨੇ ਇਹ ਸੁਪਨਾ ਸਾਕਾਰ ਕਰ ਲਿਆ ਜਦੋਂ ਉਸਨੇ ਮੋਮ ਦੇ ਗੋਲ ਵਰਕੇ ਤੇ ਬਰੀਕ ਝਿਰੀ ਪਾਕੇ ਆਵਾਜ਼ ਰਿਕਾਰਡ ਕਰਨ ਵਿੱਚ ਸਫਲਤਾ ਹਾਸਲ ਕੀਤੀ।

1888 ਵਿੱਚ ਤਾਂ ਜਰਮਨੀ ਮੂਲ ਦੇ ਇੱਕ ਅਮਰੀਕੀ ਵਿਗਿਆਨੀ 'ਐਮਿਲੀ ਬਰਲਿਨਰ' ਨੇ ਲਾਖ ਵਾਲੇ ਤਵੇ ਦੀ ਕਾਢ ਕੱਢ ਲਈ, ਜੋ ਤਕਰੀਬਨ ਅੱਸੀ ਵਰ੍ਹੇ ਉਸੇ ਤਰ੍ਹਾਂ ਹੀ ਚਲਦਾ ਰਿਹਾ।

1898 ਵਿੱਚ ਦੁਨੀਆਂ ਦੀ ਪਹਿਲੀ ਕੰਪਨੀ @ਦਿ ਗਰਾਮੋਫੋਨ ਐਂਡ ਟਾਈਪਰਾਈਟਰ@ ਲੰਡਨ ਵਿੱਚ ਸਥਾਪਤ ਹੋਈ।

ਇਹ ਕੰਪਨੀ ਬਾਅਦ ਵਿੱਚ ਐਚ.ਐਮ.ਵੀ.ਨਾਮ ਵਿੱਚ ਕਿਵੇਂ ਤਬਦੀਲ ਹੋਈ ?

ਭਾਰਤ ਵਿੱਚ ਇਸਦੀ ਆਮਦ ਕਦੋਂ ਹੋਈ ?

ਭਾਰਤ ਵਿੱਚ ਪਹਿਲਾ ਰਿਕਾਰਡਿੰਗ ਇੰਜੀਨੀਅਰ ਕੌਣ ਸੀ ?

ਭਾਰਤ ਵਿੱਚ ਪਹਿਲੀ ਰਿਕਾਰਡਿੰਗ ਕਿੱਥੇ ਹੋਈ ?

ਉਹ ਕਿਹੜਾ ਪਹਿਲਾ ਭਾਰਤੀ ਕਲਾਕਾਰ ਸੀ ਜਿਸਦੀ ਆਵਾਜ਼ ਰਿਕਾਰਡ ਹੋਈ ?

ਉਹ ਪਹਿਲੇ ਗੀਤ ਦੇ ਬੋਲ ਕੀ ਸਨ ?

ਉਹ ਕਿਹੜੀ ਤਾਰੀਖ ਸੀ ਜਦੋਂ ਪਹਿਲੀ ਰਿਕਾਰਡਿੰਗ ਹੋਈ ?

ਉਪਰੋਕਤ ਸਾਰ ਸੁਆਲਾਂ ਦੇ ਜੁਆਬ ਇੱਥੋਂ ਸ਼ੁਰੂ ਹੁੰਦੇ ਹਨ। 1901ਵਿੱਚ ਕੰਪਨੀ ਨੇ 'ਜੋਹਨ ਵਾਟਸਨ ਹਾਅ' ਨੂੰ ਭਾਰਤ ਵਿੱਚ ਗਰਾਮੋਫੋਨ ਦੇ ਬਾਜ਼ਾਰ ਦੇ ਭਵਿੱਖ ਦਾ ਅੰਦਾਜ਼ਾ ਲਾਉਣ ਵਾਸਤੇ ਘੱਲਿਆ।

ਜੋਹਨ ਵਾਟਸਨ ਨੇ ਦਿੱਲੀ ਬੰਬਈ ਮਦਰਾਸ ਕਲਕੱਤੇ ਯਾਤਰਾ ਕਰਕੇ ਨਤੀਜਾ ਕੱਢਿਆ ਕਿ ਭਾਰਤ ਵਿੱਚ ਗ੍ਰਾਮਾਫੋਨ ਦਾ ਭਵਿੱਖ ਬਹੁਤ ਵਧੀਆ ਹੈ। ਭਾਰਤ ਇਸ ਕੰਮ ਲਈ ਦੁਨੀਆਂ ਦੀ ਸਭ ਤੋਂ ਵੱਡੀ ਮੰਡੀ ਹੋ ਸਕਦੀ ਹੈ, ਬਸ਼ਰਤੇ ਉੱਥੋਂ ਦੀਆਂ ਦੇਸੀ ਭਾਸ਼ਾਵਾਂ ਵਿੱਚ ਰਿਕਾਰਡਿੰਗ ਹੋਵੇ। ਨਤੀਜੇ ਵੱਜੋਂ ਕੰਪਨੀ ਨੇ ਇੰਗਲੈਂਡ ਤੋਂ ਹੀ 'ਦਿ ਗ੍ਰਾਮਾਫੋਨ ਕੰਪਨੀ ਆਫ ਇੰਡੀਆ' ਸਥਾਪਤ ਕੀਤੀ , ਉਸ ਵੇਲੇ ਭਾਰਤ ਬਰਤਾਨੀਆ ਰਾਜ ਦੀ ਹੀ ਇੱਕ ਮੰਡੀ ਸੀ। ਕੰਪਨੀ ਨੇ ਫ਼ਰੈਡਰਿਕ ਵਿਲੀਅਮ ਗਾਇਸਬਰਗ ਨਾਮ ਦੇ ਰਿਕਾਰਡਿੰਗ ਇੰਜੀਨੀਅਰ ਨੂੰ ਰਿਕਾਰਡਿੰਗ ਵਾਲੀ ਮਸ਼ੀਨ ਦੇ ਕੇ ਭਾਰਤ ਭੇਜਿਆ ਉਸਦੇ ਨਾਲ ਉਸਦਾ ਸਹਿਯੋਗੀ ਵਿਲਿਅਮ ਸਿੰਕਲਰ ਡੇਰਬੀ ਵੀ ਸੀ।ਇਹ ਦੋਵੇਂ ਵਿਅਕਤੀ ਭਾਰਤ ਆ ਗਏ 'ਤੇ ਪਹਿਲਾਂ ਤੋਂ ਕੀਤੀ ਖੋਜ ਮੁਤਾਬਕ ਕਲਕੱਤੇ ਪੁੱਜ ਗਏ। ਇਹਨਾਂ ਨੇ ਕਲਕੱਤੇ ਦਿ ਗਰੇਟ ਇਸਟਰਨ ਹੋਟਲ ਵਿੱਚ ਕਮਰਾ ਕਿਰਾਏ ਤੇ ਲਿਆ। ਇਹਨਾਂ ਨੇ ਥਿਏਟਰ ਮੰਡਲੀਆਂ ਨਾਲ ਸੰਪਰਕ ਕੀਤਾ ਕਿਉਂਕਿ ਇਹਨਾਂ ਨੂੰ ਉਮੀਦ ਸੀ ਕਿ ਥਿਏਟਰ ਮੰਡਲੀਆਂ ਨਾਲ ਗਾਉਣ ਵਾਲੀਆਂ ਚੰਗੀਆਂ ਆਵਾਜ਼ਾਂ ਹੁੰਦੀਆਂ ਹਨ।


ਇਸ ਤਰ੍ਹਾਂ ਇਹਨਾਂ ਨੇ ਕਲਾਸੀਕਲ ਥਿਏਟਰ ਦੇ ਮਾਲਕ 'ਅਮਰੇਂਦਰ ਨਾਥ ਨੱਤ' ਨਾਲ ਸੰਪਰਕ ਕੀਤਾ ਗੱਲ ਹੋ ਗਈ, ਪਰ ਹੈਰਾਨੀ ਦੀ ਗੱਲ ਇਹ ਹੈ ਕਿ ਮਿੱਥੇ ਸਮੇਂ ਤੇ ਨੱਤ ਆਪਣੀ ਨਾਟ ਮੰਡਲੀ ਨਹੀਂ ਬਲਕਿ ਚਿੱਤਪੁਰ÷ ਇਲਾਕੇ ਦੀਆਂ ਦੋ ਨੱਚਣ ਵਾਲੀਆਂ ਕੁੜੀਆਂ ਨੂੰ ਲੈ ਆਇਆ।ਉਹਨਾਂ ਵਿੱਚੋਂ ਇੱਕ ਚੌਦਾਂ ਵਰ੍ਹਿਆਂ ਦੀ ਸ਼ਸ਼ੀਮੁੱਖੀ ਤੇ ਦੂਸਰੀ ਸੋਲਾਂ ਵਰ੍ਹਿਆਂ ਦੀ 'ਫਨੀਬਾਲਾ'। ਮਿੱਥੇ ਸਮੇਂ ਤੇ @ਨੱਤ@ ਦੋਵੇਂ ਕੁੜੀਆਂ ਨੂੰ ਪਛਾਣ ਛੁਪਾ ਕੇ ਲੰਮੇ ਲੰਮੇ ਘੁੰਡ ਕੱਢਾ ਕੇ ਲੈ ਆਇਆ।ਵਿਲੀਅਮ ਗਾਇਸਬਰਗ ਹੋਰਾਂ ਨੇ ਹੋਟਲ ਵਿੱਚ ਹੀ ਰਹਿਣ ਵਾਲੇ ਕਮਰੇ ਦੇ ਨਾਲ ਵਾਲਾ ਕਮਰਾ ਵੀ ਕਿਰਾਏ ਤੇ ਲੈ ਲਿਆ ਸੀ, ਜਿੱਥੇ ਉਹਨਾਂ ਨੇ ਆਪਣੇ ਨਾਲ ਲਿਆਂਦੀ ਰਿਕਾਰਡਿੰਗ ਮਸ਼ੀਨ ਟਿਕਾਈ ਹੋਈ ਸੀ।

8 ਨਵੰਬਰ 1902 ਨੂੰ ਇਤਿਹਾਸ ਸਿਰਜਿਆ ਗਿਆ। ਉਹਨਾਂ ਦੋਵੇਂ ਕੁੜੀਆਂ ਵਿੱਚੋਂ ਸ਼ਸ਼ੀਬਾਲਾ ਦੀ ਆਵਾਜ਼ ਵਿੱਚ ਪਹਿਲਾ ਗੀਤ (ਬੰਗਾਲੀ) ਰਿਕਾਰਡ ਹੋਇਆ। ਜਿਸਦੇ ਬੋਲ ਸਨ 'ਆਮੀ ਸਜਨੀ ਕੁਸਮਿਰੀ' ਭਾਵ ਮੇਰੀ ਸਜਨੀ ਫੁੱਲਾਂ ਵਰਗੀ ਪਰ ਉਸ ਅਨਭੋਲ ਕੁੜੀ ਨੂੰ ਨਹੀਂ ਪਤਾ ਸੀ ਕਿ ਉਹ ਤਾਂ ਇਤਿਹਾਸ ਬਣਨ ਜਾ ਰਹੀ ਹੈ। ਬਹੁਤ ਥਾਵਾਂ ਤੇ ਤੁਸੀਂ ਲਿਖਿਆ ਪੜ੍ਹਿਆ ਹੋਵੇਗਾ ਕਿ ਪਹਿਲੀ ਰਿਕਾਰਡਿੰਗ ਗਹੌਰ ਜਾਨ ਦੀ ਹੋਈ ਸੀ ਪਰ ਨਹੀਂ ਸ਼ਸ਼ੀਬਾਲਾ ਤੋਂ ਤਿੰਨ ਦਿਨ ਬਾਅਦ ਗਹੌਰ ਜਾਨ ਦੀ ਰਿਕਾਰਡਿੰਗ ਹੋਈ ਸੀ।




# ਸ਼ਬਦਾਂ ਦੀ ਬੁਣਤਰ ਅਤੇ ਬਣਤਰ ਹੇਠ ਪਲਦੇ ਅਰਥਾਂ ਦੀਆਂ ਪਰਤਾਂ ਫਰੋਲਣ ਦਾ ਬੋਧ

**ਕਈ ਅੱਖਰ ਬਦਲ ਬੈਠਾ ਮੈਂ**
**ਆਪਣਾ ਤਰਜੁਮਾ ਕਰਦਾ**
**ਮੈਂ ਕੀ ਕੀ ਹੋਣ ਵਾਲਾ ਸੀ**
**ਕੀ ਕੀ ਹੋਣ ਲਗਦਾ ਹਾਂ।**
**(ਗੁਰਤੇਜ ਕੁਹਾਰਵਾਲਾ )**



ਗਿਆਨੀ ਲਾਲ ਸਿੰਘ ਜਦੋਂ ਭਾਸ਼ਾ ਵਿਭਾਗ ਦੇ ਡਾਇਰੈਕਟਰ ਸਨ, ਉਸ ਸਮੇਂ ਮੇਰੀ ਉਨ੍ਹਾਂ ਵੱਲੋਂ ਹੀ ਲੈਕਚਰਾਰ ਦੀ ਨਿਯੁਕਤੀ ਕੀਤੀ ਗਈ ਸੀ। ਉਸ ਸਮੇਂ ਉਨ੍ਹਾਂ ਦਾ ਪਹਿਲਾ ਸਵਾਲ ਸੀ,'ਵਰਣਮਾਲਾ ਦੇ ਅੱਖਰ ਮਿਲ ਕੇ ਕੀ ਅਖਵਾਉਂਦੇ ਹਨ?' ਮੇਰਾ ਜਵਾਬ ਸੀ,'ਸ਼ਬਦ'। ਉਨ੍ਹਾਂ ਫਿਰ ਕਿਹਾ,'ਕੋਈ ਮਿਸਾਲ ਦੱਸੋ।'ਮੈਂ ਕਿਹਾ ਸੀ-'ਸ਼ਬਦ'ਆਪ ਹੀ ਮਿਸਾਲ ਹੈ। ਮੇਰੀ ਨਿਯੁਕਤੀ ਹੋ ਗਈ ਸੀ। ਬਸ ਉਦੋਂ ਤੋਂ ਹੀ ਮੈਂ ਸ਼ਬਦਾਂ ਦੇ ਵਣਜ ਦੀ ਬੀਹੀ ਜਾ ਉੱਤਰੀ ਸੀ। ਅੱਲ੍ਹੜ ਉਮਰੇ ਮੈਂ ਇਸ ਦੀਆਂ ਗੁੱਝੀਆਂ ਰਮਜ਼ਾਂ ਨੂੰ ਜਾਨਣ ਲੱਗੀ। ਉਸ ਪਿੱਛੋਂ ਯੂਨੀਵਰਸਿਟੀ ਵਿੱਚ ਨਾਵਲਕਾਰ ਨਾਨਕ ਸਿੰਘ ਦੇ ਸਪੁੱਤਰ, ਪ੍ਰੋ. ਕਰਤਾਰ ਸਿੰਘ ਸੂਰੀ ਨੇ ਇੱਕ ਸਮੇਂ ਸਵਾਲ ਕੀਤਾ ਸੀ ਕਿ ਜਪੁ ਜੀ ਸਾਹਿਬ ਦੀ ਕੋਈ ਤੁਕ ਦੱਸੋ ਜਿਸ ਵਿੱਚ ਹਿੰਦੂ ਦੇਵਤਿਆਂ ਦਾ ਵੀ ਜ਼ਿਕਰ ਹੋਵੇ। ਮੇਰਾ ਜਵਾਬ ਸੀ-ਏਕਾ ਮਾਈ ਜੁਗਤ ਬਿਆਈ। ਮੇਰੀ ਹੋਰ ਤਰੱਕੀ ਹੋ ਗਈ ਸੀ। ਇਉਂ ਸ਼ਬਦਾਂ ਦੀ ਬੁਣਤਰ ਅਤੇ ਬਣਤਰ ਹੇਠ ਪਲਦੇ ਅਰਥਾਂ ਦੀਆਂ ਪਰਤਾਂ ਫਰੋਲਣ ਦਾ ਬੋਧ ਹੋਣ ਲੱਗਾ। ਦੋ ਲਿਖੀਆਂ ਸਤਰਾਂ ਵਿਚਕਾਰ ਛੱਡੀ ਥਾਂ ਤੱਕ ਅਰਥ ਪਸਾਰੇ ਕਿਆਸਣ ਦੀ ਜਾਚ ਆ ਗਈ, ਲਿਖੇ ਸ਼ਬਦਾਂ ਦੇ ਪਿਛਵਾੜੇ ਤੋਂ ਝਾਕਦੇ ਅਰਥਾਂ ਅਤੇ ਰਹੱਸਾਂ ਨੂੰ ਸਮਝਣ ਦਾ ਵੱਲ ਆ ਗਿਆ। ਸੁਰਜੀਤ ਪਾਤਰ ਨੇ ਇੱਕ ਵਾਰ ਕਿਹਾ ਸੀ ਕਿ ਜਿਸ ਲਿਖੀ ਸਤਰ ਦੇ ਦੋ ਅਰਥ ਨਾ ਨਿਕਲਦੇ ਹੋਣ, ਉਹ ਕਵਿਤਾ ਹੋ ਹੀ ਨਹੀਂ ਸਕਦੀ। ਇਉਂ ਲੋਕਾਂ ਦੀ ਆਮ ਕਹੀ ਗੱਲ ਵੀ ਮੇਰੇ ਤੱਕ ਖਾਸ ਬਣ ਕੇ ਅਪੜਨ ਲੱਗੀ ਸੀ। ਸਮਾਂ ਪਾ ਕੇ ਹੁਣ ਮੈਂ ਆਪ ਲੋਕਾਂ ਤੋਂ ਉਨ੍ਹਾਂ ਦੀ ਨਿਯੁਕਤੀ ਲਈ ਸਵਾਲ ਪੁੱਛਣ ਦੇ ਸਮਰੱਥ ਹੋ ਗਈ ਸੀ। ਇੱਕ ਵਾਰੀ ਕਿਸੇ ਬਣਦੇ ਅਫਸਰ ਤੋਂ ਸਵਾਲ ਪੁੱਛਿਆ ਗਿਆ,'ਦੁਨੀਆਂ ਦੀ ਸਭ ਤੋਂ ਮਹਿੰਗੀ ਥਾਂ ਕਿਹੜੀ ਹੈ?'ਜਵਾਬ ਵਿੱਚ ਉਸ ਨੇ ਕਿਹਾ ਸੀ,'ਛੋਟੇ ਸਾਹਿਬਜ਼ਾਦਿਆਂ ਦੇ ਸਸਕਾਰ ਲਈ ਖਰੀਦੀ ਟੋਡਰ ਮੱਲ ਦੁਆਰਾ ਮੋਹਰਾਂ ਵਿਛਾ ਕੇ ਲਈ ਥਾਂ ਹੈ'। ਦੂਜਾ ਸਵਾਲ ਸੀ,' ਦੁਨੀਆਂ ਵਿੱਚ ਸਭ ਤੋਂ ਭਾਰਾ ਬੋਝ ਕਿਹੜਾ ਹੈ'= ਉਸ ਦਾ ਜਵਾਬ ਸੀ,'ਪਿਤਾ ਦੇ ਮੋਢਿਆਂ ਉੱਪਰ ਪੁੱਤਰ ਦੀ ਲਾਸ਼ ਦਾ ਬੋਝ'। ਇਹ ਦੋਵੇਂ ਅਜਿਹੇ ਸਾਹਿਤਕ ਜਵਾਬ ਸਨ ਜੋ ਸਦਾ ਲਈ ਮੇਰੇ ਚੇਤੇ ਵਿੱਚ ਉਕਰੇ ਗਏ ਹਨ।ਅੱਖਰਾਂ ਦੀ ਅਜਿਹੀ ਤਰਤੀਬ ਹੀ ਕਦੇ ਪਿਆਰ ਦਾ ਇਜ਼ਹਾਰ ਬਣਦੀ ਜ਼ਮੀਨ ਦੀ ਹਿੱਕ ਤੇ ਪੈਰ ਦੇ ਅੰਗੂਠੇ ਨਾਲ ਘੋਰ-ਘੰਡੇ ਵਾਹ ਰਹੀ ਹੁੰਦੀ ਹੈ ਜਾਂ ਹਰਖ ਆਉਣ ਤੇ ਮੌਖਿਕ ਰੂਪ ਤੋਂ ਕੀਤੀ ਹਿੰਸਾ ਵਾਲੀ ਗੱਲ ਲਈ ਚੁਣੇ ਸ਼ਬਦ 'ਗਾਲ੍ਹ' ਹੋ ਨਿਬੜਦੇ ਹਨ। ਕੁੱਝ ਸ਼ਬਦ ਅਜਿਹੇ ਹੁੰਦੇ ਹਨ ਜਿਨ੍ਹਾਂ ਨੂੰ ਬੋਲਣ ਵਾਲਾ ਜਾਂ ਦਿਲੋਂ ਲਹਿ ਜਾਂਦਾ ਹੈ ਜਾਂ ਦਿਲ ਵਿੱਚ ਉਤਰ ਜਾਂਦਾ ਹੈ। ਕਾਲੇ ਰੰਗ ਨਾਲ ਲਿਖੇ ਅੱਖਰਾਂ ਪਿਛਲਾ ਚਾਨਣ ਬਹੁਤ, ਸਵੱਛ, ਪਵਿੱਤਰ ਨਿਰਮਲ, ਸਾਫ਼ ਅਤੇ ਅਰਥ-ਭਰਪੂਰ ਹੁੰਦਾ ਹੈ। ਛੋਟੇ ਹੁੰਦਿਆਂ ਜੇ ਕੋਈ ਅੰਗ੍ਰੇਜ਼ੀ ਦਾ ਅੱਖਰ ਦੱਸਦਾ ਤਾਂ ਆਲਮੀ ਮੰਡੀ ਦਾ ਸਿੱਕਾ ਜਾਣ ਕੇ ਸਾਂਭ ਲੈਂਦੇ ਸੀ, ਪਰ ਪੰਜਾਬੀ ਅੱਖਰਾਂ ਨੂੰ ਸਮੁੰਦਰ ਕਿਨਾਰੇ ਪਏ ਘੋਗੇ, ਸਿੱਪੀਆਂ ਜਾਂ ਠੀਕਰੀਆਂ ਜਿਹੇ ਲਗਦੇ, ਜਿੱਥੇ ਕੋਈ ਉਚੇਚ ਨਹੀਂ ਸੀ। ਇਹ ਚੇਤਿਆਂ ਵਿੱਚ ਆਉਂਦੇ ਜਾਂਦੇ ਸਾਹ ਵਰਗੇ ਜਾਂ ਕਿਲਕਾਰੀਆਂ ਦੇ ਹਾਣ ਦੇ ਹੋ ਖੜ੍ਹੇ ਸਨ। ਮੈਂ ਸੁਣਿਆ ਹੈ ਕਿ ਵਾਇਲਨ 40 ਟੁਕੜੇ ਜੋੜ ਕੇ ਬਣਦੀ ਹੈ। ਹਰ ਟੁਕੜੇ ਵਿੱਚ ਹੀ ਆਵਾਜ਼ ਹੁੰਦੀ ਹੈ, ਇਉਂ ਹਰ ਅੱਖਰ ਵੀ ਆਪਣੀ ਆਭਾ ਰਖਦਾ ਹੈ। ਮਨ ਦੀ ਇੱਛਾ ਵਰਗੀ ਇਬਾਰਤ ਹਰ ਕੋਈ ਲਿਖਣੀ ਜਾਂ ਸੁਣਨੀ ਚਾਹ ਰਿਹਾ ਹੈ। ਗੁਲਜ਼ਾਰ ਲਿਖਦਾ ਹੈ- ਲਫ਼ਜ਼ੋਂ ਕੇ ਭੀ ਜ਼ਾਇਕਾ ਹੋਤਾ ਹੈ, ਪਰੋਸਣੇ ਸੇ ਪਹਿਲੇ ਚਖ ਲੀਆ ਕਰੋ। ਅੱਖਰ ਮਧੂ ਮੱਖੀ ਜਿਹੇ ਹਨ, ਇਨ੍ਹਾਂ ਵਿੱਚ ਡੰਗ ਵੀ ਹੈ ਜੋ ਹੋਰਨਾ ਨੂੰ ਤੜਪਾ ਸਕਦਾ ਹੈ ਤੇ ਸ਼ਹਿਦ ਵੀ ਹੈ ਜੋ ਹੋਰਨਾ ਦਾ ਕਾਲਜਾ ਠਾਰਦਾ ਹੈ।ਸਾਨੂੰ ਸਿਖਾਇਆ ਗਿਆ ਸੀ ਕਿ ਔਰਤ ਇੰਨਾ ਮਿੱਠਾ ਬੋਲੇ ਕਿ ਸ਼ਬਦ ਉਸ ਦੇ ਮੂੰਹੋਂ ਪਿਘਲਕੇ ਨਿਕਲਦੇ ਲੱਗਣ।

ਸਿਆਣੇ ਆਖਦੇ ਹਨ ਕਮਲ਼ਾ ਕਾਸਤੋਂ ਜਾਣੀਏਂ, ਬਸ ਗੱਲਾਂ ਤੋਂ ਪਛਾਣੀਏਂ। ਪੰਜਾਬੀ ਸੁਭਾਅ ਵਿੱਚ ਤਾਂ ਸ਼ਬਦ ਵੱਖਰੀ ਤਾਸੀਰ, ਸ਼ਰਧਾ ਅਤੇ ਸਮਰਪਣ ਰਖਦੇ ਹਨ ਜਿੱਥੇ ਗੁਰਬਾਣੀ ਸਾਡੇ ਲਈ ਹੋਂਦ ਵੀ ਹੈ, ਰੂਹ ਦਾ ਰੱਜ ਵੀ ਹੈ, ਜਿੱਥੇ ਨਤਮਸਤਕ ਹੋ ਕੇ 'ਕਿਵ ਸਚਿਆਰਾ ਹੋਈਐ'ਦਾ ਹੱਲ ਤਲਾਸ਼ਦੇ ਹਾਂ। ਕੁੱਝ ਲੋਕ ਹੁੰਦੇ ਹਨ ਜੋ ਪਵਿੱਤਰ ਸਰੋਵਰ ਦੀਆਂ ਲਹਿਰਾਂ ਤੇ ਲਿਖੀ ਇਬਾਰਤ ਜਾਣ ਲੈਂਦੇ ਹਨ, ਜੋ ਪਲਕਾਂ ਤੇ ਲਟਕਦੇ ਹੰਝੂ ਦਾ ਤਰਜੁਮਾ ਕਰ ਲੈਂਦੇ ਹਨ ਤੇ ਹਥੇਲੀ ਤੇ ਡਿਗਦੀ ਕਣੀ ਨੂੰ ਮਹਿਬੂਬ ਦਾ ਨਾਮ ਪੜ੍ਹਦੇ ਹਨ। ਉਹ ਲੋਕ ਆਪਣੇ ਬੋਧ ਨਾਲ ਦੁਨੀਆਂ ਭਰ ਦਾ ਸੁਭਾਅ ਉਲੀਕਦੇ ਦਸਦੇ ਹਨ ਕਿ ਜਰਮਨ ਹੈਂਕੜ, ਅਮਰੀਕੀ ਧਮਕੀ, ਅੰਗ੍ਰੇਜ਼ੀ ਰੋਹਬ, ਫਰਾਂਸੀਸੀ ਨਖ਼ਰਾ, ਇਤਾਲਵੀ ਚੁੱਪ, ਯੂਨਾਨੀ ਗੰਭੀਰਤਾ, ਤਿੱਬਤੀ ਨਿਮਰਤਾ, ਇਜ਼ਰਾਈਲੀ ਬਦਲਾ ਅਤੇ ਭਾਰਤੀ ਸ਼ਰਧਾ ਜਗਤ ਪ੍ਰਸਿਧ ਹਨ। ਆਪਣਾ ਬੋਧ ਲਿਖ ਕੇ, ਦੱਸ ਕੇ ਇਹ ਮਨ ਪਰਚਾਅ ਲੈਂਦੇ ਹਨ। ਅਜਿਹੇ ਸਮੇਂ ਕਈ ਮਰਦ ਲੇਖਕ ਸ਼ਬਦਾਂ ਦੀ ਵਰਤੋਂ ਕਰਦਿਆਂ ਵੱਸ ਚੱਲੇ ਤਾਂ ਪੂਰੇ ਕਪੜਿਆਂ ਵਿੱਚ ਕੱਜੀ ਔਰਤ ਨੂੰ ਵੀ ਨੰਗਿਆਂ ਚਿਤਰ ਦਿੰਦੇ ਹਨ ਜਦੋਂ ਕਿ ਅੰਮ੍ਰਿਤਾ ਪ੍ਰੀਤਮ ਵਰਗੀ ਲੇਖਿਕਾ ਪੂਰੀ ਨਗਨ ਔਰਤ ਨੂੰ ਵੀ ਢਕੀ ਹੋਈ ਚਿਤਰ ਸਕਦੀ ਹੈ। ਅਜਿਹਾ ਬੋਧ ਦੇਣ ਲੱਗਿਆਂ ਰੱਬ ਨਾ ਅਹਿਸਾਨ ਕਰਦਾ ਹੈ ਨਾ ਲੈਣ ਲੱਗਿਆਂ ਲਿਹਾਜ਼ ਹੀ ਕਰਦਾ ਹੈ। ਬਸ ਬਿਧ-ਮਾਤਾ ਦੇ ਲਿਖੇ ਅੱਖਰਾਂ ਨੂੰ ਜਾਂ ਮੱਥੇ ਲਿਖੀਆਂ ਇਬਾਰਤਾਂ ਨੂੰ ਕੌਣ ਟਾਲ ਸਕਦਾ ਹੈ। ਉਹਦੀਆਂ ਉਹੀ ਜਾਣੇ।

facebook — ਫੇਸਬੁੱਕ ਪਰਿਵਾਰ ਦੀਆਂ ਗੱਲਾਂਬਾਤਾਂ

# ਮੇਰਾ ਗੁਰੂ ਘਰ - 1

## ਨਿੰਦਰ ਘੁਗਿਆਣਵੀ



ਬਚਪਨ ਵਿਚ ਹੀ ਸਾਂ ਹਾਲੇ ਮੈਂ ਕਿ ਗੁਰੂ ਘਰ ਨਾਲ ਲਿਵ ਜੁੜ ਗਈ। ਇਧਰ ਓਧਰ ਕਿਤੇ ਵੀ, ਗੁਰੂ ਗਰੰਥ ਸਾਹਬ ਦੀ ਅਸਵਾਰੀ ਜਾ ਰਹੀ ਮਨ ਮੋਹ ਲੈਂਦੀ ਸੀ ਮੇਰਾ। ਕਿੰਨਾ ਕਿੰਨਾ ਚਿਰ ਮੈਂ, ਹੱਥ ਜੋੜੀ ਖੜਾ ਜਾਂਦੇ ਗੁਰਾਂ ਨੂੰ ਨਿਹਾਰਦਾ ਰਹਿੰਦਾ। ਕਿਸੇ ਪਾਸਿਓਂ ਸੰਖ ਜਾਂ ਘੜਿਆਲ ਦੀ ਆਵਾਜ ਸੁਣਨੀ, ਤਾਂ ਇਹ ਅਲੌਕਿਕ ਧੁਨੀਆਂ ਸੁਣਦਿਆਂ ਹੀ ਮਨ ਮਸਤਕ ਸ਼ੀਤਲ ਸ਼ੀਤਲ ਹੋ ਜਾਣਾ। ਗੁਰੂ ਕੀ ਬਾਣੀ ਆਪਣੇ ਵੱਲ ਹਾਕਾਂ ਮਾਰਦੀ ਜਾਪਦੀ। ਧੁਰ ਕੀ ਬਾਣੀ ਆਈ ਤਿਨ ਸਗਲੀ ਚਿੰਤ ਮਿਟਾਈ।

ਇਕ ਸੁਰ ਹੋਕੇ ਪਾਠ ਪੜਦੇ ਪਾਠੀ, ਮੈਨੂੰ ਚੰਗੇ ਚੰਗੇ ਲੱਗਣ ਲੱਗੇ ਸਨ, ਖਾਸ ਕਰਕੇ ਉਦੋਂ, ਜਦੋਂ ਭੋਗ ਪੈਂਦਾ ਹੁੰਦਾ। ਪਾਠੀਆਂ ਦੀਆਂ ਇਕ ਸੁਰ ਆਵਾਜਾਂ ਮੇਰੇ ਮਨ ਨੂੰ ਵਿਲੱਖਣ ਲਿਸ਼ਕ ਭਰਿਆ ਹੁਲਾਰਾ ਜਿਹਾ ਦੇਂਦੀਆਂ, ਤਾਂ ਸਹਿਜ ਸਹਿਜ ਹੋ ਜਾਂਦਾ ਮੇਰਾ ਆਪਣਾ ਆਪਾ- ਬਾਣੀ ਦੇ ਬੋਲ ਧੂਹ ਪਾਉਂਦੇ, ਕਹੁ ਨਾਨਕ ਥਿਰੁ ਕਿਛੁ ਨਾਹੀ ਸੁਪਨੇ ਜਿਓਂ ਸੰਸਾਰ।

ਜਦ ਵੀ, ਜਿਧਰੋਂ ਕਿਧਰੋਂ ਪਾਠੀਆਂ ਦੀ ਮਧਮ ਜਿਹੀ ਆਵਾਜ ਸਪੀਕਰ ਵਿਚਦੀ ਸੁਣਾਈ ਦਿੰਦੀ, ਤਾਂ ਮੈਂ ਓਧਰ ਨੂੰ ਈ ਭੱਜ ਪੈਂਦਾ, ਕਦੇ ਨੰਗੇ ਪੈਰੀਂ, ਕਦੇ ਪੈਰ ਚੱਪਲਾਂ, ਕਦੇ ਤੇੜ ਕਛਣੀ ਤੇ ਕਦੀ ਪਜਾਮਾ ਹੁੰਦਾ। ਮੈਨੂੰ ਨਹੀਂ ਪਤਾ ਉਸ ਉਮਰ ਦਾ, ਓਸ ਅਵਸਥਾ ਦਾ, ਓਸ ਵੇਲੇ ਦਾ, ਮੈਨੂੰ ਪਤਾ ਏ ਸਿਰਫ ਓਸਦੀ ਇਕ ਓਟ ਦਾ ਤੇ ਉਹਦੇ ਸਿਮਰਨ ਦੀ ਤੋਟ ਦਾ ਤੇ ਓਹਦੀ ਜਗਦੀ ਜੋਤ ਦਾ।

ਜਦ ਗੁਰੂ ਘਰੋਂ ਕਿਸੇ ਦੇ ਘਰ ਅਸਵਾਰੀ ਜਾਣੀ ਹੁੰਦੀ ਤਾਂ ਮੈਂ ਬੇਹਬਲ ਹੋ ਉਠਦਾ, ਘੜਿਆਲ ਖੜਕਾਉਣ ਦੀ ਸੇਵਾ ਨੂੰ ਤਰਜੀਹ ਦਿੰਦਾ। ਜਾਂ ਜਲ ਦੇ ਛਿੱਟੇ ਤਰੌਂਕਣ ਨੂੰ, ਜੇ ਹੋਰ ਕੋਈ ਸੇਵਾ ਨਾ ਮਿਲਦੀ, ਤਾਂ ਰੁਮਾਲਿਆਂ ਵਾਲੀ ਗੱਠੜੀ ਚੁਕ ਲੈਣੀਂ। ਹੌਲੀ ਹੌਲੀ ਸੰਖ ਪੂਰਨਾ ਵੀ ਆ ਗਿਆ ਸੀ। ਜਦ ਬਾਬਾ ਅਰਦਾਸ ਕਰਦਾ ਤਾਂ ਬਹੁਤੀ ਵਾਰ ਚੌਰ ਸਾਹਿਬ ਦੀ ਸੇਵਾ ਤੇ ਲੰਗਰ ਜਾਂ ਕੜਾਹ ਪ੍ਰਸ਼ਾਦ ਨੂੰ ਅਰਦਾਸ ਵਿਚ ਭੋਗ ਲੁਵਾਉਣ ਦੀ ਸੇਵਾ ਵੀ ਪ੍ਰਾਪਤ ਕਰਕੇ ਧੰਨ ਧੰਨ ਹੋ ਜਾਂਦਾ ਸਾਂ। ਇੰਨਾਂ ਖਾਸ ਮੌਕਿਆ ਨੂੰ ਬੇਸਬਰੀ ਨਾਲ ਉਡੀਕਦਾ, ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਬਾਬੇ ਨਾਨਕ ਦੇ ਜਨਮ ਦਿਹਾੜੇ। ਨਗਰ ਕੀਰਤਨ। ਤੇ ਹਾਂ ਸਚ, ਜਿੱਦਣ ਗੁਰੂ ਘਰ ਦੀ ਸੇਵਾ ਹੋਣੀ ਫਰਸ਼ਾਂ ਧੋਣ ਦੀ, ਸਵੇਰੇ ਸਵੇਰੇ ਹਾਣੀਆਂ ਨੂੰ ਘਰ ਘਰ ਜਾਕੇ ਬੁਲਾਉਂਦਾ ਤੇ ਨਾਲ ਤੋਰਦਾ।

ਜਦ ਮੈਂ ਪਿੰਡ ਦੇ ਗੁਰੂ ਘਰ ਨਾਲ ਜੁੜਿਆ ਸਾਂ, ਤਾਂ ਦੂਜੀ ਜਾਂ ਤੀਜੀ ਵਿਚ ਪੜਦਾ ਹੋਵਾਂਗਾ। ਪਿੰਡ ਦੇ ਗੁਰਦੁਆਰੇ ਬਾਬਾ ਮਾਹਲਾ ਸਿੰਘ ਗਰੰਥੀ ਸਨ ਤੇ ਨਾਲ ਉਨਾ ਦਾ ਭਣਜਾ ਬਾਬਾ ਤੇਜਾ ਵੀ ਉਨਾਂ ਦੇ ਨਾਲ ਸੀ। ਸੰਗਰਾਂਦ ਵਾਲੇ ਦਿਨ ਮੈਂ ਸਾਰਾ ਸਾਰਾ ਦਿਨ ਗੁਰੂ ਘਰ ਹੀ ਬਿਤਾਉਣਾ। ਸਕੂਲੋਂ ਆਕੇ ਆਥਣੇ ਵੀ ਗੁਰੂ ਘਰ ਨੂੰ ਭੱਜ ਜਾਣਾ ਤੇ ਰਹਿਰਾਸ ਸਾਹਿਬ ਮੁਕਾ ਕੇ ਆਉਣਾ ਘਰ ਨੂੰ। ਪਾਠੀਆਂ ਰਾਗੀਆਂ ਜਾਂ ਗੁਰੂ ਦੀ ਸੇਵਾ ਵਿਚ ਲੱਗੇ ਸੇਵਾਦਾਰਾਂ ਨੂੰ ਆਪਣੇ ਹੱਥੀ ਗੁਰੂ ਕਾ ਪਰਸ਼ਾਦਾ ਛਕਾਉਣਾ, ਮੈਨੂੰ ਹਮੇਸ਼ਾ ਪ੍ਰਸੰਨਤਾ ਦਿੰਦਾ ਰਿਹਾ। ਜਦ ਕਿਤੇ ਮੈਨੂੰ ਪਤਾ ਲੱਗ ਜਾਣਾ ਕਿ ਸਾਡੇ ਪਿੰਡ ਵਿਚ ਜਾਂ ਗਲੀ ਮੁਹੱਲੇ ਕਦੋਂ ਕਿਸੇ ਦੇ ਪਾਠ ਖੁੱਲਣਾ ਹੈ ਤਾਂ ਮੈਂ ਸਕੂਲੋਂ ਢਿਡ ਦੁਖਦੇ ਦਾ ਬਹਾਨਾ ਮਾਰ ਭੱਜ ਆਉਣਾ, ਤੇ ਜਿੰਨ੍ਹਾਂ ਦੇ ਪਾਠ ਖੁੱਲਣਾ ਉਨਾਂ ਦੇ ਘਰ ਮੂਹਰੇ ਸਾਝਰੇ ਹੀ ਜਾ ਖਲੋਣਾ। ਸਾਰੇ ਪਿੰਡ ਵਾਲੇ ਆਖਿਆ ਕਰਨ ਕਿ ਇਹ ਐ ਨਿੱਕਾ ਜਿਹਾ ਮਿੰਨੀ ਬਾਬਾ। ਪਿੰਡ ਦੀਆਂ ਮਾਈਆਂ ਦਾਈਆਂ ਤੇ ਸਿਆਣੇ ਬਿਆਣੇ ਆਖਿਆ ਕਰਨ ਕਿ ਤੈਨੂੰ ਨਿੱਕਿਆ ਗੁਰੂ ਘਰ ਦੀ ਸੇਵਾ ਤਾਰੂਗੀ।

ਵਡੇਰਿਆਂ ਦੇ ਮੂੰਹੋ ਨਿਕਲੇ ਇਹ ਬੋਲ ਸੁਣ ਮੈਂ ਸ਼ਰਮਾਉਣਾ ਤੇ ਹਰੇਕ ਦੇ ਗੋਡੀਂ ਹੱਥ ਲਾਉਣਾ। ਜਿਸ ਘਰ ਪਾਠ ਹੋਣਾ, ਉਨਾ ਕਹਿਣਾ ਕਿ ਲੈ ਮਿੰਨੀ ਬਾਬਾ ਪਰਸ਼ਾਦਾ ਛਕ ਹੁਣ ਤੂੰ। ਪਰਛਾਦੇ ਦੇ ਨਾਂ ਉਤੇ ਬਾਹਰ ਭੱਜ ਜਾਣਾ ਅਗਲੇ ਦੇ ਘਰੋਂ। ਭੁੱਖ ਹੀ ਨਹੀ ਸੀ ਲਗਦੀ, ਭੁੱਖ ਸਿਰਫ ਉਹਦੇ ਨਾਮ ਦੀ ਸੀ, ਉਹਦੇ ਸੇਵਾ ਦੀ ਸੀ, ਉਹਦੇ ਦਰਸ਼ਨਾਂ ਦੀ ਸੀ ਭੁੱਖ ਤਾਂ ਮੈਨੂੰ। ਕਿਸੇ ਕਹਿਣਾ ਕਿ ਨਿਕੜੇ ਬਾਬੇ ਨੂੰ ਦੁੱਧ ਪਿਲਾਓ ਤਾਂ ਨਾਂਹ ਵਿਚ ਸਿਰ ਮਾਰ ਦੇਣਾ। ਇਹ ਮੈਂ ਜਾਣ ਬੁਝ ਕੇ ਨਹੀ ਸੀ ਕਰਦਾ ਆਪਣੇ ਆਪ ਈ ਹੋਈ ਜਾਂਦਾ ਸੀ। ਮੇਰੀ ਗੁਰੂ ਘਰ ਨਾਲ ਨੇੜਤਾ ਵਧਦੀ ਹੀ ਗਈ ਦਿਨੋਂ ਦਿਨ






# ਕਾਗਜ਼ੀ ਵਿਚੋਲਪੁਣਾ

## ਲੜਕੇ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਇੰਡੀਆ ਵਿੱਚ ਰਹਿੰਦੀ ਸੋਹਣੀ ਸੁਨੱਖੀ ਲੜਕੀ ਉਮਰ 37 ਸਾਲ, ਕੱਦ 5 ਫੁੱਟ 5 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਨੇ ਪਲੱਸ ਟੂ ਤੋਂ ਬਾਦ ਆਈ ਟੀ ਆਈ ਸਿਲਾਈ ਕਢਾਈ ਦਾ ਡਿਪਲੋਮਾਂ ਕੀਤਾ ਹੋਇਆ ਹੈ। ਲੜਕੀ ਦਾ ਭਰਾ ਕਨੇਡਾ ਵੈੱਲ ਸੈਟਲਡ ਹੈ। ਕੋਈ ਜਾਤੀ ਭੇਦਭਾਵ ਨਹੀਂ, ਤਲਾਕਸ਼ੁਦਾ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਸੰਪਰਕ: 1 647 327 0556 ਜਾਂ 437 213 6387 ***188***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ , ਵਿਦਿਅਕ ਯੋਗਤਾ ਬੀ ਏ,ਉਮਰ 40 ਸਾਲ, ਕੱਦ 5 ਫੁੱਟ 10 ਇੰਚ, ਤਲਾਕਸੁਦਾ ਲੜਕੇ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਵਿਜਟਿਰ ਵੀਜੇ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਸੰਪਰਕ: 1 825 439 9000 ਈ ਮੇਲ: Harpreet88b@gmail.com ***188***

## ਲੜਕੀ ਦੀ ਲੋੜ

ਆਸਟਰੇਲੀਅਨ ਪੀ ਆਰ ਸ਼ਰਮਾ ਪਰਿਵਾਰ ਦੇ ਸੋਹਣੇ ਸੁਨੱਖੇ, ਨਾਨ ਡਰਿੰਕਰ, ਨਾਨ ਸਮੋਕਰ,ਲੜਕੇ ,ਉਮਰ 32 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ ਡਿਪਲੋਮਾਂ ਇਨ ਅਕਾਊਂਟਿੰਗ, ਲਈ ਹਾਣ ਪਰਵਾਣ ਦੀ ਕਨੇਡੀਅਨ ਪੀ ਆਰ, ਸਿਟੀਜਨ ਜਾਂ ਸਟੂਡੈਂਟ ਵੀਜਾ ਵਾਲੀ ਲੜਕੀ ਦੇ ਰਿਸਤੇ ਦੀ ਭਾਲ ਹੈ। ਲੜਕੇ ਦਾ ਪਰਿਵਾਰ ਕਨੇਡਾ ਸੈਟਲ ਹੈ। ਜਾਤ ਪਾਤ ਦਾ ਕੋਈ ਬੰਧਨ ਨਹੀਂ ਹੈ। ਕਾਲ: (403) 890-7020 ***188***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਸੰਧੂ ਪਰਿਵਾਰ ਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 5 ਇੰਚ, ਬਿਜਨਿਸ ਐਡਮਿਨਿਸਟਰੇਸ਼ਨ ਫਾਇਨੈਂਸ ਡਿਪਲੋਮਾ ਹੋਲਡਰ ਲਈ ਕਨੇਡਾ ਜਾਂ ਅਮਰੀਕਾ ਤੋਂ ਹੀ ਹਾਣ ਪਰਵਾਣ ਦੀ ਯੋਗਤਾ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਨਾਮਵਰ ਫਾਇਨੈਂਸ ਕੰਪਨੀ ਵਿੱਚ ਜੌਬ ਕਰ ਰਹੀ ਹੈ। ਵਿਜਟਿਰ ਜਾਂ ਵਰਕ ਪਰਮਿਟ ਵਾਲੇ ਸੰਪਰਕ ਨਾ ਕਰਨ । ਸੰਪਰਕ: 1 825 365 9343 ***188***

## ਲੜਕੇ ਦੀ ਲੋੜ

ਇੰਡੀਆ ਰਹਿ ਰਹੀ ਚੰਗੇ ਪੜੇ ਲਿਖੇ ਐਸ ਸੀ ਪਰਿਵਾਰ ਵਿੱਚੋਂ ਕਲਾਸ ਵਨ ਅਫਸਰ ਦੀ ਧੀ, ਉਮਰ 33 ਸਾਲ ,ਕੱਦ 5 ਫੁੱਟ 3 ਇੰਚ, ਵਿਦਿਅਕ ਯੋਗਤਾ: ਬੀ ਐਡ, ਡਬਲ ਐਮ ਏ ਹਿੰਦੀ ਅਤੇ ਇੰਗਲਿਸ਼,ਪੀ ਜੀ ਡੀ ਸੀ ਏ,ਸੋਹਣੀ ਸੁਨੱਖੀ ਲੜਕੀ ਲਈ ਹਾਣ ਪਰਵਾਣ ਦੇ ਕਨੇਡੀਅਨ ਪੀ ਆਰ , ਸਿਟੀਜਨ ਜਾਂ ਇੰਡੀਆ ਵਿੱਚ ਚੰਗੀ ਜੌਬ ਜਾਂ ਬਿਜਨਿਸ ਕਰਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਭੈਣ ਕਨੇਡਾ ਪੱਕੇ ਤੌਰ ਤੇ ਸੈਟਲ ਹੈ। ਸੰਪਰਕ: 306 737 9272 ਜਾਂ 306 737 9328 ਈ ਮੇਲ : Singhmonika651@gmail.com ***188***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਮਜਬੀ ਸਿੱਖ ਸਹੋਤਾ ਪਰਿਵਾਰ ਦੇ ਲੜਕੇ ਉਮਰ 28 ਸਾਲ ,ਕੱਦ 5 ਫੁੱਟ 9 ਇੰਚ, ਵਿਦਿਅਕ ਯੋਗਤਾ ਡੈਂਟਲ ਹਾਈਜੀਨ ਡਿਪਲੋਮਾਂ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਬੀ ਐਸ ਸੀ ਨਰਸਿੰਗ ਵਾਲੀ ਲੜਕੀ ਨੂੰ ਪਹਿਲ । ਲੜਕੇ ਨੇ ਕਨੇਡਾ ਬਿਜਨਿਸ ਮੈਨੇਜਮੈਂਟ ਦਾ ਡਿਪਲੋਮਾਂ ਕੀਤਾ ਹੋਇਆ ਹੈ ਅਤੇ ਇਸ ਵੇਲੇ ਟਰਾਂਸਪੋਰਟ ਦੇ ਕਿੱਤੇ ਵਿੱਚ ਸਫਲ ਬਿਜਨਿਸਮੈਨ ਹੈ। ਸਾਦਾ ਵਿਆਹ, ਸਟੂਡੈਂਟ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਹੀ ਸੈਟਲ ਹੈ। 1 306 807 4758 ***188***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੀ ਤਲਾਕਸ਼ੁਦਾ ਮੰਗਲੀਕ ਲੜਕੀ ਜਨਮ 1990, ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਐਮ ਏ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕੈਲਗਰੀ ਅਤੇ ਮਾਲਵਾ ਇਲਾਕੇ ਨੂੰ ਪਹਿਲ । ਸੰਪਰਕ: 587 839 4726 ਜਾਂ 403 804 1286***187***

## ਲੜਕੇ ਦੀ ਲੋੜ

Respectable, well established, Jatt Sikh parents seeking a suitable match for their daughter, 29 yrs. old, 5’-3” tall, Canadian PR, Master’s in Applied Sciences from University of Calgary, well settled as Engineer/Analyst in Chilliwack (BC), very beautiful and family oriented. The boy should be Canadian PR/Citizen, educated from Canada/North America (Bachelor/Master/Doctorate), smart, handsome, good looking, with modern values Jatt Sikh. Please email recent picture and biodata to: basketfiree@gmail.com or call: 1-778-539-7001 ***188***

## ਲੜਕੀ ਦੀ ਲੋੜ

Respectable, well established, Jatt Sikh parents seeking a suitable match for their son, 34 yrs. old, 5’-11” tall, Canadian Citizen, well settled as engineering professional in Edmonton, background in Master of Industrial Engineering, handsome, smart, family oriented and blend of modern and cultural values. The girl should be Canadian PR/Citizen, educated from Canada/North America (Bachelor/Master/Doctorate), smart, beautiful, well-versed in both cultures, Jatt Sikh. Please email recent picture and bio-data to: basketfiree@gmail.com or call: 1-403-404-4069 ***188***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਰਾਮਗੜੀਆ ਸਿੱਖ ਪਰਿਵਾਰ ਦੇ ਲੜਕੇ ਉਮਰ 32 ਸਾਲ, ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਕਲ ਇੰਜੀਅਰਿੰਗ ਵਿੱਚ ਡਿਪਲੋਮਾ ਹੋਲਡਰ ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਕਨੇਡਾ ਵਿੱਚ ਹੀ ਰਹਿੰਦੀ ਲੜਕੀ ਨੂੰ ਪਹਿਲ ।ਸਟੂਡੈਂਟ ਵੀਜਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਸੰਪਰਕ: 403 909 8665 ***187***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਪਰਿਵਾਰ ਦੀ ਤਲਾਕਸ਼ੁਦਾ ਲੜਕੀ ਉਮਰ 30 ਸਾਲ, ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਐਮ ਏ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਕੈਲਗਰੀ ਅਤੇ ਮਾਲਵਾ ਇਲਾਕੇ ਨੂੰ ਪਹਿਲ । ਸੰਪਰਕ: 587 839 4726 ਜਾਂ 403 804 1286***187***

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਸੰਧੂ ਪਰਿਵਾਰ ਦੀ ਸੋਹਣੀ ਸੁਨੱਖੀ, ਉਮਰ 25 ਸਾਲ ,ਕੱਦ 5 ਫੁੱਟ 8 ਇੰਚ,ਚੰਗੀ ਪੜੀ ਲਿਖੀ ਮੈਡੀਕਲ ਫੀਲਡ ਵਿੱਚ ਜੌਬ ਕਰਦੀ ਲੜਕੀ ਲਈ, ਕਨੇਡਾ ਤੋਂ ਹੀ ਹਾਣ ਪਰਵਾਣ ਦੀ ਵਿਦਿਅਕ ਯੋਗਤਾ ਵਾਲੇ ਕਨੇਡਾ ਦੇ ਹੀ ਪੜ੍ਹੇ ਅਤੇ ਕਨੇਡਾ ਵਿੱਚ ਹੀ ਕੰਮ ਕਰਦੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 403 472 0465 ***187***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਦਿਓਲ ਪਰਿਵਾਰ ਚੰਗੇ ਪੜੇ ਲਿਖੇ ਚੰਗੀ ਕੰਪਨੀ ਵਿੱਚ ਚੰਗੀ ਜੌਬ ਕਰਦੇ ਸੋਹਣੇ ਸੁਨੱਖੇ ਲੜਕੇ ਉਮਰ 29 ਸਾਲ ,ਕੱਦ 5 ਫੁੱਟ 11 ਇੰਚ,ਲਈ ਕਨੇਡਾ ਤੋਂ ਹੀ ਹਾਣ ਪਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 403 446 6666 ***187***

## ਲੜਕੇ ਦੀ ਲੋੜ

ਜੱਟ ਸਿੱਖ ਬਰਾੜ ਪਰਿਵਾਰ ਦੀ ਕਨੇਡਾ ਵਿਜਟਿਰ ਵੀਜੇ ਉੱਪਰ ਆਈ ਲੜਕੀ ਉਮਰ 33 ਸਾਲ ,ਵਿਦਿਅਕ ਯੋਗਤਾ ਐਮ ਏ ਪੋਲੀਟੀਕਲ ਸਾਇੰਸ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੌ ਲੋੜ ਹੈ । ਵਰਕ ਪਰਮਿਟ ਵਾਲੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 917 5911 ਜਾਂ 403 702 2524 ***194***

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਵੀਜੇ ਉੱਪਰ ਆਪਣਾ ਬਿਜਨਿਸ ਕਰ ਰਹੇ ਬਰਾੜ ਪਰਿਵਾਰ ਦੇ ਲੜਕੇ ,ਉਮਰ 30 ਸਾਲ,ਵਿਦਿਅਕ ਯੋਗਤਾ ਬੀ ਸੀ +ਐਮ ਸੀ ਏ ਡਿਗਰੀ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 587 917 5911 ਜਾਂ 403 702 2524 ***194***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਟਾਂਕ ਕਸ਼ੱਤਰੀ ਪੁਰਬਾ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 25 ਸਾਲ, ਕੱਦ 5 ਫੁੱਟ 8 ਇੰਚ,ਵਿਦਿਅਕ ਯੋਗਤਾ: ਡਿਪਲੋਮਾਂ ਇਨ ਇਲੈਕਟਰੀਕਲ, ਲਈ ਕਨੇਡਾ ਤੋਂ ਹੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 992 0865 ***186***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ,ਜੱਟ ਸਿੱਖ ਗਿੱਲ ਪਰਿਵਾਰ ਦੇ ਸੋਹਣੇ ਸੁਨੱਖੇ ਲੜਕੇ ਉਮਰ 33 ਸਾਲ, ਕੱਦ 5 ਫੁੱਟ 11 ਇੰਚ, ਲਈ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੇ ਦਾ ਅਲਬਰਟਾ ਸੂਬੇ ਅੰਦਰ ਆਪਣਾ ਬਿਜਨਿਸ ਹੈ। ਸੰਪਰਕ: 587 438 4041***186***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਹਿੰਦੂ ਖੱਤਰੀ ਪਰਿਵਾਰ ਦੇ ਚੰਗੇ ਪੜੇ ਲਿਖੇ, ਸੋਹਣੇ ਸੁਨੱਖੇ ਲੜਕੇ ,ਉਮਰ 30 ਸਾਲ ,ਕੱਦ 5 ਫੁੱਟ 9 ਇੰਚ, ਹਾਣ ਪਰਵਾਣ ਦੀ ਕਨੇਡਾ ਤੋਂ ਹੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਜਾਂ ਸਟੂਡੈਂਟ ਵੀਜੇ ਉੱਪਰ ਆਈ ਲੜਕੀ ਵੀ ਸੰਪਰਕ ਕਰ ਸਕਦੀ ਹੈ। ਕਾਲ: 1 780 245 6776***186***

## ਲੜਕੀ ਦੀ ਲੋੜ

ਰਾਮਗੜ੍ਹੀਆ ਸਿੱਖ ਲੜਕਾ ਓਮਰ 36 ਸਾਲ,ਕੱਦ 5'10",,ਵਿਜੀਟਰ ਵੀਜਾ ਹੋਲਡਰ ਲਈ ਕਨੇਡੀਅਨ ਪੀ ਆਰ ,ਸਿਟੀਜਨ ਜਾਂ ਵਰਕ ਪਰਮਿਟ ਵਾਲੀ ਲੜਕੀ ਦੀ ਲੋੜ ਹੈ,ਕੋਈ ਜਾਤੀ ਬੰਧਨ ਨਹੀ, ਤਲਾਕਸ਼ੁਦਾ ਵੀ ਵਿਚਾਰ ਯੋਗ, ਸੰਪਰਕ.. 91 8528486866 ਜਾਂ 1 647 879 1272 ***182***

## ਲੜਕੀ ਦੀ ਲੋੜ

ਅਮਰੀਕਨ ਸਿਟੀਜਨ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ 27 ਸਾਲ,ਕੱਦ 5 ਫੁੱਟ 11 ਇੰਚ, ਆਰ ਐਨ ਲੜਕੇ ਲਈ ਪੜੀ ਲਿਖੀ ਜੱਟ ਸਿੱਖ ਪਰਿਵਾਰ ਦੀ ਹੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 587 968 5620 ***186***

## ਲੜਕੇ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ,ਜਨਮ 1995,ਕੱਦ 5 ਫੁੱਟ 7 ਇੰਚ, ਕੈਲਗਰੀ ਵਿਖੇ ਹੀ ਐਲ ਪੀ ਐਨ ਦੀ ਜੌਬ ਕਰਦੀ ਲੜਕੀ ਲਈ ਹਾਣ ਪ੍ਰਵਾਣ ਦੀ ਵਿਦਿਅਕ ਯੋਗਤਾ ਅਤੇ ਚੰਗੇ ਪਰਿਵਾਰਕ ਪਿਛੋਕੜ ਵਾਲੇ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਆਪਣੇ ਬਾਰੇ ਜਾਣਕਾਰੀ ਅਤੇ ਸੱਜਰੀ ਫੋਟੋ ਵਟਸ ਐਪ 91 89684 59226 ਉੱਪਰ ਭੇਜੋ ---Jatt sikh Gill family seeks a suitable match for their daughter, 1995 born, 5’7” PR in Canada. LPN working in Calgary . Looking for well educated and family oriented boy. Send your bio data and recent pictures on WhatsApp at +91 89684 59226 ***186***

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਟਾਂਕ ਕਸ਼ੱਤਰੀ ਜੱਸਲ ਪਰਿਵਾਰ ਦੇ ਲੜਕੇ, ਉਮਰ 23 ਸਾਲ ,ਕੱਦ 5 ਫੁੱਟ 7 ਇੰਚ, ਵਿਦਿਅਕ ਯੋਗਤਾ : ਆਈ ਟੀ ਆਈ ਪਲੰਬਰ ਦਾ ਡਿਪਲੋਮਾ ਅਤੇ ਹੁਣ ਲਵਲੀ ਯੁਨੀਵਰਿਸਟੀ ਵਿੱਚ ਬੀ ਏ ਫਾਈਨਲ ਕਰ ਰਹੇ ਲਈ, ਕਨੇਡੀਅਨ ਪੀਆਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਪਰਿਵਾਰ ਦਾ ਆਪਣਾ ਲੁਧਿਆਣਾ ਵਿੱਚ ਬਿਜਨਿਸ ਹੈ।ਲੜਕੇ ਦਾ ਭਰਾ ਅਤੇ ਨਾਨਕਾ ਪਰਿਵਾਰ ਕਨੇਡਾ ਨਿਵਾਸੀ ਹਨ। ਸੰਪਰਕ : 91 98 760 90313,1 778 706 9611 ਜਾਂ 416 509 6200 ***186***

## ਲੜਕੀ ਦੀ ਲੋੜ

ਜੱਟ ਸਿੱਖ ਰਹਿਲ ਅੰਮ੍ਰਿਤਧਾਰੀ ਪਰਿਵਾਰ ਦੇ ਵਿਜਟਿਰ ਵੀਜੇ ਉੱਪਰ ਕਨੇਡਾ ਆਏ ਲੜਕੇ ਉਮਰ, 32 ਸਾਲ,ਕੱਦ 5 ਫੁੱਟ 9 ਇੰਚ, ਲਈ ਹਾਣ ਪਰਵਾਣ ਦੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸਟੂਡੈਂਟ ਵੀਜਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਲੜਕੇ ਦਾ ਇੰਡੀਆ ਤੋਂ ਓ ਟੀ ਏ ਡਿਪਲੋਮਾ ਕੀਤਾ ਹੋਇਆ ਹੈ । ਸੰਪਰਕ: 587 716 2321***183***

## ਲੜਕੀ ਦੀ ਲੋੜ

ਕਨੇਡੀਅਨ ਸਿਟੀਜਨ ਜੱਟ ਸਿੱਖ ਹਲੈਤ ਪਰਿਵਾਰ ਦੇ ਤਲਾਕਸ਼ੁਦਾ ਲੜਕੇ , ਉਮਰ 39, ਕੱਦ 5 ਫੁੱਟ 11 ਇੰਚ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ। ਲੜਕੀ ਕਨੇਡਾ ਤੋਂ ਹੀ ਹੋਵੇ। ਸੰਪਰਕ: 403 805 6615, 403 923 3440 ਜਾਂ ਫਿਰ ਈ ਮੇਲ ਵੀ ਕਰ ਸਕਦੇ ਹੋ: hallaitsaab@gmail.com ***183***

## ਲੜਕੇ/ਲੜਕੀ ਦੀ ਲੋੜ

ਜੱਟ ਸਿੱਖ ਘੁੰਮਣ ਪਰਿਵਾਰ ਦੀ ਕਨੇਡੀਅਨ ਪੀ ਆਰ ਲੜਕੀ, ਜਨਮ 1991,ਕੱਦ 5 ਫੁੱਟ 6 ਇੰਚ, ਵਿਦਿਅਕ ਯੋਗਤਾ ਐਮ ਟੈੱਕ,ਲਈ ਕਨੇਡੀਅਨ ਪੀਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਆਈ ਟੀ ਕੰਪਨੀ ਵਿੱਚ ਚੰਗੀ ਜੌਬ ਕਰ ਰਹੀ ਹੈ। ਇਸੇ ਹੀ ਪਰਿਵਾਰ ਦਾ ਲੜਕਾ ਜੋ ਕਿ ਕਨੇਡਾ ਵਿੱਚ ਵਰਕ ਪਰਮਿਟ ਉੱਪਰ ਹੈ ,ਜਨਮ 1989,ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ ਬੀ ਏ ਲਈ ਵੀ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ ।ਲੜਕੇ ਅਤੇ ਲੜਕੀ ਦੀ ਭੈਣ ਕਨੇਡਾ ਸੈਟਲ ਹੈ। ਸੰਪਰਕ: 403 993-3186 ***183***

## ਲੜਕੀ ਦੀ ਲੋੜ

Canadian Citizen Jatt Sikh family seeks suitable match for their 29-year-old, 6 ft. tall son. He’s Professional Engineer working within reputed international corporation and brought up in Canada. Seeking a Professionally Educated Girl. Contact: +1 403 828 7973 or acheema8811@gmail.com ***183***

## ਲੜਕੀ ਦੀ ਲੋੜ

Jatt Sikh family seek a suitable match for their 5ft. 8inch / 27 years old daughter. She is an Engineering Graduate from Canadian University and working with a reputed company. Boy should be professionally qualified and graduate from Canadian University (Doctor, Dentist, Lawyer, Engineer) and working in Canada. Contact: (403) 828 7973 or acheema8811@gmail.com***183***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਸਹੋਤਾ ਪਰਿਵਾਰ ਦੇ ਤਲਾਕਸੁਦਾ ਲੜਕੇ ਉਮਰ 40 ਸਾਲ, ਕੱਦ 5 ਫੁੱਟ 9 ਇੰਚ, ਲਈ ਹਾਣ ਪਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ । ਲੜਕੀ ਦੀ ਉਮਰ 30 ਸਾਲ ਤੋਂ ਉੱਪਰ ਹੀ ਹੋਵੇ। ਸਟੂਡੈਂਟ, ਵਿਜਟਿਰ,ਵਰਕ ਪਰਮਿਟ ਉਪਰ ਜਾਂ ਬਿਨਾ ਬੱਚਿਆਂ ਦੇ ਤਲਾਕਸੁਦਾ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 431 373 8091***183***

## ਲੜਕੇ ਦੀ ਲੋੜ

Canadian PR MSc Nursing Ramgarya girl (D.O.B-16/10/1988) ht-5'3, looking for MSc/MTech clean shaven or trim beard Sikh and Vaishnu Ramgarya only boy (Height- 5'6-5'9)Work permit holders can also be considered. +1(639) 318-4864 or +91 9417589810***182***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਗਰਚਾ ਪਰਿਵਾਰ ਦੇ ਲੜਕੇ ਉਮਰ 32 ਸਾਲ,ਕੱਦ 5 ਫੁੱਟ 8 ਇੰਚ, ਵਿਦਿਅਕ ਯੋਗਤਾ ਇਲੈਕਟਰੀਸਨ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸਤੇ ਦੀ ਲੋੜ ਹੈ ।ਲੜਕੇ ਦਾ ਆਪਣਾ ਬਿਜਨਿਸ ਹੈ। ਵਿਜਟਰ ਜਾਂ ਵਰਕ ਪਰਮਿਟ ਉੱਪਰ ਲੜਕੀ ਵੀ ਸੰਪਰਕ ਕਰ ਸਕਦੀ ਹੈ ।ਲੜਕੀ ਦੀ ਉਮਰ 25 ਸਾਲ ਤੋਂ ਉਪਰ ਹੋਵੇ ।ਸੰਪਰਕ: 403 615 0583 **190**

## ਇੱਕ ਸਰਵੇਖਣ ਅਨੁਸਾਰ ਮੌਜੂਦਾ ਸਰਕਾਰ ਦੀ ਦੇਖਰੇਖ ਹੇਠ ਹੈਲਥ ਕੇਅਰ ਸਿਸਟਮ ਵਿੱਚ ਨਿਘਾਰ ਆਇਆ ਹੈ।

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਐਲਬਰਟਾ ਦੇ 70% ਲੋਕਾਂ ਦਾ ਕਹਿਣਾ ਹੈ ਕਿ ਸੂਬੇ ਦੇ ਹੈਲਥ ਕੇਅਰ ਸਿਸਟਮ ਵਿੱਚ ਪਿਛਲੇ 2 ਸਾਲਾਂ ਵਿੱਚ ਨਿਘਾਰ ਆਇਆ ਹੈ ਅਤੇ 42% ਦਾ ਕਹਿਣਾ ਹੈ ਕਿ ਇਸ ਦਾ ਪੱਧਰ ਬਹੁਤ ਜ਼ਿਆਦਾ ਡਿੱਗਿਆ ਹੈ। ਥਿੰਕ ਐਚ ਕਿਉ ਪਬਲਿਕ ਅਫੇਅਰਜ਼ ਵੱਲੋਂ ਕਰਵਾਏ ਗਏ ਐਲਬਰਟਾ ਹੈਲਥ ਕੇਅਰ ਰਿਪੋਰਟ ਕਾਰਡ ਸਰਵੇਖਣ ਵਿੱਚ ਇਹ ਗੱਲ ਸਾਹਮਣੇ ਆਈ ਹੈ। ਇਹ ਸਰਵੇਖਣ 29 ਸਤੰਬਰ ਤੋਂ ਪਹਿਲੀ ਅਕਤੂਬਰ ਦਰਮਿਆਨ ਕਰਵਾਇਆ ਗਿਆ ਸੀ ਜਿਸ ਵਿੱਚ ਸੂਬੇ ਦੇ 1116 ਵਿਅਕਤੀਆਂ ਨੇ ਹਿੱਸਾ ਲਿਆ। ਯੁਨਾਇਟਿਡ ਕੰਜ਼ਰਵੇਟਿਵ ਪਾਰਟੀ ਸਰਕਾਰ ਨੂੰ ਗ੍ਰੇਡ ਦੇਣ ਨੂੰ ਕਿਹਾ ਗਿਆ ਤਾਂ ਸਰਵੇਖਣ ਵਿੱਚ ਹਿੱਸਾ ਲੈਣ ਵਾਲੇ 50% ਲੋਕਾਂ ਨੇ ਹੈਲਥ ਕੇਅਰ ਵਾਸਤੇ ਐਫ਼ ਅਤੇ 70% ਨੇ ਡੀ ਗ੍ਰੇਡ ਦਿੱਤਾ।


"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧ੍ਹੇਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹੂਈੑੜਕ੍ਰੇੜਕੀ ਦੀ ਭਾਲ ਸਬੰਧੀ,ਵਰਕਰਾਂ ਦੀ੍ਹੜ,ਘਰ ਜਾਂ ਕਾਰ ਖਰੀਦਣ ਜਾਂ ਵੇਚਣ ਸਬੰਧੀ ਇਸਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ੍ਹਈ ਸੰਪਰਕ ਕਰੋ ।

**ਕੈਲਗਰੀ-403 640 2000**
**ਐਡਮਿੰਟਨ-780 599 2000 ਸੈਸਕਾਟੂਨ 639 999 1000**
**ਰੀਜਾਇਨਾ- 639 999 1000, ਵਿਨੀਪੈਗ- 431 733 3000**



Masihi Life Church
3663 19th STREET CALGARY AB T2E 6S8
FOR PRAYER CALL 403-429-0369

ਯੂਹੰਨਾ 8:12
ਯਿਸੂ ਨੇ ਆਖਿਆ ਕਿ ਜਗਤ ਦਾ ਚਾਨਣ ਮੈਂ ਹਾਂ। ਜਿਹੜਾ ਮੇਰੇ ਪਿੱਛੇ ਤੁਰਦਾ ਹੈ ਹਨੇਰੇ ਵਿੱਚ ਕਦੇ ਨਾ ਚੱਲੇਗਾ ਸਗੋਂ ਉਹ ਦੇ ਕੋਲ ਜੀਵਨ ਦਾ ਚਾਨਣ ਹੋਵੇਗਾ।



Are you searching for a church to attend
Come and join us
(Service in Hindi/Punjabi)
We welcome you all

CHURCH SERVICE EVERY SUNDAY 12PM TO 3PM

ਮੱਤੀ 11:28
ਹੇ ਸਾਰੇ ਥੱਕੇ ਹੋਇਓ ਅਤੇ ਭਾਰ ਹੇਠ ਦੱਬੇ ਹੋਇਓ, ਮੇਰੇ ਕੋਲ ਆਓ ਤਾਂ ਮੈਂ ਤੁਹਾਨੂੰ ਅਰਾਮ ਦਿਆਂਗਾ



**ਕੈਲਗਰੀ ਦੀ ਨਾਮਵਰ ਕੰਪਨੀ ਨੂੰ ਘਰਾਂ ਦੇ ਕੰਮ ਲਈ ਵਰਕਰਾਂ ਦੀ ਸਖਤ ਲੋੜ ਹੈ।**

ਰੂਫਰ ਅਤੇ ਸਾਈਡਿੰਗ ਇੰਨਸਟਾਲਰ ਚਾਹੀਦੇ ਹਨ। ਜੇਕਰ ਤਜਰਬਾ ਹੋਵੇ ਤਾਂ ਵਧੀਆ ਹੈ ਨਹੀਂ ਤਾਂ ਉਹ ਖੁਦ ਕੰਮ ਸਿਖਾ ਵੀ ਦੇਣਗੇ। ਅੰਗਰੇਜੀ ਦੀ ਕੋਈ ਸਮੱਸਿਆ ਨਹੀਂ ਜ਼ਿਆਦਾ ਵਰਕਰ ਪੰਜਾਬੀ ਹੀ ਬੋਲਦੇ ਹਨ ਐਲ ਐਮ ਆਈ ਏ ਦਿਵਾਉਣ ਵਿੱਚ ਵੀ ਮੱਦਦ ਕਰ ਸਕਦੇ ਹਨ।

**ਅੱਜ ਹੀ ਕਾਲ ਕਰੋ: 403 680 0436**



ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ੍ਹੜ

A1 Roofing & Siding Ltd.
- ROOFING
- SIDING
- SOFFIT
- STUCCO
- HARDIE
- FASCIA
- EAVESTROUGH

ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ

Jaswinder 403-614-2094 Harwinder 403-402-5615

ਏ ਵਨ ਸਟੱਕੋ ਕੈਲਗਰੀ ਵਾਲਿਆਂ ਨੂੰ ਵਰਕਰਾਂ ਦੀ੍ਹੜ "ਐਲ ਐਮ ਆਈ ਵੀ ਮਿਲ ਜਾਵੇਗੀ "ਜੇਕਰ ਕੰਮ ਦਾ ਤਜ਼ਰਬਾ ਨਹੀਂ ਹੈ ਤਾਂ ਉਹ ਕੰਮ ਵੀ ਸਿਖਾ ਦੇਣਗੇ। ਸਰੀਰਕ ਤੌਰ ਤੇ ਮਿਹਨਤ ਮੁਸ਼ੱਕਤ ਵਾਲਾ ਕੰਮ ਕਰਨ ਵਾਲੇ ਸੰਪਰਕ ਕਰਨ "403 614 2094 ਜਾਂ 403 402 5615



## Hiring !

Daffodils Cargologistics Inc. islooking for Class 1 Drivers forlong - Haul Best pay packages upto 58 cents per mile Applicants should have minimum of 7 - 12 months driving experience Please contact with your drivinglicense and commercial driving abstract

Email : dclogistics4@gmail.com
Phone : 204-396-1696 , 204-891-0031



## Hiring

**Hair and face art salon islooking for hairdresser (NOC CODE 6341) Applicants should have minimum of 1-2 years of experience. Number of Vacancies :2 Wage rate: 20/hour full time job Interested candidates please send your resume at email: hairandfaceart994@gmail.com**



# Tractor Trucks forlease

FRESH FREIGHT

Two Trucks forlease
Volvo Trucks with Sleeper
Maintenance Freelease
Minimum Six Months to Twelve Monthslease
Good forlocal, Regional/Short-Haul
$5000.00 Down
$4000.00 Per Month
Some Restrictions Apply



Please Contact:

KulbirShergill Fresh Freightltd
Phone or Text- 403-510-0070
Email: info@freshfreight.ca



A-CHOICE DRIVING SCHOOL

Bay# 324, 4774 Westwinds Dr NE
Calgary Alberta T3J 0L9
Tel: 403-473-1682



# ਰੈੱਡ ਰਿਵਰ ਵਿਦ੍ਰੋਹ ਅਤੇ ਮੈਟੀਸ ਆਗੂ ਲੂਈ ਰੀਲ



ਜਗਦੇਵ ਸਿੱਧੂ ਕੈਲਗਰੀ
403 351 1136


ਕੈਨੇਡਾ ਦੇ ਮੂਲ ਨਿਵਾਸੀਆਂ ਵੱਲੋਂ ਆਪਣੀ ਧਰਤੀ, ਆਪਣਾ ਸਭਿਆਚਾਰ, ਆਪਣਾ ਧਰਮ, ਆਪਣੀ ਬੋਲੀ, ਆਪਣੇ ਰਸਮੋ-ਰਿਵਾਜ ਅਤੇ ਆਪਣੀ ਅਣਖ ਦੀ ਰਾਖੀ ਲਈ ਯੂਰਪੀਨ ਧਾੜਵੀਆਂ ਖਿਲਾਫ਼ ਜ਼ਬਰਦਸਤ ਵਿਰੋਧ ਹੋਏ। ਇਨ੍ਹਾਂ ਨੇ ਤਕੜੇ ਵਿਦ੍ਰੋਹ ਕੀਤੇ, ਧੱਕੇਸ਼ਾਹੀ, ਜ਼ੁਲਮ ਤੇ ਬੇਇਨਸਾਫ਼ੀ ਦਾ ਡਟ ਕੇ ਟਾਕਰਾ ਕੀਤਾ, ਬੇ-ਤਹਾਸ਼ਾ ਔਕੜਾਂ, ਭੁੱਖਮਰੀ ਅਤੇ ਯੂਰਪੀਨਾਂ ਨਾਲ ਆਈਆਂ ਬੀਮਾਰੀਆਂ ਵਰਗੀਆਂ ਅਲਾਮਤਾਂ ਨੂੰ ਝੱਲਿਆ। ਇਨ੍ਹਾਂ ਦੇ ਅਣਖੀਲੇ ਆਗੂਆਂ ਨੇ ਆਪਣੀ ਬੀਰਤਾ ਅਤੇ ਦ੍ਰਿੜ੍ਹ ਇਰਾਦੇ ਨਾਲ ਟਾਕਰਾ ਕਰਨ ਦੀਆਂ ਅਨੇਕਾਂ ਮਿਸਾਲਾਂ ਕਾਇਮ ਕੀਤੀਆਂ। ਅਨੇਕਾਂ ਕੁਰਬਾਨੀਆਂ ਦਿੱਤੀਆਂ। ਧਾੜਵੀਆਂ ਅਤੇ ਬਸਤੀਵਾਦੀ ਸਰਕਾਰਾਂ ਨੇ ਇਨ੍ਹਾਂ ਦੇ ਅਨੇਕਾਂ ਸੂਰਬੀਰ ਸ਼ਹੀਦ ਕੀਤੇ। ਅਜਿਹੇ ਸੂਰਬੀਰਾਂ ਦੀ ਗਾਥਾ ਇਨ੍ਹਾਂ ਦਾ ਮਾਣ-ਮੱਤਾ ਇਤਿਹਾਸ ਵੀ ਹੈ। ਇਸ ਸੂਰਮਗਤੀ ਦੀ ਵਿਥਿਆ ਅਗਲੇ ਕੁਛ ਪੜਾਵਾਂ ਵਿਚ ਬਿਆਨ ਕਰਨ ਦਾ ਸੁਹਿਰਦ ਯਤਨ ਹੈ।


ਕੈਨੇਡਾ ਵਿਚ 1700 ਈ. ਤੋਂ 1869 ਈ. ਤੱਕ ਮੈਟੀਸ ( ਬੇਰੜੇ ) ਲੋਕਾਂ ਦੀ ਵੱਖਰੀ ਪਛਾਣ ਵਾਲੀ ਕਾਫ਼ੀ ਆਬਾਦੀ ਹੋ ਚੁੱਕੀ ਸੀ। ਇਹ ਉਨ੍ਹਾਂ ਲੋਕਾਂ ਦੀ ਔਲਾਦ ਸੀ ਜਿਹੜੇ ਫਰਾਂਸੀਸੀ ਮਰਦਾਂ ਨੇ ਇੱਥੋਂ ਦੇ ਮੂਲ ਨਿਵਾਸੀਆਂ ਦੀਆਂ ਔਰਤਾਂ ਨਾਲ ਵਿਆਹ ਕਰਵਾਏ ਸਨ। ਜਦੋਂ 1814 ਈ. ਵਿਚ ਹਡਜ਼ਨ ਬੇਅ ਕੰਪਨੀ ਨੇ ਇਨ੍ਹਾਂ ਲੋਕਾਂ ਦੀਆਂ ਸ਼ਿਕਾਰਗਾਹਾਂ ਤੇ ਕਬਜ਼ੇ ਕਰਨੇ ਸ਼ੁਰੂ ਕੀਤੇ ਤਾਂ ਮੈਟੀਸ ਲੋਕਾਂ ਨੂੰ ਹਥਿਆਰ ਚੁੱਕਣੇ ਪਏ। ਉਦੋਂ ਇਨ੍ਹਾਂ ਨੇ ਹੁਣ ਦੇ ਵਿੱਨੀ ਪੈੱਗ ਦੇ ਨੇੜੇ 'ਸੈਵਨ ਓਕਸ' ਨਾਂ ਦੀ ਥਾਂ ਤੇ ਹੋਈ ਤਕੜੀ ਝੜਪ ਵਿਚ ਵਿਰੋਧੀ ਆਬਾਦਕਾਰਾਂ ਦੀ ਟੁਕੜੀ ਨੂੰ ਸਣੇ ਗਵਰਨਰ ਮਾਰ ਮੁਕਾਇਆ। 1869 ਈ. ਤੱਕ ਮੈਟੀਸ ਲੋਕਾਂ ਦੀ ਆਬਾਦੀ ਰੈੱਡ ਰਿਵਰ ਦੇ ਆਲੇ ਦੁਆਲੇ ਦਸ ਹਜ਼ਾਰ ਤੋਂ ਵੱਧ ਸੀ। ਆਪਣੀ ਵੱਖਰੀ ਪਛਾਣ, ਸਾਂਝੀ ਵਿਰਾਸਤ ਅਤੇ ਵਿਲੱਖਣ ਜੀਵਨ-ਜਾਚ ਸਦਕਾ ਉਹ ਵੱਖਰੀ ਕੌਮ ਵਜੋਂ ਸਥਾਪਤ ਹੋ ਚੁੱਕੇ ਸਨ। ਪਰ ਉਸ ਸਮੇਂ ਦੀ ਦੋ ਸਾਲ ਪਹਿਲਾਂ ਬਣੀ ਕੈਨੇਡਾ ਫੈਡਰੇਸ਼ਨ ਦੀ ਪਹਿਲੀ ਸਰਕਾਰ ਦੀਆਂ ਨਸਲੀ ਵਿਤਕਰੇ ਵਾਲੀਆਂ ਕਾਬਜ਼ਕਾਰੀ ਨੀਤੀਆਂ ਅਤੇ ਅਸੀਮਤ ਖ਼ਾਹਿਸ਼ਾਂ ਨੇ ਮੈਟੀਸ ਲੋਕਾਂ ਨੂੰ ਰਹਿਣ ਲਈ ਵੀ ਥਾਂ ਨਹੀਂ ਛੱਡੀ। ਇਨ੍ਹਾਂ ਹਾਲਤਾਂ ਵਿਚ ਲੂਈ ਰੀਲ ਦਾ ਜਨਮ 22 ਅਕਤੂਬਰ, 1844 ਨੂੰ ਰੈੱਡ ਰਿਵਰ ਤੇ ਸਥਿਤ ਸੇਂਟ ਵਿਟਾਲ ( ਹੁਣ ਵਿੱਨੀ ਪੈੱਗ ਵਿਚ ) ਵਿਖੇ ਹੋਇਆ। ਉਹ ਮਾਂ ਜੂਲੀ ਅਤੇ ਪਿਤਾ ਜੀਨ ਲੂਈ ਰੀਲ ਦੀ ਪਹਿਲੀ ਔਲਾਦ ਸੀ। ਉਸ ਦੇ ਪੰਜ ਭੈਣ-ਭਰਾ ਹੋਰ ਵੀ ਸਨ। ਬਿਸ਼ਪ ਅਲੈਗਜ਼ੈਂਡਰ ਐਂਟੋਨਿਨ ਤਾਸ਼ੇ ਦੇ ਕਹਿਣ ਤੇ ਲੂਈ ਰੀਲ ਨੂੰ ਮੌਂਟਰੀਅਲ ਦੇ ਕਾਲਜ ਵਿਚ ਪੜ੍ਹਨ ਭੇਜਿਆ ਗਿਆ। ਮਕਸਦ ਉਸ ਨੂੰ ਪਾਦਰੀ ਬਨਾਉਣ ਦਾ ਸੀ। ਇੱਥੇ ਲੂਈ ਨੇ ਫਿਲਾਸਫੀ ਅਤੇ ਫਰਾਂਸ, ਰੋਮ, ਯੂਨਾਨ ਦੇ ਸਾਹਿਤ ਤੋਂ ਇਲਾਵਾ ਲੈਟਿਨ, ਯੂਨਾਨੀ, ਫਰੈਂਚ ਅਤੇ ਅੰਗ੍ਰੇਜ਼ੀ ਭਾਸ਼ਾਵਾਂ ਦੀ ਸਿੱਖਿਆ ਲਈ। ਕੂਬੈੱਕ ਦੇ ਅਮੀਰ ਘਰਾਣੇ ਦਿਆਂ ਬੱਚਿਆਂ ਦਰਮਿਆਨ ਉਹ ਹਮੇਸ਼ਾ ਪਹਿਲੇ ਸਥਾਨ ਤੇ ਰਿਹਾ। ਸੰਨ 1864 ਈ. ਵਿਚ ਪਿਤਾ ਦੀ ਮੌਤ ਮਗਰੋਂ 26 ਜੁਲਾਈ, 1868 ਨੂੰ ਡਿਗਰੀ ਮੁਕੰਮਲ ਹੋਣ ਤੋਂ ਚਾਰ ਮਹੀਨੇ ਪਹਿਲਾਂ ਘਰ ਨੂੰ ਵਾਪਸ ਆ ਗਿਆ। ਏਨੇ ਵਰ੍ਹਿਆਂ ਦੌਰਾਨ ਰੈੱਡ ਰਿਵਰ ਦੇ ਵਾਸੀ ਟਿੱਡੀ-ਦਲ ( ਅਹਿਣ ) ਦੇ ਹਮਲਿਆਂ ਕਾਰਨ, ਮੱਝਾਂ ਦੇ ਝੁੰਡ ਘਟਣ ਕਾਰਨ, ਕੀਟਾਂ ਦੁਆਰਾ ਜਾਨਵਰ ਮਾਰੇ ਜਾਣ ਕਾਰਨ ਤੇ ਫਸਲਾਂ ਦੇ ਬਰਬਾਦ ਹੋਣ ਕਾਰਨ ਅਤੇ ਯੂਰਪ ਵਿਚ ਜੱਤ ਦੀ ਮੰਗ ਮੰਦੀ ਪੈਣ ਕਾਰਨ ਗ਼ਰੀਬੀ ਤੇ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਸਨ। ਉਨ੍ਹਾਂ ਨੂੰ ਮੁਸੀਬਤ ਦੇ ਬੂਥੇ ਆਇਆਂ ਦਾ ਫ਼ਾਇਦਾ ਉਠਾ ਕੇ ਸਰਕਾਰ ਨੇ ਲੇਕ ਆਫ ਦ ਵੂੱਡਜ਼ ਤੋਂ ਲੈ ਕੇ ਰੈੱਡ ਰਿਵਰ ਤੱਕ ਸੜਕ ਦਾ ਵਾਧਾ ਕਰਨਾ ਸ਼ੁਰੂ ਕਰ ਦਿੱਤਾ।ਇਹ ਇਲਾਕਾ ਸਰਕਾਰ ਦੇ ਅਧਿਕਾਰ ਖੇਤਰ ਤੋਂ ਬਾਹਰ ਸੀ। ਓਧਰੋਂ ਕੈਨੇਡਾ ਸਰਕਾਰ ਨੇ ਮੂਲ ਨਿਵਾਸੀਆਂ ਅਤੇ ਮੈਟੀਸ ਲੋਕਾਂ ਨੂੰ ਭਰੋਸੇ ਵਿਚ ਲਏ ਬਿਨਾਂ, ਬਗ਼ੈਰ ਉਨ੍ਹਾਂ ਦੀ ਸਹਿਮਤੀ ਤੋਂ ਹਡਜ਼ਨ ਬੇਅ ਕੰਪਨੀ ਤੋਂ ਰੂਪਰਟ ਲੈਂਡ ਦਾ ਸਾਰਾ ਇਲਾਕਾ ਤਿੰਨ ਲੱਖ ਪੌਂਡ ਵਿਚ ਖ੍ਰੀਦਣ ਦਾ ਸੌਦਾ ਕਰ ਲਿਆ ਜੋ ਅਜੇ ਪਹਿਲੀ ਦਸੰਬਰ, 1869 ਨੂੰ ਭੁਗਤਾਨ ਕਰਨ ਮਗਰੋਂ ਅਮਲ ਵਿਚ ਆਉਣਾ ਸੀ ( ਮਗਰੋਂ ਇਸ ਨੂੰ ਹੋਰ ਵੀ ਅੱਗੇ ਪਾਇਆ ਗਿਆ )। ਸੌਦੇ ਦੇ ਅਮਲ ਵਿਚ ਆਉਣ ਤੋਂ ਪਹਿਲਾਂ ਹੀ ਜੌਹਨ ਕ੍ਰਿਸ਼ਚੀਅਨ ਸ਼ੁਲਜ਼ ਨੇ ਬਸਤੀਵਾਦੀ ਧੌਂਸ ਅਤੇ ਨਸਲਵਾਦੀ ਵਿਤਕਰੇ

ਨਾਲ ਰੈੱਡ ਰਿਵਰ ਵਾਲੀ ਸਾਰੀ ਜ਼ਮੀਨ ਤੇ ਅਧਿਕਾਰ ਜਮਾਉਣਾ ਸ਼ੁਰੂ ਕਰ ਦਿੱਤਾ ਅਤੇ ਅੰਗ੍ਰੇਜ਼ ਆਬਾਦਕਾਰਾਂ ਨੂੰ ਪਟੇ ਦੇਣੇ ਸ਼ੁਰੂ ਕਰ ਦਿੱਤੇ।ਇੱਥੇ ਹੀ ਬੱਸ ਨਹੀਂ, ਉਹ ਮੈਟੀਸ ਲੋਕਾਂ ਤੇ ਉਨ੍ਹਾਂ ਦੀਆਂ ਇੱਜ਼ਤਦਾਰ ਔਰਤਾਂ ਬਾਰੇ ਭੱਦਾ ਪਰਚਾਰ ਕਰਨ ਲੱਗ ਪਿਆ। ਇੱਕ ਅਣਖੀ ਮੈਟੀਸ ਔਰਤ, ਐਨੀ ਬਨਾਟਾਈਨ ਨੇ ਸ਼ੁਲਜ਼ ਦੇ ਸਾਥੀ ਮਾਇਰ ਨੂੰ ਵਿੱਨੀਪੈੱਗ ਪੋਸਟ ਤੇ ਚਾਬਕਾਂ ਨਾਲ ਕੁੱਟ ਕੇ ਭਜਾ ਦਿੱਤਾ ਤੇ ਕਿਹਾ,"ਕਮੂਤਾ, ਹੁਣ ਇਸ ਬਾਰੇ ਵੀ ਲਿਖ ਕਿ ਰੈੱਡ ਰਿਵਰ ਦੀਆਂ ਔਰਤਾਂ ਉਨ੍ਹਾਂ ਦੀ ਬੇਇੱਜ਼ਤੀ ਕਰਨ ਵਾਲਿਆਂ ਨੂੰ ਕਿਵੇਂ ਸੂਤ ਕਰਦੀਆਂ ਹਨ।" ਜ਼ਮੀਨ ਦੇ ਇੱਕ ਤਰਫ਼ਾ ਸੌਦੇ ਬਾਰੇ ਬਿਸ਼ਪ ਤਾਸ਼ੇ ਨੇ ਕਿਹਾ ਕਿ ਲੋਕ ਵੇਚੇ ਜਾਣ ਨੂੰ ਸਹਿਣ ਨਹੀਂ ਕਰਨਗੇ। ਲੂਈ ਰੀਲ ਨੇ ਇਸ ਬਾਰੇ 1870 ਵਿਚ ਅਮਰੀਕਾ ਦੇ ਰਾਸ਼ਟਰਪਤੀ ਯੂਲੀਸਿਸ ਗਰਾਂਟ ਨੂੰ ਵੀ ਪੱਤਰ ਲਿਖਿਆ ਸੀ। ਜਦੋਂ ਵਿਲਾਇਤੀ ਆਬਾਦਕਾਰਾਂ ਦੀਆਂ ਧਾੜਾਂ ਆਉਣ ਲੱਗੀਆਂ ਤਾਂ ਹਥਿਆਰਬੰਦ ਮੈਟੀਸ ਘੋੜਸਵਾਰਾਂ ਨੇ ਆਪਣੀਆਂ ਆਬਾਦੀਆਂ ਵਿਚ ਗਸ਼ਤ ਰਾਹੀਂ ਰਾਖੀ ਕਰਨੀ ਸ਼ੁਰੂ ਕਰ ਦਿੱਤੀ। 11 ਅਕਤੂਬਰ, 1869 ਨੂੰ ਰੀਲ ਨੇ ਹਥਿਆਰਬੰਦ ਨੌਜਵਾਨਾਂ ਦੀ ਮਦਦ ਨਾਲ ਸਰਵੇ ਕਰਨ ਆਈ ਟੀਮ ਨੂੰ ਆਪਣੀਆਂ ਜ਼ਮੀਨਾਂ ਤੋਂ ਖਦੇੜ ਕੇ ਭਜਾ ਦਿੱਤਾ। ਰੀਲ ਨੇ ਹਡਜ਼ਨ ਬੇਅ ਕੰਪਨੀ ਦੇ ਗਵਰਨਰ ਮੈਕਟਾਵਿਸ਼ ਨੂੰ ਸਾਫ਼ ਕਹਿ ਦਿੱਤਾ ਕਿ ਕੈਨੇਡਾ ਸਰਕਾਰ ਨੂੰ ਉਨ੍ਹਾਂ ਦੀ ਆਗਿਆ ਤੋਂ ਬਿਨਾ ਇਨ੍ਹਾਂ ਜ਼ਮੀਨਾਂ ਦਾ ਸਰਵੇ ਕਰਨ ਦਾ ਕੋਈ ਅਧਿਕਾਰ ਨਹੀਂ। ਬੱਸ, ਇੱਥੋਂ ਹੀ ਰੈੱਡ ਰਿਵਰ ਵਿਦਰੋਹ ਦੀ ਸ਼ੁਰੂਆਤ ਹੋ ਗਈ।

ਲੂਈ ਰੀਲ ਨੇ ਸਾਰੀਆਂ ਆਬਾਦੀਆਂ ਦੀ ਇੱਕ ਮੀਟਿੰਗ ਨੌਰਬਰਟ ਚਰਚ ਵਿਚ ਕੀਤੀ, ਜਿਸ ਵਿਚ 16 ਅਕਤੂਬਰ ਨੂੰ ਮੈਟੀਸ ਨੈਸ਼ਨਲ ਕਮੇਟੀ ਦਾ ਗਠਨ ਕੀਤਾ ਗਿਆ। ਇਸ ਕਮੇਟੀ ਦਾ ਪ੍ਰਧਾਨ ਨੌਰਬਰਟ ਦਾ ਤਰਖਾਣ ਜਾਹਨ ਬਰੂਸ ਅਤੇ ਸਕੱਤਰ ਲੂਈ ਰੀਲ ਨੂੰ ਚੁਣਿਆ ਗਿਆ। ਇਸ ਕਮੇਟੀ ਕੋਲ 400 ਨਿਪੁੰਨ ਘੋੜਸਵਾਰਾਂ,ਮਾਅਰਕੇ ਦੇ ਨਿਸ਼ਾਨੇਬਾਜ਼ ਮੈਟੀਸ ਨੌਜਵਾਨਾਂ ਦੀ ਅਨੁਸ਼ਾਸਤ ਫੌਜ ਤਿਆਰ ਹੋ ਗਈ। ਅਕਤੂਬਰ ਵਿਚ ਹੀ ਪ੍ਰਧਾਨ ਮੰਤਰੀ ਜਾਹਨ ਮੈਕਡਾਨਲਡ ਨੇ ਕੱਟੜ ਫਿਰੰਗੀ ਮੈਕ ਡੂਗਾਲ ਨੂੰ ਇਨ੍ਹਾਂ ਅਣਅਧਿਕਾਰਤ ਇਲਾਕਿਆਂ ਦਾ ਲੈਫ਼ਟੀਨੈਂਟ ਗਵਰਨਰ ਮਨੋਨੀਤ ਕਰ ਦਿੱਤਾ। ਇਸ ਬਾਰੇ ਨਾ ਹੀ ਕਿਸੇ ਮੈਟੀਸ ਨੂੰ ਦੱਸਿਆ ਗਿਆ ਤੇ ਨਾ ਹੀ ਕਿਸੇ ਨੂੰ ਉਸ ਦੀ ਕੌਂਸਲ ਵਿਚ ਲਿਆ ਗਿਆ। ਮੈਕ ਡੂਗਾਲ 21 ਅਕਤੀਬਰ ਨੂੰ 350ਬੰਦੂਕਧਾਰੀ ਲੈ ਕੇ ਅਮਰੀਕਨ ਬਾਰਡਰ ਦੇ ਦੱਖਣ ਵਿਚ ਪੈਂਬੀਨਾ ਆ ਧਮਕਿਆ। ਏਧਰ ਨੈਸ਼ਨਲ ਕਮੇਟੀ ਨੇ ਹਥਿਆਰਬੰਦ ਗਸ਼ਤੀ ਟੁਕੜੀ ਫੋਰਟ ਗੈਰੀ ( ਹੁਣ ਵਿੱਨੀਪੈੱਗ ) ਅਤੇ ਪੈਂਬੀਨਾ ਦੇ ਵਿਚਾਲੇ ਲਾ ਦਿੱਤੀ। 24 ਅਕਤੂਬਰ ਨੂੰ ਨੌਰਬਰਟ ਚਰਚ ਵਿਖੇ ਮਾਸ ਤੋਂ ਬਾਦ ਫਾਦਰ ਰਿਚਟ ਨੇ ਸੰਗਤ ਨੂੰ ਸ੍ਵੈਮਾਨ ਦੀ ਰਾਖੀ ਲਈ ਕਾਰਵਾਈ ਕਰਨ ਦੀ ਮਨਜ਼ੂਰੀ ਦੇ ਦਿੱਤੀ ਜੋ ਹੱਕੀ ਵਿਰੋਹ ਨੂੰ ਕਾਨੂੰਨੀ ਰੂਪ ਦੇ ਗਈ। 25 ਅਕਤੂਬਰ ਨੂੰ ਬਰੂਸ ਅਤੇ ਰੀਲ ਕੰਪਨੀ ਦੀ ਸਿਨੀਬੋਇਆ ਕੌਂਸਲ ਅੱਗੇ ਪੇਸ਼ ਹੋਏ, ਜਿੱਥੇ ਰੀਲ ਨੇ ਗਵਰਨਰ ਵਿਲੀਅਮ







ਮੈਕਟਾਵਿਸ਼ ਨੂੰ ਸਾਫ਼ ਸ਼ਬਦਾਂ ਵਿਚ ਕਹਿ ਦਿੱਤਾ,"ਮੇਰੇ ਲੋਕ ਕੈਨੇਡਾ ਸਰਕਾਰ ਦੁਆਰਾ ਏਥੇ ਸਾਨੂੰ ਪੁੱਛੇ ਬਗੈਰ ਸਾਡੇ ਤੇ ਕੋਈ ਸਰਕਾਰ ਥੋਪਣ ਤੇ ਇਤਰਾਜ਼ ਜਤਾਉਣਗੇ। ਅਸੀਂ ਪੱਕੀ ਧਾਰੀ ਹੈ ਕਿ ਸਾਡੇ ਨਾਲ ਸਲਾਹ ਕੀਤੇ ਬਿਨਾਂ ਕੈਨੇਡਾ ਸਰਕਾਰ ਵੱਲੋਂ ਭੇਜੇ ਕਿਸੇ ਵੀ ਗਵਰਨਰ ਨੂੰ ਵਾਪਸ ਭੇਜ ਦੇਵਾਂਗੇ। ਅਜਿਹਾ ਕਰਨ ਤੋਂ ਪਹਿਲਾਂ ਸਾਡੇ ਨਾਲ ਸ਼ਰਤਾਂ ਤੈਅ ਕਰਨੀਆਂ ਜ਼ਰੂਰੀ ਹੋਣਗੀਆਂ।---ਅਸੀਂ ਮੂਰਖ ਨਹੀਂ ਹਾਂ। ਅਸੀਂ ਉਮੀਦ ਰਖਦੇ ਹਾਂ ਤੇ ਮੰਗ ਕਰਦੇ ਹਾਂ ਕਿ ਰੈੱਡ ਰਿਵਰ ਨੂੰ ਕੈਨੇਡਾ ਵਿਚ ਸ਼ਾਮਲ ਕਰਨ ਦੀਆਂ ਸ਼ਰਤਾਂ ਤੇ ਵਿਚਾਰ ਵਟਾਂਦਰਾ ਕਰਨ ਦਾ ਮੌਕਾ ਮਿਲੇ।---ਅਸੀਂ ਸਾਰੀ ਆਬਾਦੀ ਦੇ ਫ਼ਾਇਦੇ ਵਾਸਤੇ ਕਾਰਵਾਈ ਕਰ ਰਹੇ ਹਾਂ।---ਅਸੀਂ ਆਪਣੇ ਅੰਗ੍ਰੇਜ਼ੀ ਬੋਲਣਿਆਂ ਤੋਂ ਵੀ ਸਾਰਿਆਂ ਦੇ ਸਾਂਝੇ ਹੱਕਾਂ ਦੀ ਰਾਖੀ ਲਈ ਸਹਿਯੋਗ ਮੰਗਦੇ ਹਾਂ।" 22 ਅਕਤੂਬਰ ਨੂੰ ਮੈਕ ਡੂਗਾਲ ਦੇ ਸਕੱਤਰ, ਪ੍ਰੀਵੈਂਚਰ ਨੂੰ ਰੀਲ ਨੇ ਸਪਸ਼ਟ ਕੀਤਾ,"ਮੈਨੂੰ ਆਪਣੇ ਲੋਕਾਂ ਦੇ ਹਿਤਾਂ ਦੀ ਰਾਖੀ ਦਾ ਫ਼ਿਕਰ ਹੈ। ਸਭ ਕਾਸੇ ਤੋਂ ਇਹੀ ਭਾਸਦਾ ਹੈ ਕਿ ਕੈਨੇਡੀਅਨਾਂ ਨੂੰ ਸਾਡੀ ਹੋਂਦ ਉਨ੍ਹਾਂ ਦੀਆਂ ਖ਼ਾਹਿਸ਼ਾਂ ਪ੍ਰਤੀ ਅਣਸੁਖਾਵੀਂ ਲਗਦੀ ਹੈ। ਮੇਰਾ ਟੀਚਾ ਰੈੱਡ ਰਿਵਰ ਤੇ ਲੋਕਤੰਤਰੀ ਚੁਣੀ ਹੋਈ ਸਰਕਾਰ ਸਥਾਪਤ ਕਰਨ ਦਾ ਹੈ, ਜਿਹੜੀ ਮੈਟੀਸ ਨੂੰ ਕੈਨੇਡਾ ਸਰਕਾਰ ਨਾਲ ਗੱਲਬਾਤ ਕਰਨ ਦਾ ਕਾਨੂੰਨੀ ਦਰਜਾ ਦੇ ਸਕੇ, ਕਿਉਂਕਿ ਮੈਨੂੰ ਸ਼ੱਕ ਹੈ ਕਿ ਡੂਗਾਲ ਸਾਡੀ ਤਰਫੋਂ ਅਜਿਹਾ ਨਹੀਂ ਕਰੇਗਾ। ਕੈਨੇਡਾ ਵਿਚ ਸ਼ਾਮਲ ਹੋਣ ਤੇ ਸਾਨੂੰ ਕੋਈ ਸਮੱਸਿਆ ਨਹੀਂ, ਅਸੀਂ ਤਾਂ ਸਿਰਫ਼ ਇਹੋ ਚਾਹੁੰਦੇ ਹਾਂ ਕਿ ਅਜਿਹਾ ਸਾਡੀਆਂ ਆਪਣੀਆਂ ਸ਼ਰਤਾਂ ਤੇ ਹੋਵੇ। ਮੈਂ ਤਾਂ ਇਹੋ ਮੰਗਦਾ ਹਾਂ ਕਿ ਮੇਰੇ ਲੋਕਾਂ ਦੇ ਹੱਕ ਸੁਰੱਖਿਅਤ ਰਹਿਣ।"ਜਦੋਂ ਮੈਕ ਡੂਗਾਲ ਤੱਤੇ ਕੜਾਹ ਵਿਚ ਹੱਥ ਪਾਉਣ ਵਾਂਗ ਜ਼ਬਰਦਸਤੀ ਦਾਖਲ ਹੋਣ ਲੱਗਿਆ ਤਾਂ ਉਸ ਨੂੰ ਚਿਤਾਵਨੀ ਦੇ ਕੇ ਪੁੱਠਾ ਮੋੜ ਦਿੱਤਾ। ਦੋ ਨਵੰਬਰ ਨੂੰ ਮੈਟੀਸ ਨੇ ਰੀਲ ਦੀ ਅਗਵਾਈ ਹੇਠ ਕੰਪਨੀ ਦੇ ਚੀਫ਼ ਫੈਕਟਰ ਡਾ. ਵਿਲੀਅਮ ਕੋਵਨ ਤੋਂ ਫੋਰਟ ਗੈਰੀ ਕਬਜ਼ੇ ਵਿਚ ਲੈ ਲਿਆ। 16 ਨਵੰਬਰ ਨੂੰ ਮੈਟੀਸ ਅਤੇ ਅੰਗ੍ਰੇਜ਼ੀ ਬੋਲਣੇ ਆਬਾਦਕਾਰਾਂ ਦੇ ਨੁਮਾਇੰਦਿਆਂ ਦੀ ਪਹਿਲੀ ਸਾਂਝੀ ਮੀਟਿੰਗ ਦਰਮਿਆਨ ਰੀਲ ਨੇ ਮੈਕਟਾਵਿਸ਼ ਨੂੰ ਚਿਤਾਵਨੀ ਦਿੱਤੀ,"ਜੇ ਅਸੀਂ ਬਾਗ਼ੀ ਹਾਂ ਤਾਂ ਉਸ ਕੰਪਨੀ ਤੋਂ ਬਾਗ਼ੀ ਹਾਂ ਜਿਸਨੇ ਸਾਨੂੰ ਵੇਚਿਆ ਹੈ ਅਤੇ ਜਿਹੜੀ ਸਾਨੂੰ ਕੈਨੇਡਾ ਦੇ ਹਵਾਲੇ ਕਰਨ ਲਈ ਤਿਆਰ ਹੈ, ਅਸੀਂ ਉਨ੍ਹਾਂ ਦੇ ਦੁਸ਼ਮਣ ਹਾਂ ਜੋ ਸਮਝਦੇ ਹਨ ਕਿ ਸਾਡੇ ਹੱਕਾਂ ਨੂੰ ਖਰੀਦਿਆ ਜਾ ਸਕਦਾ ਹੈ। ਅਸੀਂ ਬਰਤਾਨਵੀ ਤਾਜ ( ਬ੍ਰਿਟਿਸ਼ ਕਰਾਊਨ ) ਤੋਂ ਬਾਗ਼ੀ ਨਹੀਂ ਹਾਂ ਜਿਸ ਨੇ ਅਜੇ ਤੱਕ ਇਹ ਇਲਾਕਾ ਹਵਾਲੇ ਕਰਨ ਦੀ ਮਨਜ਼ੂਰੀ ਨਹੀਂ ਦਿੱਤੀ। ਅਸੀਂ ਆਪਣੀ ਜ਼ਮੀਨ ਨੂੰ ਖ਼ਤਰਿਆਂ ਤੋਂ ਬਚਾ ਰਹੇ ਹਾਂ। ਅਸੀਂ ਰੈੱਡ ਰਿਵਰ ਦੇ ਵਾਸੀਆਂ ਨੂੰ ਆਜ਼ਾਦੀ ਨਾਲ ਰਹਿਣਾ ਲੋਚਦੇ ਹਾਂ। ਆਓ ਆਪਾਂ ਇੱਕਮੁੱਠ ਹੋ ਜਾਈਏ।"27 ਨਵੰਬਰ ਨੂੰ ਕੈਨੇਡਾ ਦੇ ਗਵਰਨਰ ਜਨਰਲ ਨੇ ਕਾਲੋਨੀ ਦਫ਼ਤਰ, ਲੰਡਨ ਨੂੰ ਤਾਰ ਭੇਜੀ,"ਕੈਨੇਡਾ ਸ਼ਾਂਤਮਈ ਤਬਾਦਲੇ ਤੋਂ ਬਿਨਾਂ ਕਬਜ਼ਾ ਮਨਜ਼ੂਰ ਨਹੀਂ ਕਰੇਗਾ।" ਇਸ ਸੂਰਤ ਵਿਚ ਤਬਾਦਲੇ ਦੀ ਦੇਰੀ ਹੋਣ ਕਾਰਨ ਰੈੱਡ ਰਿਵਰ ਤੇ ਕੋਈ ਸਰਕਾਰ ਨਾ ਹੋਣ ਦਾ ਖਿਲਾਅ ਪੈਦਾ ਹੋ ਗਿਆ। ਪਹਿਲੀ ਦਸੰਬਰ ਨੂੰ ਰੀਲ ਨੇ ਸਾਂਝੇ ਨੁਮਾਇੰਦਿਆਂ ਅੱਗੇ ਅਧਿਕਾਰਾਂ ਦੀ ਸੂਚੀ ਪੇਸ਼ ਕੀਤੀ। ਇਸ ਵਿਚ ਮੁੱਖ ਇਹ ਸਨ - ਲੋਕਤੰਤਰੀ ਅਤੇ ਦੋ-ਭਾਸ਼ੀ ਸਰਕਾਰ ਦੀ ਸਥਾਪਨਾ ਕਰਨਾ, ਜ਼ਮੀਨਾਂ ਦੀ ਹੱਕੀ ਫ਼ਰਦ ਦਾ ਨਿਪਟਾਰਾ ਕਰਨਾ, ਸਬੰਧਤ ਮੂਲਨਿਵਾਸੀ ਕਬੀਲਿਆਂ ਨਾਲ ਸੰਧੀਆਂ ਕਰਨ ਲਈ ਡੋਮੀਨੀਅਨ ਗੱਲਬਾਤ ਕਰੇ, ਕੈਨੇਡੀਅਨ ਸਰਕਾਰ ਇਸ ਬਸਤੀ ਨੂੰ ਲੋੜੀਂਦੀ ਪਦਾਰਥਕ ਮਦਦ ਦੇਵੇ ਅਤੇ ਫੈਡਰਲ ਸਰਕਾਰ ਵਿਚ ਬਣਦੀ ਨੁਮਾਇੰਦਗੀ ਦੇਵੇ। ਸਾਰਿਆਂ ਨੇ ਇਸ ਲਿਸਟ ਨੂੰ ਸਰਬ ਸੰਮਤੀ ਨਾਲ ਸਹਿਮਤੀ ਦੇ ਦਿੱਤੀ। ਰੀਲ ਨੇ ਸਾਫ਼ ਕਰ ਦਿੱਤਾ ਕਿ ਮੈਕ ਡੂਗਾਲ ਇਸ ਲਿਸਟ ਨੂੰ ਮੰਨਣ ਤੋਂ ਬਾਦ ਹੀ ਦਾਖਲ ਹੋ ਸਕਦਾ ਹੈ। ਕਿਸੇ ਸੰਭਾਵੀ ਹਮਲੇ ਤੋਂ ਬਚਾਅ ਕਰਨ ਲਈ ਰੀਲ ਨੇ ਦੋ ਦਸੰਬਰ ਨੂੰ ਨੌਰਵੈਸਟਰ ਅਤੇ ਰੈੱਡ ਰਿਵਰ ਪਾਇਨੀਅਰ ਨੂੰ ਬੰਦ ਕਰ ਦਿੱਤਾ, ਇਨ੍ਹਾਂ ਰਾਹੀਂ ਵਿੱਨੀਪੈੱਗ ਵਿਚ ਵਿਕਣ ਵਾਲਾ ਸਾਰਾ ਗੋਲੀ ਸਿੱਕਾ ਤੇ ਹਥਿਆਰ ਕਬਜ਼ੇ ਵਿਚ ਲੈ ਲਏ। 6 ਦਸੰਬਰ ਨੂੰ ਮੈਟੀਸ ਨੇ ਅਲੈਗਜ਼ੈਂਡਰ ਮੈਕਆਰਥਰ ਅਤੇ ਥਾਮਸ ਸਕਾਟ ਨੂੰ ਕਾਬੂ ਕਰ ਕੇ ਕੈਦੀ ਬਣਾ ਲਿਆ। ਅਗਲੇ ਦਿਨ ਸ਼ੁਲਜ਼ ਦੇ ਘਰ ਨੂੰ ਘੇਰਾ ਪਾ ਲਿਆ ਜਿੱਥੇ ਹਥਿਆਰਬੰਦ ਦੁਸ਼ਮਣ ਇਕੱਠੇ ਹੋਏ ਸਨ।ਸਾਰਿਆਂ ਨੇ ਆਪਣੇ ਆਪ ਬਾਹਰ ਆ ਕੇ ਆਤਮ ਸਮਰਪਣ ਕਰ ਦਿੱਤਾ ਜਿਸ ਉਪ੍ਰੰਤ ਉਨ੍ਹਾਂ ਨੂੰ ਫੋਰਟ ਗੈਰੀ ਦੀ ਆਰਜ਼ੀ ਜੇਲ੍ਹ ਵਿਚ ਬੰਦ ਕਰ ਦਿੱਤਾ। ਦਸ ਦਸੰਬਰ ਨੂੰ ਫਰੈਂਚ ਅਤੇ ਅੰਗ੍ਰੇਜ਼ੀ ਭਾਸ਼ਾ ਵਿਚ ਲਿਖਿਆ -"ਰੂਪਰਟਸ ਲੈਂਡ ਅਤੇ ਨਾਰਥ-ਵੈਸਟ ਦੇ ਲੋਕਾਂ ਦਾ ਐਲਾਨਨਾਮਾ" ਰੈੱਡ ਰਿਵਰ ਦੇ ਖੇਤਰ ਵਿਚ ਸਾਹਮਣੇ ਆਇਆ ਜਿਸ ਵਿਚ ਲਿਖਿਆ ਸੀ ਕਿ ਮੈਟੀਸ ਬਸਤੀਵਾਦੀ ਸਰਕਾਰ ਨਾਲ ਗੱਲ ਬਾਤ ਕਰਨ ਲਈ ਤਿਆਰ ਹਨ ਬਸ਼ਰਤੇ ਕਿ ਇਹ ਪ੍ਰੋਵਿਜ਼ਨਲ ਸਰਕਾਰ ਨਾਲ ਹੋਵੇ। ਕਿਉਂਕਿ ਔਟਵਾ ਦਾ ਅਧਿਕਾਰ ਗ਼ੈਰਕਾਨੂੰਨੀ ਮੰਨਿਆਂ ਗਿਆ ਸੀ ਅਤੇ ਕੰਪਨੀ ਨੇ ਇਸ ਖੇਤਰ ਉਪਰ ਕੰਟਰੋਲ ਤਿਆਗ ਦਿੱਤਾ ਸੀ, ਇਸ ਹਾਲਤ ਵਿਚ ਪ੍ਰੋਵਿਜ਼ਨਲ ਸਰਕਾਰ ਨਾ ਸਿਰਫ਼ ਅਧਿਕਾਰਤ ਸੀ ਬਲਕਿ ਸਿਨੀਬੋਇਨ ਕੌਂਸਲ ਦੇ ਭੰਗ ਹੋਣ ਦੀ ਸੂਰਤ ਵਿਚ ਪੈਦਾ ਹੋਏ ਸਿਆਸੀ ਖਿਲਾਅ ਕਾਰਨ ਜ਼ਰੂਰੀ ਵੀ ਹੋ ਗਈ ਸੀ। ਆਖਰਕਾਰ ਲੋਕਾਂ ਦੇ ਜਾਨ-ਮਾਲ ਦੀ ਰਾਖੀ ਅਤੇ ਅਮਨ-ਕਾਨੂੰਨ ਲਾਗੂ ਕਰਨ ਲਈ ਕੋਈ ਤਾਂ ਪ੍ਰਸ਼ਾਸਨਿਕ ਹਸਤੀ ਚਾਹੀਦੀ ਹੈ। ਐਲਾਨਨਾਮੇ ਵਿਚ ਇਹ ਵੀ ਕਿਹਾ ਗਿਆ ਕਿ ਪ੍ਰੋਵਿਜ਼ਨਲ ਸਰਕਾਰ ਬਾਕਾਇਦਾ ਤੌਰ ਤੇ 24 ਨਵੰਬਰ, 1869 ਤੋਂ ਹੋਂਦ ਵਿਚ ਮੰਨੀ ਜਾਵੇ, ਜਿਸ ਦਿਨ ਤੋਂ ਕੰਪਨੀ ਨੇ ਆਪਣੇ ਅਧਿਕਾਰ ਨੌਰਥ ਵੈਸਟ ਨੂੰ ਸੌਂਪੇ ਸਨ। ਸ਼ੁੱਕਰਵਾਰ, 10 ਦਸੰਬਰ, 1869 ਵਾਲੇ ਦਿਨ ਸੇਂਟ ਬੋਨੀਫੇਸ ਚਰਚ ਵਿਚ ਮਾਸ ਤੋਂ ਬਾਦ ਲੂਈ ਰੀਲ ਨੇ ਪ੍ਰੋਵਿਜ਼ਨਲ ਸਰਕਾਰ ਦੀ ਸਥਾਪਨਾ ਦਾ ਬਾਕਾਇਦਾ ਐਲਾਨ ਕਰ ਦਿੱਤਾ ਅਤੇ ਨਾਲ ਹੀ ਇਸ ਦਿਨ ਨੂੰ ਮੈਟੀਸ ਸਰਕਾਰ ਦੇ ਸਥਾਪਨਾ ਦਿਵਸ ਵਜੋਂ ਮਨਾਉਣ ਦਾ ਰਸਮੀ ਐਲਾਨ ਕਰ ਦਿੱਤਾ। ਇਸ ਦਿਨ ਪਹਿਲੀ ਵਾਰ ਮੈਟੀਸ ਦਾ ਝੰਡਾ ਫੋਰਟ ਗੈਰੀ ਤੇ ਝੁਲਾਇਆ ਗਿਆ। ਦਸੰਬਰ ਦੇ ਅੰਤ ਤੱਕ ਦੋ ਕੈਨੇਡੀਅਨ ਦੂਤ ਜੀਨ ਬੈਪਟਿਸਟ ਥੀਬਾਲਟ, ਕਰਨਲ ਚਾਰਲਸ ਡੀ ਸਲਾਬਰੀ ਅਤੇ ਮੈਕਟਾਵਿਸ਼ ਦਾ ਸਹਾਇਕ ਡੋਨਲਡ ਸਮਿੱਥ ਪ੍ਰਧਾਨ ਮੰਤਰੀ ਦੁਆਰਾ ਭੇਜੇ ਪੈਂਬੀਨਾ ਪਹੁੰਚ ਗਏ।ਰੀਲ ਨੇ ਸਮਿੱਥ ਨੂੰ ਫੋਰਟ ਗੈਰੀ ਅੰਦਰ ਰਹਿਣ ਦਾ ਹੁਕਮ ਦਿੱਤਾ।

ਸਮਿੱਥ ਨੇ ਫਿਰੰਗੀ ਆਬਾਦਕਾਰਾਂ ਨੂੰ ਮੈਟੀਸ ਆਬਾਦਕਾਰਾਂ ਨਾਲੋਂ ਨਿਖੇੜਨ ਦੀ ਬੜੀ ਕੋਸ਼ਿਸ਼ ਕੀਤੀ। 9 ਜਨਵਰੀ, 1870 ਨੂੰ ਚਾਰਲੀ ਮਾਇਰ, ਥਾਮਸ ਸਕਾਟ ਅਤੇ ਕੁਛ ਹੋਰ ਰਾਤ ਨੂੰ ਫੋਰਟ ਗੈਰੀ ਦੀ ਜੇਲ੍ਹ ਤੋੜ ਕੇ ਭੱਜ ਨਿੱਕਲੇ। ਅਗਲੇ ਦਿਨ ਪੰਜਾਂ ਨੂੰ ਦੁਬਾਰਾ ਫੜ ਲਿਆ ਗਿਆ ਪਰ ਮਾਇਰ ਅਤੇ ਸਕਾਟ ਬਚ ਨਿੱਕਲੇ। 20 ਜੂਨ ਦੀ ਮੀਟਿੰਗ ਵਿਚ ਰੀਲ ਨੇ 20 ਫਿਰੰਗੀਆਂ ਅਤੇ 20 ਫਰਾਂਸੀਸੀਆਂ ਦੇ ਡੈਲੀਗੇਟਾਂ ਦੀ ਕਨਵੈਨਸ਼ਨ ਦਾ ਸੁਝਾਅ ਰੱਖਿਆ। 23 ਜਨਵਰੀ ਨੂੰ ਜਾਹਨ ਸ਼ੁਲਜ਼ ਵੀ ਜੇਲ੍ਹ ਤੋਂ ਫ਼ਰਾਰ ਹੋ ਗਿਆ।ਸਾਂਝੀਆਂ ਕਨਵੈਨਸ਼ਨਾਂ ਵਿਚ ਪ੍ਰੋਵਿਜ਼ਨਲ ਸਰਕਾਰ ਦੇ ਅਧਿਕਾਰਾਂ ਦੀ ਸੂਚੀ ਦੀ ਰੂਪ ਰੇਖਾ ਤਿਆਰ ਕੀਤੀ ਗਈ। ਰੀਲ ਨੇ ਕ੍ਰਾਂਤੀਕਾਰੀ ਮਤਾ ਪੇਸ਼ ਕੀਤਾ ਕਿ ਰੈੱਡ ਰਿਵਰ ਕੈਨੇਡਾ ਫੈਡਰੇਸ਼ਨ ਅੰਦਰ ਪੂਰਨ ਸੂਬੇ (ਪ੍ਰੋਵਿੰਸ ) ਦੇ ਤੌਰ ਤੇ ਸ਼ਾਮਲ ਹੋਣਾ ਚਾਹੀਦਾ ਹੈ ਨਾ ਕਿ ਖੇਤਰੀ ਇਕਾਈ ( ਟੈਰੀਟਰੀ ) ਵਜੋਂ। ਮਤਾ ਤਿੰਨ ਵੋਟਾਂ ਨਾਲ ਪਾਸ ਹੋਣੋ ਰਹਿ ਗਿਆ ਪਰ ਰੀਲ ਨੇ ਗਰਜ ਕੇ ਕਿਹਾ,"ਵੋਟ ਜੋ ਮਰਜ਼ੀ ਹੋਵੇ, ਮੈਟੀਸ ਲੋਕਾਂ ਦੀ ਇੱਛਾ ਲਾਜ਼ਮੀ ਤੌਰ ਤੇ ਸਿਰੇ ਚੜ੍ਹਨੀ ਚਾਹੀਦੀ ਹੈ ਤੇ ਸਿਰੇ ਚੜ੍ਹ ਕੇ ਰਹੇਗੀ।"ਹੁਣ ਰੀਲ ਨੇ ਮੈਕਟਾਵਿਸ਼ ਨੂੰ ਨਜ਼ਰਬੰਦ ਕਰ ਦਿੱਤਾ, ਡਾ. ਵਿਲੀਅਮ ਕੋਵਨ ਤੇ ਐਂਡਰੀਊ ਬੈਨਾਟਾਈਨ ਨੂੰ ਕੈਦ ਕਰ ਲਿਆ, ਪਰ ਕੁਛ ਦਿਨਾਂ ਬਾਦ ਇਹ ਰਿਹਾ ਕਰ ਦਿੱਤੇ। ਅਗਲੀ 7 ਫ਼ਰਵਰੀ ਦੀ ਮੀਟਿੰਗ ਵਿਚ ਅੰਗ੍ਰੇਜ਼ ਨੁਮਾਇੰਦੇ ਵੀ ਹਾਜ਼ਰ ਹੋਏ। ਕਿਉਂਕਿ ਉਹ ਸਰਕਾਰ ਬਨਾਉਣ ਲਈ ਰਾਜ਼ੀ ਨਾ ਹੋ ਸਕੇ, ਇਸ ਲਈ ਕਨਵੈਨਸ਼ਨ ਨੇ ਫੈਸਲਾ ਲੈ ਕੇ ਬਾਕਾਇਦਾ ਇੱਕ ਡੈਲੀਗੇਸ਼ਨ - ਦੋ ਅੰਗ੍ਰੇਜ਼ ਤੇ ਦੋ ਫਰੈਂਚ ਨੁਮਾਇੰਦੇ, ਗਵਰਨਰ ਮੈਕਟਾਵਿਸ਼ ਦੀ

ਰਾਇ ਲੈਣ ਲਈ ਭੇਜੇ। ਗਵਰਨਰ ਨੇ ਜੋ ਕਿਹਾ ਉਹ ਇਤਿਹਾਸਕ ਤੇ ਕਾਨੂੰਨੀ ਤੌਰ ਤੇ ਮਹੱਤਵ ਤੇ ਵਜ਼ਨ ਰਖਦਾ ਹੈ। ਉਸ ਨੇ ਕਿਹਾ,"ਰੱਬ ਦਾ ਵਾਸਤਾ, ਸਰਕਾਰ ਬਣਾ ਲਓ ਅਤੇ ਆਬਾਦੀ ਵਿਚ ਸ਼ਾਂਤੀ ਤੇ ਅਮਨ ਕਾਨੂੰਨ ਬਹਾਲ ਕਰੋ।" ਦਸ ਫ਼ਰਵਰੀ ਤੱਕ ਇੱਕ ਕਮੇਟੀ ਨੇ ਅੰਤ੍ਰਿਮ ਸਰਕਾਰ ਲਈ ਸੰਵਿਧਾਨ ਦਾ ਖਰੜਾ ਤਿਆਰ ਕਰ ਲਿਆ। ਇਸ ਮੁਤਾਬਕ ਫਰੈਂਚ ਅਤੇ ਅੰਗ੍ਰੇਜ਼ਾਂ ਦੇ ਬਾਰਾਂ-ਬਾਰਾਂ ਨੁਮਾਇੰਦਿਆਂ ਦੀ ਕੌਂਸਲ ਵਾਲੀ ਸਰਕਾਰ ਦਾ ਪ੍ਰਾਵਧਾਨ ਸੀ, ਜਿਸ ਵਿਚ ਫਰੈਂਚ ਅਤੇ ਅੰਗ੍ਰੇਜ਼ ਸਕੱਤਰ ਹੋਣਗੇ, ਇੱਕ ਖ਼ਜ਼ਾਨਚੀ ਹੋਵੇਗਾ ਤੇ ਲੂਈ ਰੀਲ ਪ੍ਰਧਾਨ ਹੋਵੇਗਾ। ਸਰਕਾਰ ਦੇ ਗਠਨ ਨੂੰ ਆਤਿਸ਼ਬਾਜ਼ੀਆਂ ਚਲਾ ਕੇ ਮਨਾਇਆ ਗਿਆ।


ਜਦੋਂ ਰੀਲ ਨੂੰ ਖ਼ਬਰ ਮਿਲੀ ਕਿ ਮਾਇਰ, ਸਕਾਟ ਅਤੇ ਬੋਲਟਨ ਹਥਿਆਰਬੰਦ ਦਸਤੇ ਨੂੰ ਲੈ ਕੇ ਕੈਦੀਆਂ ਨੂੰ ਛੁਡਾਉਣ ਲਈ ਆ ਰਹੇ ਹਨ ਤਾਂ ਉਸ ਨੇ ਖ਼ੂਨ-ਖਰਾਬਾ ਰੋਕਣ ਲਈ ਕੈਦੀਆਂ ਨੂੰ ਰਿਹਾਅ ਕਰ ਦਿੱਤਾ। ਇਸ ਦਾ ਪਤਾ ਲੱਗਣ ਤੇ 400 ਵਿੱਚੋਂ 50 ਬੰਦਿਆਂ ਨੂੰ ਛੱਡ ਕੇ ਬਾਕੀ ਸਾਰੇ ਮਾਇਰ ਦਾ ਸਾਥ ਛੱਡ ਗਏ। ਇਹ 50 ਆਦਮੀ ਫੋਰਟ ਗੈਰੀ ਪਹੁੰਚ ਗਏ ਜਿੱਥੇ ਮੈਟੀਆਂ ਦੀ ਵਧੇਰੇ ਤਾਦਾਦ ਵਿਚ ਘਿਰ ਗਏ ਤੇ ਹਾਰ ਕੇ ਆਤਮ ਸਮਰਪਣ ਕਰ ਦਿੱਤਾ। ਆਰਜ਼ੀ ਸਰਕਾਰ ਦੇ ਟ੍ਰੀਬਿਊਨਲ ਨੇ ਇਨ੍ਹਾਂ ਦੇ ਪੰਜ ਮੋਹਰੀ ਆਗੂਆਂ ਨੂੰ ਮੌਤ ਦੀ ਸਜ਼ਾ ਸੁਣਾਈ ਜਿੰਨ੍ਹਾਂ ਵਿਚ ਬੋਲਟਨ ਅਤੇ ਸਕਾਟ ਵੀ ਸਨ। ਫਿਰ ਵੀ ਲੂਈ ਰੀਲ ਨੇ ਫਿਰੰਗੀ ਆਬਾਦਕਾਰਾਂ ਅਤੇ ਮੂਲ ਨਿਵਾਸੀਆਂ ਦੀ ਏਕਤਾ ਕਰਨ ਖ਼ਾਤਰ ਇਨ੍ਹਾਂ ਦੀ ਮੌਤ ਦੀ ਸਜ਼ਾ ਰੱਦ ਕਰ ਦਿੱਤੀ। ਇਸਦੇ ਬਾਵਜੂਦ ਵੀ ਥਾਮਸ ਸਕਾਟ ਦਾ ਵਤੀਰਾ ਬਰਦਾਸ਼ਤ ਤੋਂ ਬਾਹਰ ਸੀ। ਠੀਕ ਹੀ ਕਹਿੰਦੇ ਨੇ ਕੁੱਤੇ ਦੀ ਪੂਛ ਸਿੱਧੀ ਨਹੀਂ ਹੁੰਦੀ। ਮਜਬੂਰ ਹੋ ਕੇ 4 ਮਾਰਚ ਨੂੰ ਥਾਮਸ ਸਕਾਟ ਨੂੰ ਗੋਲੀਆਂ ਨਾਲ ਮੌਤ ਦੇ ਘਾਟ ਉਤਾਰਨਾ ਪਿਆ। ਬੇ-ਸ਼ੱਕ ਲੂਈ ਰੀਲ ਨੂੰ ਅੱਗੇ ਜਾ ਕੇ ਇਸ ਦੀ ਭਾਰੀ ਕੀਮਤ ਤਾਰਨੀ ਪਈ। ਇਸ ਘਟਨਾ ਨੇ ਕੈਨੇਡੀਅਨ ਸਰਕਾਰ ਅਤੇ ਓਂਟਾਰੀਓ ਦੇ ਫਿਰੰਗੀਆਂ ਅੰਦਰ ਗੁੱਸੇ ਦੀ ਜਵਾਲਾ ਭੜਕਾ ਦਿੱਤੀ।

ਕੈਲਗਰੀ ਵਿੱਚ ਸਰ੍ਹੋਂ ਦੇ ਖੇਤਾਂ ਵਿੱਚ
ਕੰਮ ਕਰਨ ਵਾਲੇ ਵਰਕਰਾਂ ਦੀ ਲੋੜ ਹੈ



ਸੱਤੇ ਦਿਨ 13 ਘੰਟੇ ਕੰਮ ਹੋਵੇਗਾ।
ਤਨਖਾਹ ਘੰਟਿਆਂ ਦੇ ਹਿਸਾਬ ਨਾਲ ਕੰਮ
ਦਾ ਸੀਜ਼ਨ ਖਤਮ ਹੋਣ ਉਪਰੰਤ
ਸਟੈਂਪਾਂ ਵੀ ਮਿਲਣਗੀਆਂ।
ਰਹਿਣ ਅਤੇ ਖਾਣ ਦਾ ਪੂਰਾ ਪ੍ਰਬੰਧ ਹੈ।
ਕੈਮਲੂਪਸ ਏਰੀਆ ਵਿੱਚ ਜਿਨਸਿੰਗ
ਦਾ ਕੰਮ ਦਸੰਬਰ ਮਹੀਨੇ ਤੱਕ ਚੱਲੇਗਾ।
ਕਾਲ ਕਰੋ:
1 250 319 7263

NEW WAVE OPTICAL
#7-200-52nd Street NE Calgary, AB T2A-4K8
PH: 403-290-0307 FAX: 403-290-0306
Email: newwaveoptical@yahoo.com
All Type of Frames!
Unbeatable Price!
"Online" prices in store!
Complete Eyewear, Contact lenses and Sunglasses!
For more info call:
Sandeep Pandher
MANAGER
at 403-999-2500



## ਫਿਲਮ ਨਗਰੀ ਦੀਆਂ ਪੁਰਾਣੀਆਂ ਯਾਦਾਂ

# ਸਾਲ 1965 ਵਿੱਚ ਆਈ ਫਿਲਮ ਗਾਈਡ ਬਾਰੇ ਗੱਲ ਕਰਦਿਆਂ --



ਤਰਸੇਮ ਬਸ਼ਰ

ਜੇ ਤੁਸੀਂ ਗਾਈਡ( 1965 ) ਫਿਲਮ ਨੂੰ ਆਮ ਪ੍ਰੇਮ ਪ੍ਰਸੰਗ ਦੇ ਤੌਰ ਤੇ ਦੇਖਿਆ ਹੈ ਤਾਂ ਇਹ ਉਵੇਂ ਹੀ ਹੈ ਜਿਵੇਂ ਤੁਸੀਂ ਮੰਟੋ ਸਾਹਿਬ ਦੀ ਕਹਾਣੀ ÷ਕਾਲੀ ਸਲਵਾਰ÷ ਨੂੰ ਕਿਸੇ ਤਵਾਇਫ ਦੀ ਰੰਗੀਨ ਕਹਾਣੀ ਦੇ ਤੋਰ ਤੇ ਪੜ੍ਹਨ ਦੀ ਕੋਸ਼ਿਸ਼ ਕੀਤੀ ਹੋਵੇ ਅਤੇ ਕਹਾਣੀ ਦਾ ਮਰਮ ਨਾ ਸਮਝ ਸਕੋ।

ਗਾਈਡ ਦਾ ਮੂਲ ਮੰਤਰ ਹੀ ਪ੍ਰੇਮ ਪ੍ਰਸੰਗ ਦੀ ਕਹਾਣੀ ਤੋਂ ਬਾਅਦ ਸ਼ੁਰੂ ਹੁੰਦੀ ਕਹਾਣੀ ਵਿਚ ਦਰਜ ਹੈ ..ਇਕ ਅਧਿਆਤਮਕ ਪ੍ਰਸੰਗ ।ਆਤਮਾ ਤੋਂ ਪ੍ਰਮਾਤਮਾ ਹੋ ਜਾਣ ਦਾ ਸਫਰ, ਬੰਦੇ ਤੋਂ ਰੱਬ ਹੋ ਜਾਣ ਦੀ ਕਥਾ ।

ਇਕ ਐਸੇ ਗਾਈਡ ਦੀ ਕਹਾਣੀ ਜੋ ਇਸ਼ਕ ਵਿੱਚ ਬਰਬਾਦ ਹੋ ਕੇ ਜੇਲ੍ਹ ਹੋ ਆਇਆ ਹੈ ...ਜੋ ਨਾਚ ਦੇਖਦਾ ਹੈ ,ਸ਼ਰਾਬ ਪੀਂਦਾ ਹੈ ਅਤੇ ਚਲਾਕੀਆਂ ਕਰਦਾ ਹੈ ....ਪਰ ਹਾਲਾਤ ਉਸ ਨੂੰ ਸਾਧੂ ਬਣਾ ਦਿੰਦੇ ਹਨ ਤੇ ਫੇਰ ਲੋਕਾਂ ਦਾ ਵਿਸ਼ਵਾਸ ਉਸ ਨੂੰ ਮਹਾਂਪੁਰਸ਼ ।


ਪੂਰੀ ਫ਼ਿਲਮ ਦਾ ਸਾਰਾਂਸ਼ ਪਿਛਲੇ ਕੁਝ ਮਿੰਟਾਂ ਦੀ ਕਹਾਣੀ ਵਿਚ ਦਿਖਾਈ ਦਿੰਦਾ ਹੈ ..ਜਦੋਂ ਰਾਜੂ ਸਰੀਰ ਛੱਡਣ ਵਾਲਾ ਹੁੰਦਾ ਹੈ ਤੇ ਉਹਦਾ ਉਸ ਦਾ ਆਤਮ ਸਾਖਸ਼ਾਤਕਾਰ ਆਪਣੀ ਆਤਮਾ ਨਾਲ ਹੁੰਦਾ ਹੈ ।ਸਾਰੇ ਦੁੱਖ ਕੱਟੇ ਜਾਂਦੇ ਹਨ ਅਤੇ ਉਹ ਮੁਕਤ ਹੋ ਜਾਂਦਾ ਹੈ ।

ਕਹਾਣੀ ਵੀ ਸੰਖੇਪ ਰੂਪ ਵਿੱਚ ਦੱਸਾਂਗਾ ਪਹਿਲਾਂ ਫਿਲਮ ਦੇ ਸੰਬੰਧ ਵਿਚ ਕੁਝ ਦਿਲਚਸਪ ਤੱਥ ਸਾਡੇ ਸਾਹਮਣੇ ਰੱਖਦਾ ਹਾਂ ।ਪਹਿਲਾਂ ਤਾਂ ਇਹ ਕਿ The guide ਪਹਿਲਾਂ ਅੰਗਰੇਜ਼ੀ ਵਿੱਚ ਰਿਲੀਜ਼ ਹੋਈ ਸੀ । ਜਿਸ ਦੇ ਕਲਾਤਮਕ ਪੱਖ ਦੀ ਭਰਪੂਰ ਸ਼ਲਾਘਾ ਹੋਈ ਪਰ ਵਪਾਰਕ ਪੱਖ ਤੋਂ ਉਹ ਜ਼ਿਆਦਾ ਕਾਮਯਾਬ ਨਹੀਂ ਰਹੀ ।ਫਿਲਮ ਦੇ ਨਿਰਮਾਤਾ ਦੇਵ ਆਨੰਦ ਸਨ ਅਤੇ ਨਿਰਦੇਸ਼ਕ ਗੋਲਡੀ ਯਾਨੀ ਵਿਜੇ ਆਨੰਦ ਸਨ । ਵਿਜੇ ਆਨੰਦ ,ਦੇਵਾ ਆਨੰਦ ਦੇ ਵੱਡੇ ਭਰਾ ਸਨ ।ਦੋਵਾਂ ਭਰਾਵਾਂ ਨੂੰ ਕਹਾਣੀ ਤੇ ਬਹੁਤ ਵੱਡਾ ਯਕੀਨ ਸੀ ਫਿਰ ਉਨ੍ਹਾਂ ਨੇ ਇਸ ਨੂੰ ਹਿੰਦੀ ਵਿੱਚ ਵੀ ਬਣਾਉਣ ਦਾ ਫ਼ੈਸਲਾ ਕੀਤਾ ।

ਕਹਾਣੀ ਆਰ ਕੇ ਨਾਰਾਇਣ ਦੇ ਨਾਵਲ ਦਾ The guide ਤੋਂ ਲਈ ਗਈ ਸੀ । ਜਦੋਂ ਹਿੰਦੀ ਵਿੱਚ ਬਣੀ ਹੋਈ ਗਾਈਡ ਰਿਲੀਜ਼ ਹੋਈ ਤਾਂ ਇਸ ਨੂੰ ਹਰ ਪੱਖੋਂ ਸਫਲਤਾ ਮਿਲੀ ।ਦਾ ਟਾਈਮ ਮੈਗਜ਼ੀਨ ਨੇ ਗਾਈਡ ਨੂੰ ਭਾਰਤੀ ਸਿਨੇਮਾ ਦੀ ਚੌਥੀ ਸਭ ਤੋਂ ਵਧੀਆ ਫਿਲਮ ਦੱਸਿਆ ।ਫਿਲਮ ਦਾ ਸੰਗੀਤ ਸਚਿਨ ਦੇਵ ਬਰਮਨ ਦਾ ਸੀ ਤੇ ਸਾਰੇ ਗਾਣੇ ਸਦਾਬਹਾਰ ਗੀਤਾਂ ਦੇ ਤੌਰ ਤੇ ਅੱਜ ਵੀ ਪਸੰਦ ਕੀਤੇ ਜਾਂਦੇ ਹਨ ।

ਇੱਥੇ ਇਹ ਦੱਸਣ ਵਿੱਚ ਕੋਈ ਹਰਜ ਨਹੀਂ ਕਿ ਐਸ ਡੀ ਬਰਮਨ ਸਾਹਿਬ ਤਿ ?ਪੁਰਾ ਦੇ ਰਾਜਸੀ ਘਰਾਣੇ ਨਾਲ ਸਬੰਧਤ ਸਨ ਪਰ ਉਨ੍ਹਾਂ ਦੀ ਰੁਚੀ ਰਾਜਸੀ ਕੰਮਾਂ ਤੋਂ ਅਲਹਿਦਾ ਸੰਗੀਤ ਵਿੱਚ ਵੱਧ ਸੀ । ਕਿਹਾ ਜਾਂਦਾ ਹੈ ਕਿ ਜੇ ਉਹ ਕਲਕੱਤਾ ਰਹਿ ਕੇ ਆਪਣੀ ਰਾਜਸੀ ਵਸੀਅਤ ਵਾਸਤੇ ਲੜਦੇ ਤਾਂ ਜ਼ਰੂਰ ਸਫ਼ਲ ਹੋ ਜਾਂਦੇ ਪਰ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ ।ਗਾਈਡ ਵੀ ਉਨ੍ਹਾਂ ਦੀਆਂ ਬਿਹਤਰੀਨ ਫ਼ਿਲਮਾਂ ਵਿਚੋਂ ਇਕ ਹੈ ।

ਫਿਲਮ ਵਿਚ ਰਾਜੂ ਗਾਈਡ ਦੀ ਮਾਂ ਦੀ ਭੂਮਿਕਾ ਸਵਰਗੀ ਅਦਾਕਾਰਾ ਲੀਲਾ ਚਿਟਨਿਸ ਦੁਆਰਾ ਨਿਭਾਈ ਗਈ ਸੀ ।ਜੇ ਤੁਸੀਂ ਨਿਰੂਪਾ ਰਾਏ ਨੂੰ ਹੀ ਬੌਲੀਵੁੱਡ ਵਿੱਚ ਸਭ ਤੋਂ ਆਦਰਸ਼ ਮਾਂ ਦੀ ਭੂਮਿਕਾ ਵਜੋਂ ਜਾਣਦੇ ਹੋ ਤਾਂ ਲੀਲਾ ਲੀਲਾ ਚਿਟਨਿਸ ਦੁਆਰਾ ਇਸ ਫ਼ਿਲਮ ਵਿੱਚ ਰਾਜੂ ਦੀ ਮਾਂ ਦੀ ਭੂਮਿਕਾ ਨੂੰ ਦੇਖ ਕੇ ਇਹ ਧਾਰਨਾ ਬਦਲ ਲਓਗੇ ।




ਰਾਜੂ (ਦੇਵਾ ਆਨੰਦ ) ਰਾਜਸਥਾਨ ਦੇ ਇੱਕ ਇਤਿਹਾਸਕ ਸ਼ਹਿਰ ਵਿੱਚ ਆਪਣੀ ਬੁੱਢੀ ਮਾਂ ਨਾਲ ਰਹਿੰਦਾ ਹੈ ...ਸ਼ਹਿਰ ਦੇ ਸਾਰੇ ਗਾਈਡਾਂ ਵਿੱਚੋਂ ਉਹ ਸਭ ਤੋਂ ਤੇਜ਼ ਤਰੀਨ ਗਾਈਡ ਹੈ ।ਇੱਕ ਦਿਨ ਉਸ ਸ਼ਹਿਰ ਵਿੱਚ ਮਾਰਕੋ (ਅਦਾਕਾਰ ਕਿਸ਼ੋਰ ਸਾਹੂ )ਨਾਂ ਦਾ ਇਕ ਖੋਜੀ ਇਤਿਹਾਸਕਾਰ ਆਉਂਦਾ ਹੈ ।ਉਸ ਦੇ ਨਾਲ ਉਸ ਦੀ ਪਤਨੀ ਰੋਜ਼ੀ (ਵਹੀਦਾ ਰਹਿਮਾਨ ) ਵੀ ਹੈ । ਮਾਰਕੋ ਸ਼ਹਿਰ ਦੇ ਨਾਲ ਲੱਗਦੇ ਪਹਾੜਾਂ ਵਿੱਚ ਪਾਈਆਂ ਜਾਂਦੀਆਂ ਗੁਫ਼ਾਵਾਂ ਦਾ ਅਧਿਐਨ ਕਰਨਾ ਚਾਹੁੰਦਾ ਹੈ ਤੇ ਉਸ ਨੇ ਉੱਥੇ ਕੁਝ ਦਿਨ ਰੁਕਣਾ ਹੁੰਦਾ ਹੈ ।ਮਾਰਕੋ ਆਪਣੇ ਕੰਮ ਪ੍ਰਤੀ ਜਨੂੰਨ ਰੱਖਦਾ ਹੈ ਅਤੇ ਉਸ ਨੂੰ ਪਤਨੀ ਦਾ ਬਿਲਕੁਲ ਖਿਆਲ ਨਹੀਂ ਹੈ ।ਰੋਜ਼ੀ ਰੂਹ ਤੋਂ ਕਲਾਕਾਰ ਹੈ ,ਨਾਚ ਉਸਦੀ ਕਮਜ਼ੋਰੀ ਹੈ ਉਹ ਉਸ ਵਿੱਚ ਪਾਰੰਗਤ ਵੀ ਹੈ ।ਮਾਰਕੋ ,ਰਾਜੂ ਨੂੰ ਤੇਜ਼ ਤਰਾਰ ਗਾਈਡ ਸਮਝਦਿਆਂ ਆਪਣੇ ਨਾਲ ਰੱਖ ਲੈਂਦਾ ਹੈ ।

ਸਵੇਰ ਸ਼ਾਮ ਰੋਜ਼ੀ ਅਤੇ ਮਾਰਕੋ ਦੇ ਨਾਲ ਰਹਿਣ ਕਰਕੇ ਰਾਜੂ ਜਲਦੀ ਹੀ ਸਮਝ ਜਾਂਦਾ ਹੈ ਕਿ ਉਨ੍ਹਾਂ ਦੀਆਂ ਨਾ ਤਾਂ ਰੁਚੀਆਂ ਮਿਲਦੀਆਂ ਹਨ, ਨਾ ਆਦਤਾਂ ਤੇ ਨਾ ਹੀ ਦਿਲ ।ਰੋਜ਼ੀ ਅਤੇ ਮਾਰਕੋ ਦੇ ਝਗੜੇ ਹਰ ਰੋਜ਼ ਵਧ ਜਾਂਦੇ ਹਨ ਤੇ ਇੱਕ ਦਿਨ ਰੋਜ਼ੀ ਆਤਮਹੱਤਿਆ ਦੀ ਕੋਸ਼ਿਸ਼ ਕਰਦੀ ਹੈ ਤਾਂ ਰਾਜੂ ਉਸ ਨੂੰ ਆਪਣੇ ਘਰ ਲੈ ਆਉਂਦਾ ਹੈ ।

ਇਸ ਮੋੜ ਤੇ ਆ ਕੇ ਰਾਜੂ ਦੀ ਦੁਸ਼ਮਣੀ ਜਿੱਥੇ ਮਾਰਕੋ ਨਾਲ ਪੈ ਜਾਂਦੀ ਹੈ ਉੱਥੇ ਸੀ ਘਰਦਿਆਂ ਨਾਲ ਅਤੇ ਮੁਹੱਲੇ ਵਾਲਿਆਂ ਨਾਲ ਵੀ ਹੋ ਜਾਂਦੀ ਹੈ ।ਰਾਜੂ ਦਾ ਮਾਮਾ ਮੁਹੱਲੇ ਵਾਲਿਆਂ ਨਾਲ ਰਲ ਕੇ ਰੋਜ਼ੀ ਦੇ ਉਨ੍ਹਾਂ ਦੇ ਘਰ ਵਿੱਚ ਰਹਿਣ ਤੇ ਇਤਰਾਜ਼ ਉਠਾਉਂਦਾ ਹੈ ਤੇ ਹਾਲਾਤ ਬਣ ਜਾਂਦੇ ਹਨ ਕਿ ਦੋਵਾਂ ਨੂੰ ਘਰ ਛੱਡਣਾ ਪੈ ਜਾਂਦਾ ਹੈ ।

ਰੋਜ਼ੀ ਨੂੰ ਆਪਣੇ ਨੱਚਣ ਕਲਾ ਨਾਲ ਮੁਹੱਬਤ ਹੈ ,ਰਾਜੂ ਉਸ ਦੀ ਕਲਾ ਨੂੰ ਨਿਰਖ ਲੈਂਦਾ ਹੈ ਤੇ ਉਸ ਦੀ ਕਲਾ ਨੂੰ ਉਭਾਰਨ ਲਈ ਆਪਣੀ ਜ਼ਿੰਦਗੀ ਲਾ ਦਿੰਦਾ ਹੈ ।ਉਹ ਰੋਜ਼ੀ ਨੂੰ ਮਸ਼ਹੂਰ ਨਰਤਕੀ ਬਣਾਉਣ ਲਈ ਹਰ ਯਤਨ ਕਰਦਾ ਹੈ ।

ਜਲਦੀ ਹੀ ਰੋਜ਼ੀ ਮਸ਼ਹੂਰ ਨਰਤਕੀ ਬਣ ਵੀ ਜਾਂਦੀ ਹੈ.. ਜਿਸ ਕੋਲ ਬਾਅਦ ਵਿਚ ਰਾਜੂ ਵਾਸਤੇ ਵੀ ਸਮਾਂ ਨਹੀਂ ਹੁੰਦਾ ।ਦੌਲਤ ਆਉਣੀ ਸ਼ੁਰੂ ਹੋ ਜਾਂਦੀ ਹੈ ..ਰੋਜ਼ੀ ਸ਼ੋਹਰਤ ਦੇ ਨਸ਼ੇ ਵਿਚ ਮਗ਼ਰੂਰ ਹੋ ਜਾਂਦੀ ਹੈ ਤਾਂ ਰਾਜੂ ਉਸ ਮਾਹੌਲ ਵਿਚ ਆਪਣੇ ਆਪ ਨੂੰ ਇਕੱਲਿਆਂ ਪਾਉਂਦਾ ਹੈ । ਰੋਜ਼ੀ ਦੇ ਨਾਮਵਰ ਨਰਤਕੀ ਹੋਣ ਤੋਂ ਬਾਅਦ ਮਾਰਕੋ ਉਨ੍ਹਾਂ ਦੀ ਜ਼ਿੰਦਗੀ ਵਿੱਚ ਫਿਰ ਆ ਜਾਂਦਾ ਹੈ ।ਉਹ ਕੁਝ ਅਜਿਹੇ ਹਾਲਾਤ ਪੈਦਾ ਕਰਦਾ ਹੈ ਕਿ ਰਾਜੂ ਤੇ ਠੱਗੀ ਅਤੇ ਚੋਰੀ ਦਾ ਇਲਜ਼ਾਮ ਲਾ ਕੇ ਉਸ ਨੂੰ ਜੇਲ੍ਹ ਭੇਜ ਦਿੱਤਾ ਜਾਂਦਾ ਸੀ ।ਇਸ ਸਾਰੇ ਕੁਝ ਵਿਚ ਰੋਜ਼ੀ ਦੀ ਹਮਾਇਤ ਵੀ ਉਸ ਨੂੰ ਹਾਸਲ ਨਹੀਂ ਹੁੰਦੀ ।

ਮੁਹੱਬਤ ਵਿੱਚ ਰਾਜੂ ਬਰਬਾਦ ਵੀ ਹੋ ਜਾਂਦਾ ਹੈ ,ਬਦਨਾਮ ਵੀ ਹੋ ਜਾਂਦਾ ਹੈ ਅਤੇ ਮਾਨਸਿਕ ਟੁੱਟ ਭੱਜ ਕਾਰਨ ਉਸ ਦਾ ਦੁਨੀਆਂ ਤੋਂ ਵਿਸ਼ਵਾਸ ਉੱਠ ਜਾਂਦਾ ਹੈ ।

ਉਹ ਜੇਲ੍ਹ ਤੋਂ ਰਿਹਾਅ ਹੁੰਦਾ ਹੈ ਤਾਂ ਉਸ ਦੇ ਸਾਹਮਣੇ ਦੋ ਰਸਤੇ ਹੁੰਦੇ ਹਨ।ਇੱਕ ਨੂੰ ਘਰ ਘਰ ਨੂੰ ਜਾਣ ਵਾਲਾ ,ਦੂਜਾ ਦੁਨੀਆਂ ਤੋਂ ਭੱਜ ਜਾਣ ਦਾ । ਉਹ ਘਰ ਜਾਣ ਦੀ ਬਜਾਏ ਕਿਸੇ ਅਣਮਿੱਥੇ ਰਾਹ ਵੱਲ ਤੁਰ ਪੈਂਦਾ ਹੈ ।ਇੱਕ ਵਾਰ ਉਹ ਸਾਧੂਆਂ ਦੇ ਝੁੰਡ ਵਿੱਚ ਰਲ ਜਾਂਦਾ ਹੈ ਤੇ ਉਹ ਸਾਧੂਆਂ ਦਾ ਝੁੰਡ ਇਕ ਪਿੰਡ ਵਿਚ ਰਾਤ ਠਹਿਰਦਾ ਹੈ ।ਸਾਧੂਆਂ ਦਾ ਝੁੰਡ ਪਿੰਡ ਦੇ ਬਾਹਰਵਾਰ ਵੀਰਾਨ ਪਏ ਮੰਦਰ ਵਿੱਚ ਠਹਿਰਦਾ ਹੈ ਅਤੇ ਸਵੇਰੇ ਸਵੇਰੇ ਅੱਗੇ ਨੂੰ ਤੁਰ ਪੈਂਦਾ ਹੈ ।ਰਾਜੂ ਉਸ ਸਵੇਰ ਜਲਦੀ ਨਹੀਂ ਉਠਦਾ ਤਾਂ ਇਕ ਸਾਧੂ ਆਪਣੀ ਨਿਰਵਾਣ ਵਾਲੀ ਕੰਬਲੀ ਉਸ ਤੇ ਪਾ ਕੇ ਅਗਲੇ ਰਾਹ ਨੂੰ ਤੁਰ ਪੈਂਦਾ ਹੈ ।

ਸਵੇਰੇ ਪਿੰਡ ਦਾ ਇਕ ਬਾਸ਼ਿੰਦਾ ਭੋਲਾ ਜਦੋਂ ਉਸ ਮੰਦਰ ਵੱਲ ਆਉਂਦਾ ਹੈ ਤਾਂ ਕਿਸੇ ਸਾਧੂ ਨੂੰ ਉੱਥੇ ਪਿਆ ਵੇਖ ਕੇ ਹੈਰਾਨ ਹੋ ਜਾਂਦਾ ਹੈ । ਇਹ ਰਾਜੂ ਹੈ । ਉਹ ਰਾਜੂ ਨੂੰ ਸਾਧੂ ਮਹਾਤਮਾ ਸਮਝ ਕੇ ਸੇਵਾ ਕਰਨ ਦੀ ਇੱਛਾ ਪ੍ਰਗਟ ਕਰਦਾ ਹੈ ।ਰਾਜੂ ਜਿਸ ਨੂੰ ਭੁੱਖ ਲੱਗੀ ਹੈ ,ਜਿਸ ਦੀਆਂ ਜ਼ਰੂਰਤਾਂ ਹਨ ਉਸ ਕੋਲ ਆਪਣੇ ਸਾਧੂ ਹੋਣ ਦੀ ਗੱਲ ਕਰਦਾ ਹੈ ਤਾਂ ਭੋਲਾ ਆਪਣੀਆਂ ਪ੍ਰੇਸ਼ਾਨੀਆਂ ਉਸ ਨੂੰ ਦੱਸਣੀਆਂ ਸ਼ੁਰੂ ਕਰ ਦਿੰਦਾ ਹੈ ।

ਭੋਲਾ ਦੱਸਦਾ ਹੈ ਕਿ ਮਹਾਰਾਜ ਮੇਰੀ ਮਤਰੇਈ ਭੈਣ ਮੇਰੇ ਕਹਿਣ ਤੇ ਸ਼ਾਦੀ ਨਹੀਂ ਕਰਦੀ, ਤੁਸੀਂ ਹੀ ਉਸ ਨੂੰ ਕੁਝ ਸਮਝਾਓ । ਭੋਲਾ ਪਿੰਡੋਂ ਜਾ ਕੇ ਜਿੱਥੇ ਨਾਸ਼ਤਾ ਲੈ ਕੇ ਆਉਂਦਾ ਹੈ ਉੱਥੇ ਹੀ ਆਪਣੀ ਮਤਰੇਈ ਭੈਣ ਨੂੰ ਨਾਲ ਲੈ ਆਉਂਦਾ ਹੈ ।ਰਾਜੂ ਆਪਣੀ ਤੀਖਣ ਬੁੱਧੀ ਨਾਲ ਸਮਝ ਜਾਂਦਾ ਹੈ ਕਿ ਉਹ ਆਪਣੇ ਮਤਰੇਏ ਭਰਾ ਤੇ ਵਿਸ਼ਵਾਸ ਨਹੀਂ ਕਰਦੀ ਤੇ ਉਸ ਨੂੰ ਸਮਝਾਉਂਦਾ ਹੈ ਕਿ ਉਸ ਦਾ ਮਤਰੇਆ ਭਰਾ ਉਸ ਦਾ ਬੁਰਾ ਨਹੀਂ ਕਰ ਸਕਦਾ ਉਹ ਵਿਸਵਾਸ ਕਰਕੇ ਉਸੇ ਥਾਂ ਸ਼ਾਦੀ ਕਰ ਲਵੇ ਜਿਥੇ ਭੋਲਾ ਚਾਹੁੰਦਾ ਹੈ.. ਉਹ ਇਕ ਨੇਕ ਬੰਦਾ ਹੈ ।

ਭੋਲੇ ਦਾ ਮਸਲਾ ਹੱਲ ਹੋ ਜਾਂਦਾ ਹੈ ਤਾਂ ਉਹ ਪਿੰਡ ਜਾ ਕੇ ਰੌਲਾ ਪਾ ਦਿੰਦਾ ਹੈ ਕਿ ਬਹੁਤ ਪਹੁੰਚੇ ਹੋਏ ਸਾਧੂ ਮੰਦਿਰ ਵਿੱਚ ਬਿਰਾਜੇ ਹਨ । ਜਲਦੀ ਹੀ ਪਿੰਡ ਵਾਲੇ ਰਾਜੂ ਨੂੰ ਮਹਾਤਮਾ ਦੇ ਤੌਰ ਤੇ ਮੰਨ ਕੇ ਉਸ ਦੀ ਸੇਵਾ ਕਰਦੇ ਹਨ ।ਆਪਣੀਆਂ ਮੁਸ਼ਕਲਾਂ ਦਾ ਹੱਲ ਪੁੱਛਦੇ ਹਨ । ਰਾਜੂ ,ਜੋ ਕਿ ਸਾਧੂ ਨਹੀਂ ਹੈ ਜਿਸ ਨੂੰ ਸਿਰ ਢਕਣ ਵਾਸਤੇ ਛੱਤ ਚਾਹੀਦੀ ਹੈ ,ਝੂਠ ਮੂਠ ਵਿਚ ਉਨ੍ਹਾਂ ਦੀਆਂ ਮੁਸ਼ਕਲਾਂ ਹੱਲ ਕਰਨ ਦਾ ਯਤਨ ਕਰਦਾ ਰਹਿੰਦਾ ਹੈ । ਉਹ ਚਲਾਕੀ ਨਾਲ ਪਿੰਡ ਵਾਲਿਆਂ ਤੇ ਇਹ ਪ੍ਰਭਾਵ ਪਾ ਲੈਂਦਾ ਹੈ ਕਿ ਉਹ ਪਹੁੰਚ ਹੋਇਆ ਸਾਧੂ ਹੈ । ਪਿੰਡ ਵਿੱਚ ਮੌਜੂਦ ਪੰਡਤ ਉਸ ਦੀ ਵਿਰੋਧਤਾ ਕਰਦੇ ਹਨ ਪਰ ਪਿੰਡ ਵਾਲਿਆਂ ਦਾ ਉਸ ਤੇ ਇੰਨਾ ਵਿਸ਼ਵਾਸ ਹੁੰਦਾ ਹੈ ਕਿ ਸਾਰੀਆਂ ਸਾਜ਼ਿਸ਼ਾਂ ਨਾਕਾਮ ਹੋ ਜਾਂਦੀਆਂ ਹਨ ।

ਆਪਣੇ ਪ੍ਰਤੀ ਅੰਨ੍ਹੀ ਸ਼ਰਧਾ ਅਤੇ ਵਿਸ਼ਵਾਸ ਦੇਖ ਕੇ ਰਾਜੂ ਡਰ ਜਾਂਦਾ ◆ ਉਹ ਆਪਣਾ ਸੱਚ ਜਾਣਦਾ ਹੁੰਦਾ ਹੈ ।ਇੱਥੋਂ ਤੱਕ ਕੇ ਉਹ ਪਿੰਡੋਂ ਭੱਜਣ ਦਾ ਯਤਨ ਵੀ ਕਰਦਾ ਹੈ ਪਰ ਪੰਡਤ ਉਸ ਨੂੰ ਸਫ਼ਲ ਨਹੀਂ ਹੋਣ ਦਿੰਦੇ ।

ਰਾਜੂ ਦੀ ਹੁਣ ਦਿੱਕਤ ਇਹ ਹੈ ਕਿ ਪਿੰਡ ਦੇ ਤੇ ਆਸੇ ਪਾਸੇ ਦੇ ਲੋਕ ਉਸ ਨੂੰ ਪਹੁੰਚਿਆ ਹੋਇਆ ਮਹਾਤਮਾ ਮੰਨਦੇ ਹਨ ਜੋ ਹਰ ਮੁਸ਼ਕਲ ਦਾ ਹੱਲ ਕਰ ਸਕਦਾ ਹੈ । ਇਲਾਕੇ ਵਿਚ ਪਿਛਲੇ ਕੁਝ ਸਾਲਾਂ ਤੋਂ ਮੀਂਹ ਨਹੀਂ ਪਿਆ ਤਾਂ ਇਲਾਕਾ ਬਰਬਾਦੀ ਦੇ ਕੰਢੇ ਤੇ ਪਹੁੰਚ ਚੁੱਕਿਆ ਹੁੰਦਾ ਹੈ ।ਲੋਕ ਭੁੱਖੇ ਮਰ ਰਹੇ ਹੁੰਦੇ ਹਾਂ ਤਾਂ ਪਿੰਡ ਦੇ ਮੋਹਤਬਰ ਬੰਦੇ ਰਾਜੂ ਕੋਲ ਇਲਤਜਾ ਕਰਦੇ ਹਨ ਕਿ ਉਹਪਹੁੰਚੇ ਹੋਏ ਮਹਾਤਮਾ ਹਨ ਉਹ ਉਨ੍ਹਾਂ ਲਈ ਵਰਤ ਰੱਖਣ ਤਾਂ ਪ੍ਰਮਾਤਮਾ ਜ਼ਰੂਰ ਉਨ੍ਹਾਂ ਦੀ ਸੁਣੇਗਾ ਤੇ ਮੀਂਹ ਪੈ ਜਾਵੇਗਾ ।ਰਾਜੂ ਗਾਈਡ ਉਨ੍ਹਾਂ ਨੂੰ ਬਹੁਤ ਸਮਝਾਉਂਦਾ ਹੈ ਕਿ ਉਹ ਬਹੁਤ ਸਾਧਾਰਨ ਮਨੁੱਖ ਹੈ ਇੱਥੋਂ ਤਕ ਕਿ ਉਹ ਤਾਂ ਜੇਲ੍ਹ ਤੱਕ ਹੋ ਆਇਆ ਮੁਜਰਮ ਹੈ ਪਰ ਪਿੰਡ ਵਾਲੇ ਉਸ ਦੀ ਇਸ ਗੱਲ ਤੇ ਵਿਸ਼ਵਾਸ ਨਹੀਂ ਕਰਦੇ। ਰਾਜੂ ਜਾਣਦਾ ਹੈ ਕਿ ਉਹ ਸਾਧਾਰਨ ਬੰਦਾ ਹੈ ਉਸ ਦੇ ਵਰਤ ਰੱਖਣ ਨਾਲ ਉਨ੍ਹਾਂ ਦੀ ਮੁਸ਼ਕਲ ਹੱਲ ਨਹੀਂ ਹੋਣੀ ਪਰ ਪਿੰਡ ਵਾਲਿਆਂ ਦੇ ਇਸਰਾਰ ਕਰਨ ਤੇ ਉਹ ਵਰਤ ਰੱਖ ਲੈਂਦਾ ਹੈ ।

ਵਰਤ ਰੱਖਣ ਦੌਰਾਨ ਉਹ ਕਈ ਵਾਰ ਚੋਰੀ ਛੁਪੇ ਕੁਝ ਖਾਣ ਦੀ ਸੋਚਦਾ ਹੈ ,ਫਿਰ ਭੱਜ ਜਾਣ ਦੀ ਵੀ ਪਰ ਉਸ ਦੀ ਅੰਤਰ ਆਤਮਾ ਉਸ ਨੂੰ ਰੋਕ ਦਿੰਦੀ ਹੈ ।ਉਹ ਲੋਕਾਂ ਦਾ ਵਿਸ਼ਵਾਸ ਤੋੜ ਕੇ ਉਥੋਂ ਨਹੀਂ ਜਾਣਾ ਚਾਹੁੰਦਾ । ਵਰਤ ਦੇ ਕਈ ਦਿਨ ਬੀਤ ਜਾਣ ਤੇ ਉਸ ਦੀ ਚਰਚਾ ਦੂਰ ਦੂਰ ਤੱਕ ਹੋਣ ਲੱਗਦੀ ਹੈ ।ਮੰਦਰ ਤੇ ਸਾਰੇ ਪਾਸਿਓਂ ਲੋਕ ਆਉਣ ਲੱਗਦੇ ਹਨ ਉਹ ਰਾਜੂ ਦੇ ਦਰਸ਼ਨ ਕਰਨਾ ਚਾਹੁੰਦੇ ਹਨ ।

ਇੱਥੇ ਉਦੋਂ ਬੜਾ ਭਾਵੁਕ ਦ੍ਰਿਸ਼ ਉਤਪੰਨ ਹੁੰਦਾ ਹੈ ਜਦੋਂ ਰੋਜ਼ੀ ਵੀ ਉਸ ਮਹਾਤਮਾ ਕੋਲ ਆਪਣੀ ਭਟਕਣਾ ਲਈ ਆਉਂਦੀ ਹੈ ਤਾਂ ਰਾਜੂ ਨੂੰ ਹੀ ਮਹਾਤਮਾ ਦੇ ਰੂਪ ਵਿੱਚ ਨੂੰ ਦੇਖ ਕੇ ਹੈਰਾਨ ਹੋ ਜਾਂਦੀ ਹੈ ।ਇੱਥੋਂ ਤਕ ਕੇ ਰਾਜੂ ਦੀ ਬਿਰਧ ਮਾਤਾ ਵੀ ਮਹਾਤਮਾ ਕੋਲ ਆਪਣੇ ਬੇਟੇ ਦੀ ਤੰਦਰੁਸਤੀ ਲਈ ਅਸ਼ੀਰਵਾਦ ਲੈਣ ਆਉਂਦੀ ਹੈ ਤਾਂ ਸਾਹਮਣੇ ਆਪਣੇ ਬੇਟੇ ਨੂੰ ਮਹਾਤਮਾ ਦੇ ਰੂਪ ਵਿੱਚ ਦੇਖ ਕੇ ਦੁਖੀ ਹੋ ਜਾਂਦੀ ਹੈ ਕਿਉਂਕਿ ਰਾਜੂ ਦੀ ਤਬੀਅਤ ਹੁਣ ਬਹੁਤ ਖ਼ਰਾਬ ਹੋ ਚੁੱਕੀ ਹੁੰਦੀ ਹੈ।

ਸਾਰੇ ਚਿੰਤਤ ਹਨ ਕਿ ਬਾਰਿਸ਼ ਦਾ ਨੇਡ ?ਤੇਡ ?ਵੀ ਆਸਾਰ ਨਹੀਂ ਤੇ ਮਹਾਤਮਾ ਜੀ ਦੀ ਤਬੀਅਤ ਬਹੁਤ ਖ਼ਰਾਬ ਹੋ ਚੁੱਕੀ ਹੁੰਦੀ ਹੈ । ਇੱਥੇ ਹੀ ਕੁਝ ਦ੍ਰਿਸ਼ ਦਿਖਦੇ ਹਨ ਜਿਸ ਨੇ ਇਸ ਫਿਲਮ ਨੂੰ ਮਹਾਨਤਾ ਦਾ ਦਰਜਾ ਦਿੱਤਾ ਹੈ । ਇੱਥੇ ਰਾਜੂ ਦੀ ਆਪਣੀ ਆਤਮਾ ਨਾਲ ਗੱਲ ਹੁੰਦੀ ਹੈ ।ਉਸ ਦੇ ਸਾਰੇ ਸੰਸੇ ਮੁੱਕ ਜਾਂਦੇ ਹਨ ..ਉਹ ਮੁਕਤ ਹੋ ਜਾਂਦਾ ਹੈ ਮੌਤ ਦਾ ਭੈਅ ਖ਼ਤਮ ਹੋ ਜਾਂਦਾ ਹੈ ।

ਅਖ਼ੀਰ ਰਾਜੂ ਪੂਰਾ ਹੋ ਜਾਂਦਾ ਹੈ ਤੇ ਉਸੇ ਹੀ ਪਲ ਘਟਾਵਾਂ ਛਾ ਜਾਂਦੀਆਂ ਹਨ ਜ਼ੋਰਦਾਰ ਬਾਰਸ਼ ਸ਼ੁਰੂ ਹੋ ਜਾਂਦੀ ਹੈ ।

ਗਾਈਡ ਆਪਣੇ ਆਪ ਵਿੱਚ ਇੱਕ ਵੱਡਾ ਸੁਨੇਹਾ ਸੀ ਮਨੁੱਖਤਾ ਤੇ ਵਿਸਵਾਸ ਦਾ ਸੁਨੇਹਾ । ਤੇ ਰਾਜੂ ਦੀ ਮੌਤ ਤੇ ਮੀਂਹ ਪੈਣ ਪੈਣਾ ਇਸ ਗੱਲ ਦਾ ਸੂਚਕ ਸੀ ਕਿ ਕੁਦਰਤ ਅਤੇ ਪ੍ਰਮਾਤਮਾ ਵੀ ਮਨੁੱਖਤਾ ਦੇ ਹਾਮੀ ਹਨ ।

## ਫਿਲਮੀ ਦੁਨੀਆਂ ਦੀਆਂ ਗੱਲਾਂ

# ‘ਮਾਹੀ ਮੇਰਾ ਨਿੱਕਾ ਜਿਹਾ’ ਦੀ ਸ਼ੂਟਿੰਗ



ਸੁਰਜੀਤ ਜੱਸਲ
9814607737



ਲਾਕਡਾਊਨ ਦੇ ਬੰਧਨਾਂ ਤੋਂ ਮੁਕਤ ਹੋਇਆ ਪੰਜਾਬੀ ਸਿਨਮਾ ਹੁਣ ਚੰਗੀ ਰਫਤਾਰ ਫੜਦਾ ਨਜਰ ਆ ਰਿਹਾ ਹੈ। ਜਿੱਥੇ ਚਿਰਾਂ ਤੋਂ ਤਿਆਰ ਪਈਆਂ ਫਿਲਮਾਂ ਰਿਲੀਜ ਹੋ ਰਹੀਆਂ ਹਨ ਉੱਥੇ ਅਨੇਕਾਂ ਨਵੀਆਂ ਫ਼ਿਲਮਾਂ ਦੀ ਸੂਟਿੰਗ ਵੀ ਜੋਰਾਂ ਸੋਰਾਂ –ਤੇ ਚੱਲ ਰਹੀ ਹੈ। ‘ਲਾਵਾਂ ਫੇਰੇ, ਮਿੰਦੋ ਤਸੀਲਦਾਰਨੀ, ਕੁੜੀਆਂ ਜਵਾਨ-ਬਾਪੂ ਪ੍ਰੇਸ਼ਾਨ, ਤੇ ਹੇਟਰਜ਼ ਨਾਂ ਦੀਆਂ ਫ਼ਿਲਮਾਂ ਬਣਾਉਣ ਵਾਲੇ ‘ਰੰਜੀਵ ਸਿੰਗਲਾ’ ਪ੍ਰੋਡਕਸ਼ਨ ਦੇ ਬੈਨਰ ਵਲੋਂ ਇੰਨੀ ਦਿਨੀਂ ਆਪਣੀ ਨਵੀਂ ਫ਼ਿਲਮ “ਮਾਹੀ ਮੇਰਾ ਨਿੱਕਾ ਜਿਹਾ” ਦਾ ਨਿਰਮਾਣ ਆਰੰਭਿਆ ਹੈ। ਨਿਰਮਾਤਾ ‘ਰੰਜੀਵ ਸਿੰਗਲਾ’ ਦੀ ਇਹ ਫ਼ਿਲਮ ਸਮਾਜ ਨਾਲ ਜੁੜੇ ਬਹੁਤ ਹੀ ਦਿਲਚਸਪ ਵਿਸ਼ੇ ਦੀ ਕਹਾਣੀ ਹੈ, ਜੋ ਦਰਸ਼ਕਾਂ ਨੂੰ ਮਨੋਰੰਜਨ ਦੇ ਨਾਲ-ਨਾਲ ਸਮਾਜਿਕ ਚੇਤਨਾ ਤੇ ਮਨੁੱਖੀ ਫਰਜਾਂ ਪ੍ਰਤੀ ਜਾਗਰੂਕ ਵੀ ਕਰੇਗੀ। ਇਸ ਫ਼ਿਲਮ ਦਾ ਨਿਰਦੇਸ਼ਨ ‘ਸਤਿੰਦਰ ਦੇਵ’ ਨੇ ਕੀਤਾ ਹੈ। ਫ਼ਿਲਮ ’ਚ ਪੁਖਰਾਜ ਭੱਲਾ, ਹਸ਼ਨੀਨ ਚੌਹਾਨ, ਜਸਵਿੰਦਰ ਭੱਲਾ, ਸੀਮਾ ਕੌਸ਼ਲ, ਸੁੱਖੀ ਚਹਿਲ, ਅਨੀਤਾ ਦੇਵਗਨ, ਏਕਤਾ ਖੇੜਾ, ਹਨੀ ਮੱਟੂ, ਅਸ਼ੋਕ ਪਾਠਕ, ਤੇ ਕਰਨਵੀਰ ਦਿਓਲ, ਅਹਿਮ ਕਿਰਦਾਰ ਨਿਭਾਅ ਰਹੇ ਹਨ। ਫ਼ਿਲਮ ਦੀ ਕਹਾਣੀ ‘ਜਗਦੇਵ ਸੇਖੋਂ’ ਨੇ ਲਿਖੀ ਹੈ। ਸਕਰੀਨਪਲੇਅ ਅਮਨ ਸਿੱਧੂ ਤੇ ਸੰਵਾਦ ਭਿੰਦੀ ਤੋਲਾਵਾਲ ਤੇ ਅਮਨ ਸਿੱਧੂ ਨੇ ਲਿਖੇ ਹਨ।

ਫ਼ਿਲਮ ਸਬੰਧੀ ਜਾਣਕਾਰੀ ਦਿੰਦਿਆਂ ‘ਰੰਜੀਵ ਸਿੰਗਲਾ’ ਨੇ ਕਿਹਾ ਕਿ “ਮਾਹੀ ਮੇਰਾ ਨਿੱਕਾ ਜਿਹਾ” ਫ਼ਿਲਮ ਦੀ ਕਹਾਣੀ ਇਕ ਮਧਰੇ ਕੱਦ ਦੇ ਵਿਅਕਤੀ ਦੇ ਜੀਵਨ ਅਧਾਰਤ ਹੈ, ਜੋ ਦਰਸ਼ਕਾਂ ਦਾ ਇਕ ਨਵੇਂ ਤਰੀਕੇ ਤੇ ਮਨੋਰੰਜਨ ਕਰੇਗੀ। ਇਸ ਫ਼ਿਲਮ ਦਾ ਗੀਤ ਸੰਗੀਤ ਵੀ ਬਹੁਤ ਲਾਜਵਾਬ ਬਣਿਆ ਹੈ। ਫ਼ਿਲਮ ਦੀ ਸੂਟਿੰਗ ਦਾ ਪਹਿਲਾ ਸੈਡਿਊਲ ਮੁਕੰਮਲ ਕਰ ਲਿਆ ਹੈ, ਜਲਦ ਹੀ ਇਸਦੇ ਤਕਨੀਕੀ ਕੰਮ ਵੀ ਸ਼ੁਰੂ ਹੋਣ ਜਾ ਰਹੇ ਹਨ।

ਇਸ ਮੌਕੇ ਰੰਜੀਵ ਸਿੰਗਲਾ ਨੇ ਦੱਸਿਆ ਕਿ ਇਸੇ ਸਾਲ ਦੇ ਸ਼ੁਰੂ ਵਿੱਚ ਉਨਾਂ ਦੀ ਫ਼ਿਲਮ ‘ਕੁੜੀਆਂ ਜਵਾਨ-ਬਾਪੂ ਪ੍ਰੇਸ਼ਾਨ’ ਰਿਲੀਜ਼ ਹੋਈ ਹੈ, ਤੇ ਹੁਣ ੧੨ ਨਵੰਬਰ ਨੂੰ ਇੱਕ ਹੋਰ ਫ਼ਿਲਮ ‘ਹੇਟਰਜ਼’ ਵੀ ਰਿਲੀਜ਼ ਹੋਣ ਜਾ ਰਹੀ ਹੈ।ਆਸ ਹੈ ਕਿ ਦਰਸ਼ਕ ਪਹਿਲੀਆਂ ਫਿਲਮਾਂ ਵਾਂਗ ‘ਹੇਟਰਜ਼’ ਨੂੰ ਵੀ ਪਿਆਰ ਦੇਣਗੇ।

**ਨੌਜਵਾਨ ਦਿਲਾਂ ਦੀਆਂ ਭਾਵਨਾਵਾਂ ਦੀ ਦਿਲਚਸਪ ਕਹਾਣੀ-ਹੇਟਰਜ਼**

ਪੁਖਰਾਜ ਭੱਲਾ ਪੰਜਾਬੀ ਫ਼ਿਲਮਾਂ ਦੇ ਸਿਰਮੌਰ ਕਾਮੇਡੀਅਨ ਜਸਵਿੰਦਰ ਭੱਲੇ ਦਾ ‘ਛਣਕਾਟਿਆਂ ਦੀ ਛਣਕਾਰ ਨਾਲ ਖੇਡ ਕੇ ਜਵਾਨ ਹੋਇਆ ਜਮਾਂਦਰੂ ਕਲਾਕਾਰ ਪੁੱਤ ਹੈ । ਚਰਚਿਤ ਵੈਬ ਸ਼ੀਰਜ਼ ‘ ਯਾਰ ਜਿਗਰੀ ਕਸੂਤੀ ਡਿਗਰੀ’ ਨਾਲ ਲੱਖਾਂ ਨੌਜਵਾਨਾਂ ਦੀ ਪਸੰਦ ਬਣਿਆ ਪੁਖਰਾਜ ਭੱਲਾ ਅੱਜਕਲ ਪੰਜਾਬੀ ਫ਼ਿਲਮਾਂ ਦਾ ਨਾਮੀਂ ਕਲਾਕਾਰ ਹੈ। ਸਟੂਪਿਟ ਸੈਵਨ, ‘ਹਰਜੀਤਾ, ਆਰ ਐੱਸ ਵੀ ਪੀ’, ਵਿਸਾਖੀ ਲਿਸਟ’ ਗੋਲਕ ਬੁਗਨੀ ਬੈਂਕ ਤੇ ਬਟੂਆ’ ਅਤੇ ਅਫ਼ਸਰ’ ਫ਼ਿਲਮਾਂ ਵਿੱਚ ਉਸਦੀ ਅਦਾਕਾਰੀ ਦਰਸਕਾਂ ਨੇ ਪਸੰਦ ਕੀਤੀ ਹੈ। ਬੀਤੇ ਦਿਨੀਂ ਆਈ ਜਿੰਨੇ ਜੰਮੇ ਸਾਰੇ ਨਿਕੰਮੇ ਫਿਲਮ ਨਾਲ ਪੁਖਰਾਜ ਮੁੜ ਚਰਚਾ ਵਿਚ ਹੈ। ਜਿਕਰਯੋਗ ਹੈ ਕਿ ਪੁਖਰਾਜ ਭੱਲਾ ਤੇ ਪ੍ਰਭ ਗਰੇਵਾਲ ਦੀ ਜੋੜੀ ਵਾਲੀ ਇੱਕ ਨਵੀਂ ਫਿਲਮ ‘ ਹੇਅਟਰਜ਼. ਵੀ ਬਹੁਤ ਜਲਦ ਰਿਲੀਜ ਹੋਣ ਜਾ ਰਹੀ ਹੈ। ਰੰਜੀਵ ਸਿੰਗਲਾ ਪ੍ਰੋਡਕਸ਼ਨ ਦੇ ਬੈਨਰ ਹੇਠ ਨਿਰਮਾਤਾ ਰੰਜੀਵ ਸਿੰਗਲਾ ਦੀ ਫਿਲਮ ‘ ਹੇਅਟਰਜ਼.’ ਅੱਜ ਦੀ ਨੌਜਵਾਨੀ ਨਾਲ ਸਬੰਧਤ ਵਿਸ਼ੇ ‘ਤੇ ਅਧਾਰਤ ਹੈ। ਜਿਸ ਨੂੰ ਨੌਜਵਾਨ ਲੇਖਕ ਤੇ ਨਿਰਦੇਸ਼ਕ ਮਨਪ੍ਰੀਤ ਬਰਾੜ ਨੇ ਆਪਣੀ ਨਿਰਦੇਸ਼ਨਾਂ ਹੇਠ ਬਣਾਇਆ ਹੈ। ਮਨਪ੍ਰੀਤ ਬਰਾੜ ਨੇ ਦੱਸਿਆ ਕਿ ਇਹ ਫ਼ਿਲਮ ਤਿੰਨ ਦੋਸਤਾਂ ਦੀ ਕਹਾਣੀ ਹੈ ਜੋ ਪਿਆਰ ਅਤੇ ਨਫ਼ਰਤ ਦੀ ਤੁਲਨਾ ‘ਚ ਅੱਗੇ ਵੱਧਦੀ ਸਮਾਜ ਨਾਲ ਜੁੜੇ ਵੱਖ ਵੱਖ ਪਹਿਲੂਆਂ ‘ਦੇ ਚਾਨਣਾ ਪਾਉਂਦੀ ਹੈ। ਇਹ ਸਮਾਜਿਕ ਦਾਇਰੇ ਦੀ ਪਰਿਵਾਰਕ ਫ਼ਿਲਮ ਹੈ। ਸਸਪੈਂਸ਼ ਅਤੇ ਥ੍ਰਿੱਲਰ ਭਰਪੂਰ ਇਸ ਫ਼ਿਲਮ ਵਿਚਲੀਆਂ ਘਟਨਾਵਾਂ ਸਮਾਜ ਅਤੇ ਸਾਡੀ ਜ਼ਿੰਦਗੀ ਦਾ ਹਿੱਸਾ ਜਾਪਦੀਆਂ ਹਨ। ਪ੍ਰਭ ਗਰੇਵਾਲ ਤੇ ਪੁਖਰਾਜ ਭੱਲਾ ਦੀ ਜੋੜੀ ਵਾਲੀ ਇਸ ਫਿਲਮ ਵਿੱਚ ਲੱਕੀ ਧਾਲੀਵਾਲ, ਅਮਿਤ ਅੰਬੇ, ਮਲਕੀਤ ਰੌਣੀ, ਸੀਮਾ ਕੌਸ਼ਲ, ਗੁਰਪ੍ਰੀਤ ਭੰਗੂ, ਜਗਦੀਪ ਰੰਧਾਵਾ, ਕਰਮ ਕੌਰ, ਹਰਸਿਮਰਨ ਅੱਤਲੀ ਆਦਿ ਨੇ ਵੀ ਅਹਿਮ ਕਿਰਦਾਰ ਨਿਭਾਏ ਹਨ। ਫ਼ਿਲਮ ਦੀ ਕਹਾਣੀ ਮਨਪ੍ਰੀਤ ਬਰਾੜ ਨੇ ਲਿਖੀ ਹੈ। ਸਕਰੀਨ ਪਲੇਅ ਪੰਕਜ ਵਰਮਾ ਨੇ ਲਿਖਿਆ ਹੈ ਤੇ ਡਾਇਲਾਗ ਭਿੰਦੀ ਤੋਲਾਵਾਲ ਨੇ ਲਿਖੇ ਹਨ। 12 ਨਵੰਬਰ ਨੂੰ ਇਹ ਫ਼ਿਲਮ ਦੇਸ਼-ਵਿਦੇਸ਼ਾਂ ’ਚ ਰਿਲੀਜ਼ ਕੀਤੀ ਜਾ ਰਹੀ ਹੈ। ‘ਲਾਵਾਂ ਫੇਰੇ, ਮਿੰਦੋ ਤਸੀਲਦਾਰਨੀ, ਕੁੜੀਆਂ ਜਵਾਨ-ਬਾਪੂ ਪ੍ਰੇਸ਼ਾਨ, ਫ਼ਿਲਮਾਂ ਬਣਾਉਣ ਵਾਲੇ ਨਿਰਮਾਤਾ ਰੰਜੀਵ ਸਿੰਗਲਾ ਨੇ ਦੱਸਿਆ ਕਿ ਲਾਕ ਡਾਊਨ ਤੋਂ ਬਾਅਦ ਪੰਜਾਬੀ ਸਿਨਮੇ ਵਿਹੜੇ ਮੁੜ ਰੌਣਕਾਂ ਲੱਗਣੀਆਂ ਸੁਰੂ ਹੋਈਆਂ ਹਨ। ‘ਕੁੜੀਆਂ ਜਵਾਨ ਬਾਪੂ ਪ੍ਰੇਸ਼ਾਨ’ ਤੋਂ ਬਾਅਦ ਇਹ ਸਾਡੀ ਦੂਸਰੀ ਫਿਲਮ ਹੈ ਜੋ ਨਵੰਬਰ ਮਹੀਨੇ ਰਿਲੀਜ ਹੋਵੇਗੀ। ਇਸੇ ਦੌਰਾਨ ਨਵੀਂ ਫਿਲਮ ‘ਮਾਹੀ ਮੇਰਾ ਨਿੱਕਾ ਜਿਹਾ’ ਦਾ ਨਿਰਮਾਣ ਵੀ ਸੁਰੂ ਕੀਤਾ ਹੈ। ਆਸ ਹੈ ਕਿ ਦਰਸ਼ਕ ਪਹਿਲੀਆਂ ਫਿਲਮਾਂ ਤਰ੍ਹਾਂ ਸਾਡੀਆਂ ਇੰਨ੍ਹਾ ਫਿਲਮਾਂ ਨੂੰ ਵੀ ਪਿਆਰ ਦੇਣਗੇ।



**ਮਨੋਰੰਜਨ ਦਾ ਜਬਰਦਸ਼ਤ ਧਮਾਕਾ ਹੋਵੇਗੀ ‘ਪਾਣੀ ’ਚ ਮਧਾਣੀ’**

‘ਪਾਣੀ ’ਚ ਮਧਾਣੀ’ ਪਾਉਣਾ ਇਕ ਆਮ ਜੇਹੀ ਕਹਾਵਤ ਹੈ, ਜਿਸਦਾ ਮਤਲਬ ਕਿ ਪਾਣੀ ’ਚ ਮਧਾਣੀ ਫੇਰਿਆਂ ਨਾ ਮੱਖਣ ਨਿਕਲਦਾ ਨਾ ਲੱਸੀ ਬਣਦੀ ਐ....ਪਰ ਗਿੱਪੀ ਗਰੇਵਾਲ ’ਤੇ ਨੀਰੂ ਬਾਜਵਾ ਦੀ ਆ ਰਹੀ ਨਵੀਂ ਫ਼ਿਲਮ ‘ਪਾਣੀ ’ਚ ਮਧਾਣੀ’ ਮਨੋਰੰਜਨ ਦੇ ਅਨੇਕਾਂ ਨਵੇਂ ਖਜ਼ਾਨੇ ਕੱਢੇਗੀ। ਪੰਜਾਬ ਦੀ ਪੇਂਡੂ ਧਰਾਤਲ ਨਾਲ ਜੁੜੀ ਇਸ ਫ਼ਿਲਮ ਦੀ ਕਹਾਣੀ ਚਾਲੀ ਸਾਲ ਪਹਿਲਾਂ ਦੇ ਸੰਗੀਤਕ ਮਾਹੌਲ, ਗਾਉਣ ਪ੍ਰਤੀ ਉਤਸ਼ਾਹ ’ਤੇ ਵੱਡੇ ਵੱਡੇ ਸੁਪਨਿਆਂ ਦੀ ਦਿਲਚਸਪ ਦਾਸਤਾਨ ਹੈ। ਗਿੱਪੀ ਗਰੇਵਾਨ ਦਾ ਲੰਮੇ ਵਾਲਾਂ ਵਾਲਾ ਸਟਾਇਲ ਬੀਤੇ ਦੌਰ ਦੇ ਅਨੇਕਾਂ ਗਾਇਕਾਂ ਦਾ ਭੁਲੇਖਾ ਪਾਉਂਦਾ ਹੈ। ਗਿੱਪੀ ਦੀ ਕਾਮੇਡੀ ਦਾ ਆਪਣਾ ਹੀ ਅੰਦਾਜ਼ ਹੁੰਦਾ ਹੈ। ਭਾਵੇਂ ਉਹ ‘ਕੈਰੀ ਆਨ ਜੱਟਾ’ ਹੋਵੇ ਜਾਂ ‘ਮੰਜੇ ਬਿਸਤਰੇ’ ਉਸਦੀ ਅਦਾਕਾਰੀ ਨੂੰ ਦਰਸ਼ਕਾਂ ਪਸੰਦ ਕੀਤਾ ਹੈ। ‘ਅਰਦਾਸ’ ਵਰਗੀਆਂ ਭਾਵਪੂਰਵਕ ਫਿਲਮਾਂ ਕਰਨਾ ਵੀ ਗਿੱਪੀ ਦੀ ਵੱਡੀ ਪ੍ਰਾਪਤੀ ਰਹੀ ਹੈ। ਇਸ ਨਵੀਂ ਫਿਲਮ ਰਾਹੀਂ ਗਿੱਪੀ ਗਰੇਵਾਲ ਇਕ ਵੱਖਰੇ ਰੂਪ-ਰੰਗ ਚ ਨਜ਼ਰ ਆਵੇਗਾ। ਇਸ ਫ਼ਿਲਮ ਦਾ ਟਰੇਲਰ ਬੀਤੇ ਦਿਨੀਂ ਰਿਲੀਜ਼ ਹੋਇਆ ਹੈ, ਜਿਸਨੂੰ ਦਰਸ਼ਕਾਂ ਨੇ ਬੇਸ਼ੁਮਾਰ ਪਿਆਰ ਦਿੱਤਾ ਹੈ। ‘ਦਾਰਾ ਮੋਸ਼ਨ ਪਿਕਚਰ ਪ੍ਰਾਈਵੇਟ ਲਿਮਟਿਡ’ ਦੇ ਬੈਨਰ ਹੇਠ ਬਣੀ ਨਿਰਮਾਤਾ ਸੰਨੀ ਰਾਜ ਅਤੇ ਡਾ.ਪ੍ਰਭਜੋਤ ਸਿੱਧੂ ਸਿਆਟਲ ਯੂ.ਐਸ.ਏ. ਦੀ ਇਸ ਫ਼ਿਲਮ ‘ਪਾਣੀ ’ਚ ਮਧਾਣੀ’ ਦਾ ਨਿਰਦੇਸ਼ਨ ਵਿਜੈ ਕੁਮਾਰ ਅਰੋੜੀ ਦਾਦੂ ਨੇ ਕੀਤਾ ਹੈ। ਫ਼ਿਲਮ ’ਚ ਗਿੱਪੀ ਗਰੇਵਾਲ, ਨੀਰੂ ਬਾਜਵਾ, ਗੁਰਪ੍ਰੀਤ ਘੁੱਗੀ, ਕਰਮਜੀਤ ਅਨਮੋਲ, ਇਫ਼ਤਿਖਾਰ ਠਾਕੁਰ ਤੇ ਹਰਬੀ ਸੰਘਾਂ ਨੇ ਮੁੱਖ ਕਿਰਦਾਰ ਨਿਭਾਏ ਹਨ। ਸੰਗੀਤ ਜਤਿੰਦਰ ਸ਼ਾਹ ਨੇ ਦਿੱਤਾ ਹੈ। ਫ਼ਿਲਮ ਦਾ ਸੰਗੀਤ ‘ਹੰਬਲ ਮਿਊਜਿਕ’ ਤੇ ਰਿਲੀਜ਼ ਕੀਤਾ ਗਿਆ ਹੈ। ਫ਼ਿਲਮ ਦੇ ਨਿਰਮਾਤਾ ਸੰਨੀ ਰਾਜ ਤੇ ਡਾ.ਪ੍ਰਭਜੋਤ ਸਿੱਧੂ ਦਾ ਕਹਿਣਾ ਹੈ ਕਿ ਸਾਡੀ ਕੋਸ਼ਿਸ ਪੰਜਾਬੀ ਸਿਨੇਮੇ ਨੂੰ ਮਨੋਰੰਜਨ ਭਰੀ ਇੱਕ ਚੰਗੀ ਫ਼ਿਲਮ ਦੇਣਾ ਹੈ, ਜੋ ਹਰ ਵਰਗ ਦੇ ਦਰਸ਼ਕ ਦੀ ਪਸੰਦ ਬਣੇ। ਫ਼ਿਲਮ ਦੇ ਟਰੇਲਰ ਨੂੰ ਮਿਲੇ ਪਿਆਰ ਨੇ ਇਹ ਸਾਬਤ ਕਰ ਦਿੱਤਾ ਕਿ ‘ਪਾਣੀ ’ਚ ਮਧਾਣੀ’ ਪੰਜਾਬੀ ਸਿਨਮੇ ’ਚ ਵੱਖਰਾ ਇਤਿਹਾਸ ਸਿਰਜੇਗੀ। ਨਰੇਸ਼ ਕਥੂਰੀਆ ਨੇ ਫ਼ਿਲਮ ਦੀ ਕਹਾਣੀ ਨੂੰ ਜਿੰਨਾਂ ਵਧੀਆ ਲਿਖਿਆ ਹੈ, ਨਿਰਦੇਸ਼ਕ ਵਿਜੈ ਕੁਮਾਰ ਅਰੋੜਾ ਨੇ ਉਸ ਤੋਂ ਵਧੇਰੇ ਤਕਨੀਕ ਅਤੇ ਤਜ਼ਰਬੇ ਨਾਲ ਫਿਲਮਾਇਆ ਹੈ। 5 ਨਵੰਬਰ ਨੂੰ ਦੀਵਾਲੀ ’ਤੇ ਮਨੋਰੰਜਨ ਦੇ ਵੱਡੇ ਧਮਾਕਿਆਂ ਦੀ ਗੂੰਜ ’ਚ ਰਿਲੀਜ਼ ਹੋ ਰਹੀ ‘ਪਾਣੀ ’ਚ ਮਧਾਣੀ’ ਵੇਖਣ ਲਈ ਦਰਸ਼ਕਾਂ ’ਚ ਵੱਡਾ ਉਤਸ਼ਾਹ ਨਜ਼ਰ ਆ ਰਿਹਾ ਹੈ।



TDS
TICKET DISPUTE SOLUTIONS
AMARDEEP PANDHER
"Your Ticket Defender"
NO TEXTING
STOP SIGN
SPEEDING
TRAFFIC TICKETS
RED LIGHT
CALL NOW
TICKET DISPUTE SOLUTIONS
PH. 780-395-0677 FAX : 780-395-0772
CELL : 780-906-1800
Email : ticketdisputesolutions@gmail.com www.ticketdisputesolutions.com
9220-34 Ave NW Edmonton, Alberta

ARROW
DRYWALL INC.
The Name You Can Trust
- Insulation
- Drywall
- Taping
- Texturing
- Blow Insulation
Products of Services:
ਭਰੋਸੇਯੋਗ ਤੇ ਤਸੱਲੀਬਖ਼ਸ਼ ਕੰਮ ਕਰਵਾਉਣ ਲਈ ਫੋਨ ਕਰੋ ਜਾਂ ਮਿਲੋ
ਇੰਸੂਲੇਸ਼ਨ
ਡਰਾਈਵਾਲ
ਟੇਪਿੰਗ
ਬਲੋ ਇੰਸੂਲੇਸ਼ਨ
ਟੈਕਸਚਰਿੰਗ
Ricky Kaler
Cell: 403-472-4243 Off: 403-483-0004 Fax: 403-532-2318
505-4655 54 Ave NE Calgary Alberta T3J 3M3 www.arrowdrywall.com


Ambleton
A Qualico Community
ਛੋਟੀਆਂ ਚੀਜਾਂ ਦਾ ਆਨੰਦ ਮਾਣੋ.
ਕੈਲਗਰੀ ਦਾ ਨਵਾਂ ਉੱਤਰੀ ਏਰੀਆ
1200 ਤੋਂ ਵੱਧ ਘਰ
8 ਫੇਸ
7.3Km ਲੰਮਾ ਪਥਵੇਅ
5 ਪਾਰਕ
ਸਕੇਟਿੰਗ ਰਿੰਕ ਦੀ ਭਵਿੱਖੀ ਯੋਜਨਾ
ਹਾਈ ਸਕੂਲ ਦੀ ਭਵਿੱਖੀ ਯੋਜਨਾ
ਫੇਸ 2 ਦੀਆਂ ਲਾਟਾਂ ਹੁਣ ਰਿਲੀਜ ਹੋ ਚੁੱਕੀਆਂ ਹਨ।
ਲੇਨਡ ਹੋਮ $400s ਤੋਂ ਸ਼ੁਰੂ ਹਨ
ਫਰੰਟ ਗੈਰਾਜ $500s ਤੋਂ ਸ਼ੁਰੂ ਹਨ
ਕੈਲਗਰੀ ਦੇ ਨਾਰਥ ਵੈਸਟ ਏਰੀਆ ਅੰਦਰ ਕੁਦਰਤ ਵੱਲੋਂ ਸਿਰਜੀ ਹੋਈ ਵਿਲੱਖਣ ਜਗ੍ਹਾ ਐਮਬੈਲਟਨ ਦੇ ਰੂਪ ਵਿੱਚ ਹੈ। ਖੇਡਣ ਵਾਲੇ ਖੇਤਰ,ਸਥਾਨਿਕ ਅਤੇ ਖੇਤਰੀ ਮਾਰਗ ਦੇ ਨੈਟਵਰਕ ਕਮਿਓਨਿਟੀ ਦੀ ਪੜਚੋਲ ਨੂੰ ਆਸਾਨ ਬਣਾਉਂਦੇ ਹਨ। ਕਾਫੀ ਪ੍ਰਚੂਨ, ਨੇੜਲੇ ਸਕੂਲ ਅਤੇ ਭਵਿੱਖ ਦੇ ਹਾਈ ਸਕੂਲ ਸਮੇਤ ਐਮਬਲੇਟਨ ਵਿੱਚ ਉਹ ਸਭ ਕੁੱਝ ਹੈ ਜਿਸ ਜਿਸ ਦੀ ਤੁਸੀਂ ਕਲਪਨਾ ਕਰ ਸਕਦੇ ਹੋ
ਐਮਬਲੇਟਨ ਦੇ ਅੰਤਰ ਬਾਰੇ ਹੋਰ ਜਾਣੋ : liveinambleton.com
ਐਵਾਰਡ ਜੇਤੂ ਬਿਲਡਰ: • Shane Homes • Sterling Homes • Trico Homes • Broadview Homes • Jayman Built
24 St NW
144 Ave NE
14 St NW
Evanston Dr NW
Symons Valley Pkwy NW
Stoney Trail NW
ਅਸੀਂ ਅਜਿਹਾ ਭਾਈਚਾਰਾ ਉਸਾਰਦੇ ਹਾਂ , ਜਿੱਥੇ ਚੰਗਾ ਰਹਿਣ ਸਹਿਣ, ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਮਾਣਦੇ ਜ਼ਿੰਦਗੀ ਦੀ ਅਮੀਰੀ ਹੰਢਾ ਸਕਦੇ ਹੋ .
QUALICO® communities


DAWSON'S LANDING
CHESTERMERE
A QUALICO COMMUNITY
ਲੱਭੋ ਆਪਣਾ ਸੰਪੂਰਣ ਘਰ
ਨਵੀਆਂ ਲਾਟਾਂ ਆ ਗਈਆਂ ਹਨ
• ਤਲਾਅ /ਹਰਿਆ ਭਰਿਆ ਆਲਾ ਦੁਆਲਾ
• ਫਰੰਟ ਗੈਰਾਜ ਲਾਟਾਂ
• ਵਾਕ ਆਊਟ ਲਾਟਾਂ
• ਡੁਪਲੈਕਸ ਲਾਟਾਂ
• ਲੇਨਡ ਲਾਟਾਂ
TOWNHOMES FROM THE LOW $300s
DUPLEX HOMES FROM THE MID $300s
LANED HOMES FROM THE HIGH $300s
FRONT GARAGE HOMES FROM THE LOW $500s
360° ਵਰਚੂਅਲ ਟੂਰ ਵੀ ਮਿਲਦਾ ਹੈ
ਡਾਵਸਨ ਲੈਂਡਿੰਗ ਤੁਹਾਡੇ ਪਰਿਵਾਰਾਂ ਦੇ ਵਿਕਾਸ ਨੂੰ ਧਿਆਨ ਵਿੱਚ ਰੱਖਕੇ ਬਣਾਇਆ ਗਿਆ ਹੈ। ਚੈਸਟਰਮੀਅਰ ਦੀਆਂ ਝੀਲਾਂ ਦੇ ਨੇੜੇ ਉਸਾਰਿਆ ਗਿਆ ਡਾਵਸਨ ਲੈਂਡਿੰਗ ਜਿੱਥੇ ਬਹੁਤ ਸਾਰੀਆਂ ਬਾਹਰੀ ਗਤੀਵਿਧੀਆਂ ਲਈ ਥਾਂਵਾਂ ਹਨ,ਜਿਵੇਂ ਸਕੂਲ, ਪਾਰਕ, ਸ਼ਾਪਿੰਗ ਸੈਂਟਰ ਅਤੇ ਹੋਰ ਬਹੁਤ ਕੁੱਝ। ਵੱਖੋ ਵੱਖ ਤਰਾਂ ਦੇ ਮਾਡਲਾਂ ਵਾਲੇ ਘਰ ਕੈਲਗਰੀ ਅਤੇ ਇਸ ਦੇ ਆਸ ਪਾਸ ਵਾਲੇ ਨਾਮਵਰ ਬਿਲਡਰਾਂ ਵੱਲੋਂ ਬਣਾਏ ਜਾ ਰਹੇ ਹਨ। ਚੈਸਟਰਮੀਅਰ ਝੀਲ ਤੋਂ ਸਿਰਫ ਕੁੱਝ ਕੁ ਮਿੰਟਾਂ ਦੀ ਦੂਰੀ ਉੱਪਰ ਹੀ ਹਨ।
ਸੋ ਤੁਸੀਂ ਮਾਣ ਨਾਲ ਕਹਿ ਸਕੋਗੇ ਕਿ ਤੁਹਾਡਾ ਘਰ ਡਾਵਸਨ ਲੈਂਡਿੰਗ ਵਿੱਚ ਹੈ
liveindawsonslanding.ca
SHOWHOME APPOINTMENTS AVAILABLE AND RECOMMENDED. Broadview Homes | NuVista Homes | Trico Homes | Sterling Homes | Truman Homes | Morrison Homes
ਕਮਿਉਨਟੀ ਅੰਦਰ ਭਵਿੱਖ ਵਿੱਚ ਸਿਵਿਕ ਸੈਂਟਰ ਅਤੇ ਫੀਲਡ ਹਾਊਸ ਸਾਈਟ
22 ਮਿੰਟ ਡਰਾਈਵ ਕੈਲਗਰੀ ਡਾਊਨ ਟਾਊਨ ਤੱਕ
4 ਮਿੰਟ ਡਰਾਈਵ ਐਨੀ ਵਰਸਿਰੀ ਪਾਰਕ ਤੱਕ
4 ਮਿੰਟ ਵਿੱਚ ਚੈਸਟਰਮੀਅਰ ਬਾਈਕ ਪਾਰਕ ਤੱਕ ਪੈਦਲ
ਅਸੀਂ ਅਜਿਹਾ ਭਾਈਚਾਰਾ ਉਸਾਰਦੇ ਹਾਂ , ਜਿੱਥੇ ਚੰਗਾ ਰਹਿਣ ਸਹਿਣ, ਜ਼ਿੰਦਗੀ ਦੀਆਂ ਕਦਰਾਂ ਕੀਮਤਾਂ ਮਾਣਦੇ ਜ਼ਿੰਦਗੀ ਦੀ ਅਮੀਰੀ ਹੰਢਾ ਸਕਦੇ ਹੋ .
QUALICO® communities


ਅਜਿਹੀ ਚੋਣ ਕਰੋ ਕਿ ਤੁਹਾਡਾ ਪਰਿਵਾਰ ਤੁਹਾਨੂੰ love ਕਰੇ
TOWNHOMES
FROM THE
$270s
DUPLEXES
FROM THE LOW
$400s
FRONT GARAGE
FROM THE MID
$500s
RED STONE
redstonecommunity.ca
ਆਖਰੀ ਲਾਟਾਂ ਮੌਜੂਦ ਹਨ
360°
ਹੁਣ ਆਨ ਲਾਈਨ ਵਰਚੂਅਲ ਟੂਰ ਵੀ ਲੈ ਸਕਦੇ ਹੋ
ਰੈੱਡਸਟੋਨ ਕੈਲਗਰੀ ਦੇ ਸਭ ਤੋਂ ਮਨਭਾਉਂਦੇ ਭਾਈਚਾਰਿਆਂ ਵਿੱਚੋਂ ਇੱਕ ਹੈ, ਜਿਸ ਨੂੰ ਆਪਣਾ ਘਰ ਆਖਦਿਆਂ ਤੁਸੀਂ ਮਾਣ ਮਹਿਸੂਸ ਕਰੋਗੇ।ਜ਼ਿੰਦਗੀ ਦੇ ਹਰ ਪੜਾਅ ਨੂੰ ਧਿਆਨ ਵਿੱਚ ਰੱਖਦਿਆਂ ਘਰਾਂ ਦੀ ਬਣਤਰ, ਕਾਫ਼ੀ ਹਰੀ ਜਗ੍ਹਾ ਵਾਲਾ ਏਰੀਆ, ਬਹੁਤ ਸਾਰੇ ਪਾਰਕ, ਅਤੇ ਵੱਡੀਆਂ ਲਾਟਾਂ ਉੱਪਰ ਵੱਡੇ ਘਰ ਸਸਤੇ ਰੇਟਾਂ ਉੱਪਰ ਬਣਾ ਸਕਦੇ ਹੋ। ਨਵਾਂ ਕਮਰਸੀਅਲ ਪਲਾਜਾ ਵੀ ਖੁੱਲ ਗਿਆ ਹੈ। ਤੁਹਾਡੇ ਪਰਿਵਾਰ ਲਈ ਸਹੀ ਚੋਣ ਵਾਲਾ ਘਰ ਬਣਾਉਣ ਦਾ ਇਸ ਤੋਂ ਵਧੀਆ ਮੌਕਾ ਹੋਰ ਕਈ ਹੋ ਈ ਨਹੀਂ ਸਕਦਾ
DEERFOOT TRAIL
STONEY TRAIL NE
201
COUNTRY HILLS BLVD NE
2
METIS TRAIL NE
• BROADVIEW HOMES • GRANITE BY JAYMAN BUILT • JAYMAN BUILT • NUVISTA HOMES • PACESETTER HOMES • SHANE HOMES • STREETSIDE DEVELOPMENTS • TRICO HOMES • TRUMAN HOMES
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO® communities


SOUTH POINTE
TOYOTA
2021 COROLLA
ONLY $58 A WEEK!
$0 DOWN!
LE
2020 RAV4
ONLY $92 A WEEK!
$0 DOWN!
LE AWD
FREE
WINTER TIRES
WITH PURCHASE
0%
FINANCING AVAILABLE
FREE
REMOTE STARTER
WITH PURCHASE
RISHI MUKHERJEE
NEW CAR SALES MANAGER
ZAK BHANJI
NEW CAR SALES MANAGER
PREZ TIWANA
NEW CAR PRODUCT ADVISOR
MINAZ RATANSHI
NEW CAR PRODUCT ADVISOR
AFSHEEN HARJEE
NEW CAR PRODUCT ADVISOR
MUHAMMAD YOUSAF
NEW CAR PRODUCT ADVISOR
IT'S TIME TO TOYOTA
11150 35 ST SE
CALGARY, AB
CALL US!
403-567-8888
WWW.SOUTHPOINTETOYOTA.COM
CALGARYS #1 VOLUME TOYOTA DEALERSHIP


ਦੀਵਾਲੀ
ਅਤੇ ਬੰਦੀ ਛੋੜ ਦੀਆਂ
ਸਮੂਹ ਸਿੱਖ ਸੰਗਤ ਨੂੰ
ਲੱਖ ਲੱਖ
ਵਧਾਈਆਂ
Happy Diwali
ਬਿਕਰਮਜੀਤ ਸਿੰਘ ਬਿਲ
(ਸਾਬਕਾ ਮੁੱਖ ਸੇਵਾਦਾਰ)
ਸਿੱਖ ਸੋਸਾਇਟੀ ਰੀਜਾਇਨਾ
Sikh Society Regina
3905 Princess Drive, Regina (SK) S4S0H9
306 359 7700


ਬੰਦੀ ਛੋੜ ਦਿਵਸ ਅਤੇ ਦੀਵਾਲੀ ਦੀਆਂ
ਸਮੂਹ ਕਨੇਡਾ ਵਾਸੀਆਂ ਨੂੰ
ਲੱਖ-ਲੱਖ ਵਧਾਈਆਂ
Happy Diwali
to you all!
ਗੈਰੀ ਗਰੇਵਾਲ ਐਮ ਐਲ ਏ
ਰੀਜਾਇਨਾ ਨਾਰਥ ਈਸਟ
GARY GREWAL, MLA
REGINA NORTHEAST
Constituency Address
1912 Prince of Wales Dr.
Regina, SK S4Z 1A4
Phone: 306-949-4900
Fax: 306-949-4906
E-mail: garygrewalmla@sasktel.net
Website: www.garygrewalmla.ca
CONTACT
Legislative Building Address
Room #132,
2405 Legislative Dr. S4S 0B3




# ਅਲਬਰਟਾ ਦੀਆਂ ਮਿਊਂਸਪਲ ਚੋਣਾਂ ਦੌਰਾਨ ਪੰਜਾਬੀਆਂ ਨੇ ਮਾਰੀਆਂ ਮੱਲਾਂ ,ਦੋ ਸ਼ਹਿਰਾਂ ਦੇ ਮੇਅਰ ਪੰਜਾਬੀ ਬਣੇ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) - ਕਨੇਡਾ ਦੇ ਅਲਬਰਟਾ ਸੂਬੇ ਅੰਦਰ ਹੋਈਆਂ ਮਿਊਂਸਿਪਲ ਚੋਣਾਂ ਮੌਕੇ ਪੰਜਾਬੀਆਂ ਦੀ ਉਦੋਂ ਬੱਲੇ ਬੱਲੇ ਹੋ ਗਈ ਜਦੋਂ ਦੋ ਵੱਡੇ ਸਹਿਰਾਂ ਦੇ ਮੇਅਰਾਂ ਦੀ ਚੋਣ ਵਿੱਚ ਐਡਮੰਟਨ ਤੋਂ ਅਮਰਜੀਤ ਸੋਹੀ ਜੋ ਕਿ ਪੰਜਾਬ ਦੇ ਸੰਗਰੂਰ ਜਿਲੇ ਦੇ ਭਨਭੌਰਾ ਪਿੰਡ ਦੇ ਜੰਮਪਲ ਹਨ, ਮੇਅਰ ਚੁਣੇ ਗਏ ਅਤੇ ਕੈਲਗਰੀ ਸਹਿਰ ਤੋਂ ਡਾ: ਜੋਤੀ ਗੌਂਡੇਕ ਵੱਡੇ ਫਰਕ ਨਾਲ ਕੈਲਗਰੀ ਸਹਿਰ ਦੀ ਮੇਅਰ ਚੁਣੀ ਗਈ । ਇਹਨਾਂ ਚੋਣਾ ਨਾਲ ਕਨੇਡਾ ਦੇ ਇਤਹਾਸ ਵਿੱਚ ਇੱਕ ਰਿਕਾਰਡ ਦਰਜ ਹੋਇਆ ਹੈ ਕਿ ਡਾ:ਜੋਤੀ ਗੌਂਡੇਕ ਕੈਲਗਰੀ ਸਹਿਰ ਦੀ ਪਹਿਲੀ ਮਹਿਲਾ ਅਤੇ ਪਹਿਲੀ ਔਰਤ ਮੇਅਰ ਚੁਣੀ ਗਈ ਹੈ ਅਤੇ ਅਮਰਜੀਤ ਸੋਹੀ ਪਹਿਲੀ ਵਾਰ ਐਡਮੰਟਨ ਦੇ ਪੰਜਾਬੀ ਮੂਲ ਦੇ ਮੇਅਰ ਬਣੇ ਹਨ। ਜੋਤੀ ਗੌਂਡੇਕ ਨੂੰ 174649 ਵੋਟ ਮਿਲੇ ਜਦੋਂ ਕਿ ਉਸਦੇ ਵਿਰੋਧੀ ਜੈਰੋਮੀ ਫਾਰਕਸ ਨੂੰ 58907 ਵੋਟਾਂ ਦੇ ਘਾਟੇ ਨਾਲ 115742 ਵੋਟਾਂ ਲੈਕੇ ਹਾਰ ਦਾ ਮੂੰਹ ਦੇਖਣਾ ਪਿਆ। ਐਡਮੰਟਨ ਸਹਿਰ ਦੀਆਂ ਚੋਣਾ ਵਿੱਚ ਚੁਣੇ ਗਏ ਮੇਅਰ ਅਮਰਜੀਤ ਸੋਹੀ ਨੂੰ 105497 ਵੋਟ ਮਿਲੇ ਜਦੋਂ ਕਿ ਉਸਦੇ ਵਿਰੋਧੀ ਮਾਈਕ ਨਿੱਕਲ ਨੂੰ 59189 ਵੋਟਾਂ ਹੀ ਮਿਲੀਆਂ 46 ਹਜਾਰ ਤੋਂ ਵੱਧ ਵੋਟਾਂ ਦੇ ਫਰਕ ਨਾਲ ਅਮਰਜੀਤ ਸੋਹੀ ਨੇ ਜਿੱਤ ਹਾਸਿਲ ਕੀਤੀ।

ਕੈਲਗਰੀ ਦੇ ਵਾਰਡ 5 ਤੋਂ ਰਾਜ ਧਾਲੀਵਾਲ ਆਪਣੇ ਨੇੜਲੇ ਵਿਰੋਧੀ ਸਟੈਨ ਸੰਧੂ ਨੂੰ 378 ਵੋਟਾਂ ਦੇ ਫਰਕ ਨਾਲ ਹਰਾਕੇ ਕੌਂਸਲਰ ਬਣੇ । ਕੈਲਗਰੀ ਸਹਿਰ ਦੇ ਹੋਰਨਾਂ ਵਾਰਡਾਂ ਦੀ ਗੱਲ ਕਰੀਏ ਤਾਂ ਲੱਗਪੱਗ 5 ਪੰਜਾਬੀ ਉਮੀਦਵਾਰਾਂ ਨੂੰ ਘੱਟ ਵੋਟਾਂ ਮਿਲਣ ਕਾਰਣ ਹਾਰਨ ਵਾਲੀ ਲਿਸਟ ਵਿੱਚ ਸਾਮਿਲ ਹੋਣਾ ਪਿਆ। ਸਕੂਲ ਟਰੱਸਟੀਆਂ ਦੀ ਦੌੜ ਵਿੱਚ ਵੀ ਕੋਈ ਪੰਜਾਬੀ ਆਪਣਾ ਨਾਂ ਦਾਖਿਲ ਨਹੀਂ ਕਰਵਾ ਸਕਿਆ । ਕੈਲਗਰੀ ਸਹਿਰ ਅੰਦਰ ਪਾਣੀ ਵਿੱਚ ਫਲੋਰਾਈਡ ਮਿਲਾਏ ਜਾਣ ਸਬੰਧੀ ਰਾਇਸ਼ੁਮਾਰੀ ਨੂੰ 62 ਪ੍ਰਤੀਸਤ ਲੋਕਾਂ ਨੇ ਹਾਂ ਆਖੀ ਜਦੋਂ ਕਿ ਨਾਂਹ ਕਹਿਣ ਵਾਲਿਆਂ ਵਿੱਚ 38 ਪ੍ਰਤੀਸਤ ਲੋਕ ਸਾਮਿਲ ਹੋਏ । ਕੈਲਗਰੀ ਦੇ ਨੇੜਲੇ ਸਹਿਰ ਚੈਸਟਰਮੀਅਰ ਵਿਖੇ ਵੀ ਫਿਜੀਅਨ ਮੂਲ ਦੇ ਨਰਾਇਣ ਰਿਤੇਸ ਦੂਜੀ ਵਾਰ ਕੌਂਸਲਰ ਚੁਣੇ ਗਏ ਹਨ ਜਦੋਂ ਇੱਕ ਹੋਰ ਮਹਿਲਾ ਸੰਦੀਪ ਜੌਹਲ ਵੀ ਪਹਿਲੀ ਵਾਰ ਕੌਂਸਲਰ ਬਣਕੇ ਚੈਸਟਰਮੀਅਰ ਦੇ ਸਿਟੀ ਹਾਲ ਅੰਦਰ ਦਾਖਿਲ ਹੋਈ ਹੈ। ਇਸੇ ਤਰਾਂ ਰੌਕੀਵਿਊ ਕਾਊਂਟੀ ਦੇ ਡਵੀਜਨ ਨੰਬਰ 6 ਵਿੱਚੋਂ ਪਹਿਲੀ ਵਾਰ ਸਨੀ ਸਮਰਾ ਨੇ ਆਪਣੇ ਵਿਰੋਧੀਆਂ ਨਾਲੋਂ ਦੁਗਣੀਆਂ 969 ਵੋਟਾਂ ਲੈਕੇ ਜਿੱਤ ਦਰਜ ਕਰਵਾਈ ਹੈ।

ਸਿਟੀ ਔਫ਼ ਕੈਲਗਰੀ ਦੀ ਕੌਂਸਲ ਵਾਸਤੇ ਪਈਆਂ ਵੋਟਾਂ ਵਿੱਚ ਸ਼ਹਿਰ ਨੂੰ ਇਸ ਵਾਰ 11 ਨਵੇਂ ਕੌਂਸਲਰ ਮਿਲੇ ਹਨ। ਵਾਰਡ 1 ਤੋਂ ਸੋਨੀਆ ਸ਼ਾਰਪ ਨਵੇਂ ਕੌਂਸਲਰ ਹੋਣਗੇ। ਉਹਨਾਂ ਆਪਣੇ ਨੇੜਲੇ ਵਿਰੋਧੀ ਕ੍ਰਿਸ ਬਲੈਚ ਨੂੰ ਵੱਡੇ ਫ਼ਰਕ ਨਾਲ ਮਾਤ ਦਿੱਤੀ ਹੈ। ਵਾਰਡ 2 ਤੋਂ ਧੋਖਾਧੜੀ ਦੇ ਮਾਮਲਿਆਂ ਵਿੱਚ ਸ਼ਾਮਿਲ ਰਹੇ ਮੌਜੂਦਾ ਕੌਂਸਲਰ ਜੋਅ ਮੈਗਲਿ?ਕਾ ਨੂੰ ਹਾਰ ਦਾ ਸਾਮਹਣਾ ਕਰਨਾ ਪਿਆ ਹੈ। ਉਸ ਨੂੰ ਜੈਨਿਫਰ ਵਾਇਨੈਸ ਨੇ 5645 ਵੋਟਾਂ ਦੇ ਫ਼ਰਕ ਨਾਲ ਹਰਾਇਆ। ਵਾਰਡ 3 ਤੋਂ ਕੈਨੇਡੀਅਨ ?ਲੰਪੀਅਨ ਰਹੀ ਜੈਸਮਿਨ ਮੀਆਂ ਨੇ 7182 ਵੋਟ ਲੈ ਕੇ 2253 ਵੋਟਾਂ ਦੇ ਫ਼ਰਕ ਨਾਲ ਆਪਣੇ ਨੇੜਲੇ ਵਿਰੋਧੀ ਬ੍ਰੈਂਟ ਟ੍ਰੈਨਹੋਮ ਨੂੰ ਹਰਾਇਆ। ਟ੍ਰੈਨਹੋਮ ਨੂੰ 4929 ਵੋਟ ਮਿਲੇ। ਇਸ ਵਾਰਡ ਤੋਂ ਗੁਰਬੀਰ ਸਿੰਘ ਨਿੱਜਰ ਨੂੰ 2104, ਨੇਟ ਪਾਇਕ ਨੂੰ 1682, ਜੁਨ ਲਿਨ ਨੂੰ 3366, ਇਅਨ ਮੈਕਨੈਰਿਨ ਨੂੰ 2552, ਹੁਮਾਯੂੰ ਅਕਬਰ ਨੂੰ 239 ਅਤੇ ਰੇਡੀ? ਬ੍ਰੌਡਕੈਸਟਰ ਕੁਮਾਰ ਸ਼ਰਮਾ ਨੂੰ ਸਿਰਫ਼ 1024 ਵੋਟ ਹਾਸਲ ਹੋਏ। ਵਿਵਾਦਾਂ ਵਿਚ ਘਿਰੇ ਵਾਰਡ 4 ਤੋਂ ਕੌਂਸਲਰ ਸ਼ੌਨ ਚੂ ਨੇ 706 ਵੋਟਾਂ ਦੇ ਫ਼ਰਕ ਨਾਲ ਮੁੜ ਜਿੱਤ ਹਾਸਲ ਕਰ ਲਈ ਹੈ। ਵਾਰਡ 5 ਤੋਂ ਰਾਜ ਧਾਲੀਵਾਲ ਨੇ 4616 ਵੋਟ ਲੈ ਕੇ ਆਪਣੇ ਨੇੜਲੇ ਵਿਰੋਧੀ ਸਟੈਨ ਸੰਧੂ ਨੂੰ 378 ਵੋਟ ਦੇ ਅੰਤਰ ਨਾਲ ਹਰਾਉਂਦਿਆਂ ਕੌਂਸਲਰ ਬਣਨ ਦਾ ਮਾਣ ਹਾਸਲ ਕੀਤਾ ਹੈ। ਸਟੈਨ ਸੰਧੂ ਨੂੰ 4238 ਵੋਟ ਹਾਸਲ ਹੋਏ। ਆਰਿਅਨ ਸਾਦਾਤ ਨੂੰ 3865 ਵੋਟਾਂ ਮਿਲੀਆਂ। ਤਾਰਿਕ ਖਾਨ ਨੂੰ 1877 ਅਤੇ ਟਿਉਡਰ ਡਿੰਕਾ ਨੂੰ 916 ਵੋਟ ਮਿਲੇ। ਤਾਹਿਰ ਮੇਰਾਲੀ ਨੂੰ ਸਿਰਫ਼ 529 ਵੋਟ ਹਾਸਲ ਹੋਏ ਜਦੋਂ ਕਿ ਆਨੰਦ ਜੇਮਜ਼ ਸ਼ੈਟੀ ਨੂੰ 449 ਵੋਟ ਪ੍ਰਾਪਤ ਹੋਏ। ਵਾਰਡ 6 ਤੋਂ ਸਾਬਕਾ ਕੌਂਸਲਰ ਰਿਚਰਡ ਪੂਟਮੈਨਜ਼ ਨੇ ਲੈਨਾ ਬੈਂਟਲੇ ਨੂੰ 6791 ਵੋਟਾਂ ਦੇ ਫ਼ਰਕ ਨਾਲ ਹਰਾਉਂਦਿਆਂ ਮੁੜ ਕੌਂਸਲਰ ਦਾ ਅਹੁਦਾ ਕਬਜ਼ੇ ਵਿੱਚ ਕਰ ਲਿਆ। ਇਸ ਸੀਟ ਤੋਂ ਭਾਰਤੀ ਮੂਲ ਦੇ ਸੰਜੀਵ ਕੱਦ ਤੀਸਰੇ ਸਥਾਨ 'ਤੇ ਰਹੇ ਤੇ ਉਹਨਾਂ ਨੂੰ 6911 ਵੋਟ ਮਿਲੇ। ਵਾਰਡ 7 ਤੋਂ ਟੈਰੀ ਵੌਂਗ ਨੇ ਕੌਂਸਲਰ ਵਜੋਂ ਜਿੱਤ ਹਾਸਲ ਕੀਤੀ ਹੈ। ਵਾਰਡ 8 ਤੋਂ ਕੋਰਟਨੀ ਵੌਲਕੋਟ ਨੇ 2647 ਵੋਟਾਂ ਦੇ ਫ਼ਰਕ ਨਾਲ ਜਿੱਤ ਹਾਸਲ ਕਰਕੇ ਸਿਟੀ ਹੌਲ ਵਿੱਚ ਜਾਣ ਦਾ ਰਸਤਾ ਪੱਧਰਾ ਕਰ ਲਿਆ ਹੈ। ਵਾਰਡ 9 ਤੋਂ ਮੌਜੂਦਾ ਕੌਂਸਲਰ ਜਾਇਨ ਕਾਰਲੋ ਕਰਾ ਮੁੜ ਚੋਣ ਜਿੱਤ ਗਏ ਹਨ। ਉਹ ਸਿਰਫ਼ 152 ਵੋਟਾਂ ਦੇ ਫ਼ਰਕ ਨਾਲ ਨਾ?ਮੀ ਵਿਦਰਜ਼ ਤੋਂ ਜੇਤੂ ਰਹੇ। ਵਾਰਡ 10 ਤੋਂ ਸਾਬਕਾ ਕੌਂਸਲਰ ਆਂਦਰੇ ਸ਼ੇਬੋ, ਆਬਿਦ ਹਰਬ ਨੂੰ 867 ਵੋਟਾਂ ਦੇ ਫ਼ਰਕ ਨਾਲ ਹਰਾ ਕੇ ਮੁੜ ਕੌਂਸਲਰ ਬਣ ਗਏ ਹਨ। ਵਾਰਡ 11 ਤੋਂ ਕੋਰਟਨੀ ਬ੍ਰੈਨੇਗਨ ਨੇ 889 ਵੋਟਾਂ ਦੇ ਫ਼ਰਕ ਨਾਲ ਜਿੱਤ ਹਾਸਲ ਕੀਤੀ ਹੈ। ਵਾਰਡ 12 ਤੋਂ ਇਵੈਨ ਸਪੈਂਸਰ ਨੇ ਕ੍ਰੈਗ ਚੈਂਡਲਰ ਨੂੰ 4562 ਵੋਟਾਂ ਦੇ ਫ਼ਰਕ ਨਾਲ ਹਰਾ ਦਿੱਤਾ ਤੇ ਨਵੇਂ ਕੌਂਸਲਰ ਬਣ ਗਏ ਹਨ। ਵਾਰਡ 13 ਤੋਂ ਪਿਛਲੇ 21 ਸਾਲ ਤੋਂ ਚੱਲੀ ਆ ਰਹੀ ਕੌਂਸਲਰ ਡਾਇਏਨ ਕੌਲੀ ਅਰਖਾਰਟ ਨੂੰ ਡੈਨ ਮੈਕਲੀਨ ਨੇ 4433 ਦੇ ਫ਼ਰਕ ਨਾਲ ਹਰਾ ਕੇ ਚੋਣ ਜਿੱਤ ਲਈ ਹੈ। ਵਾਰਡ 14 ਤੋਂ ਮੌਜੂਦਾ ਕੌਂਸਲਰ ਪੀਟਰ ਡਿਮੌਂਗ ਨੇ 14975 ਵੋਟਾਂ ਦੇ ਫ਼ਰਕ ਨਾਲ ਚੋਣ ਜਿੱਤੀ ਹੈ। ਕੈਲਗਰੀ ਵਿੱਚ ਮੇਅਰ ਡਾ. ਜੌਤੀ ਗੌਂਡੇਕ ਸਮੇਤ 5 ਔਰਤਾਂ ਕੌਂਸਲ ਵਿੱਚ ਪਹੁੰਚੀਆਂ ਹਨ। ਵਾਰਡ 1 ਤੋਂ ਸੋਨਿਆ ਸ਼ਾਰਪ, ਵਾਰਡ 2 ਤੋਂ ਜੈਨਿਫ਼ਰ ਵਾਇਨੈਂਸ, ਵਾਰਡ 3 ਤੋਂ ਜੈਸਮਿਨ ਮੀਆਂ ਅਤੇ ਵਾਰਡ 11 ਤੋਂ ਕੋਰਟਨੀ ਬ੍ਰੈਨੇਗਨ ਨੇ ਜਿੱਤ ਦਰਜ ਕੀਤੀ ਹੈ। ਸਭ ਤੋਂ ਵੱਡੀ ਜਿੱਤ ਵਾਰਡ 14 ਤੋਂ ਪੀਟਰ ਡੀਮੌਂਗ ਨੂੰ 14975 ਵੋਟਾਂ ਦੇ ਫ਼ਰਕ ਨਾਲ ਅਤੇ ਸਭ ਤੋਂ ਘੱਟ ਫ਼ਰਕ ਨਾਲ ਜਾਇਨ ਕਾਰਲੋ ਕਰਾ ਨੂੰ ਵਾਰਡ 9 ਤੋਂ ਸਿਰਫ਼ 152 ਵੋਟਾਂ ਨਾਲ ਜਿੱਤ ਮਿਲੀ ਹੈ।

**ਸਕੂਲ ਟਰੱਸਟੀ ਕੌਣ ਕੌਣ ਬਣੇ :**

ਪਬਲਿਕ ਸਕੂਲ ਟ੍ਰਸਟੀ ਵਾਸਤੇ ਪਈਆਂ ਵੋਟਾਂ ਵਿੱਚ ਵਾਰਡ 1 ਅਤੇ 2 ਤੋਂ ਡੈਨਾ ਡਾਉਨੀ, ਵਾਰਡ 3 ਅਤੇ 4 ਤੋਂ ਲੌਰਾ ਹੈਕ, ਵਾਰਡ 5 ਅਤੇ 10 ਤੋਂ ਮੌਜੂਦਾ ਸਕੂਲ ਬੋਰਡ ਟ੍ਰਸਟੀ ਚੇਅਰ ਮੈਰਿਲਿਨ ਡੈਨਿਸ, ਵਾਰਡ 6 ਅਤੇ 7 ਤੋਂ ਪੈਟ੍ਰੀਸ਼ੀਆ ਬੌਲਗਰ, ਵਾਰਡ 8 ਅਤੇ 9 ਤੋਂ ਸੂਜ਼ਨ ਵੁਕੈਡੀਨੋਵਿਚ, ਵਾਰਡ 11 ਅਤੇ 13 ਤੋਂ ਨੈਂਸੀ ਕਲੋਜ਼ ਅਤੇ ਵਾਰਡ 12 ਅਤੇ 14 ਤੋਂ ਸ਼ੈਰਲਿਨ ਮੇਅ ਨੇ ਚੋਣ ਜਿੱਤ ਲਈ ਹੈ। ਵਾਰਡ 5 ਅਤੇ 10 ਤੋਂ ਮਲਿਕ ਅਸ਼ਰਫ਼ ਦੂਜੇ ਸਥਾਨ 'ਤੇ ਰਹੇ ਜਦੋਂ ਕਿ ਹਿਉਮਾਇਰਾ ਫ਼ਲਕ ਤੀਸਰੇ ਸਥਾਨ 'ਤੇ ਰਹੀ। ਮੈਰਿਲਿਨ ਡੈਨਿਸ ਇਕ ਮਾਤਰ ਟ੍ਰਸਟੀ ਰਹੇ ਜਿਹੜੇ ਮੁੜ ਚੋਣ ਜਿੱਤੇ ਹਨ। ਬਾਕੀ ਸਾਰੇ ਟ੍ਰਸਟੀ ਨਵੇਂ ਹੋਣਗੇ।

**ਆਂਢ ਗੁਆਂਢ ਦਾ ਕੀ ਹਾਲ ਰਿਹਾ :**

ਕੈਲਗਰੀ ਦੇ ਨਾਲ ਲੱਗਦੇ ਸ਼ਹਿਰ ਏਅਰਡਰੀ ਵਿੱਚ ਪੀਟਰ ਬ੍ਰਾਊਨ ਸ਼ਹਿਰ ਦੇ ਮੇਅਰ ਵਾਸਤੇ ਚੁਣੇ ਗਏ ਹਨ। ਉਹਨਾਂ ਨੂੰ 6353 ਵੋਟ ਮਿਲੇ ਤੇ ਉਹਨਾਂ ਦੋ ਉਮੀਦਵਾਰਾਂ ਨੂੰ ਹਰਾ ਕੇ ਇਹ ਚੋਣ ਜਿੱਤ ਲਈ ਹੈ। ਕੌਂਸਲਰਾਂ ਵਿੱਚ ਟੀਨਾ ਪੈਟਰਉ, ਰੌਨ ਚੈਪਮੈਨ, ਕੈਂਡਿਸ ਕੌਲਸਨ, ਹੈਦਰ ਸਪੀਅਰਮੈਨ, ਅਲ ਜੋਨਜ਼ ਅਤੇ ਡੈਰੈਲ ਬੈਲਿਕ ਦੀ ਚੋਣ ਹੋ ਗਈ ਹੈ। ਸ਼ਹਿਰ ਵਿੱਚ ਸਿਰਫ਼ 22% ਵੋਟਾਂ ਪੋਲ ਹੋਈਆਂ ਦੱਸੀਆਂ ਗਈਆਂ ਹਨ। ਕੈਲਗਰੀ ਦੇ ਪੂਰਬ ਵੱਲ ਚੈਸਟਰਮੀਅਰ ਵਿੱਚ ਜੈਫ਼ ਕੌਲਵਿਨ ਮੇਅਰ ਚੁਣੇ ਗਏ ਹਨ। ਕੌਂਸਲਰਾਂ ਵਿੱਚ ਸ਼ੈਨਨ ਡੀਨ, ਸਟੀਵਨ ਹੈਨਲੀ, ਮੈਲ ਫੋਟ, ਬਲੇਨ ਫੰਕ, ਡਾ. ਰਿਤੇਸ਼ ਨਾਰਾਇਣ ਅਤੇ ਸੰਦੀਪ ਜੌਹਲ ਚੁਣ ਲਏ ਗਏ ਹਨ। ਸਾਬਕਾ ਮੈਂਬਰ ਪਾਰਲੀਮੈਂਟ ਦੀਪਕ ?ਬਰਾਇ ਦੀ ਪਤਨੀ ਨੀਨਾ ?ਬਰਾਇ ਨੂੰ ਸਿਰਫ਼ 683 ਵੋਟਾਂ ਮਿਲੀਆਂ ਤੇ ਉਹ ਉਮੀਦਵਾਰਾਂ ਵਿੱਚ ਸਭ ਤੋਂ ਆਖ਼ਰੀ ਸਥਾਨ 'ਤੇ ਰਹੇ। ਰੌਕੀ ਵਿਉ ਕਾਉਂਟੀ ਦੀ ਡਿਵਿਯਨ ਨੰਬਰ 6 ਵਿੱਚ ਸੰਨੀ ਸਮਰਾ ਨੇ ਭਾਰੀ ਜਿੱਤ ਹਾਸਲ ਕੀਤੀ ਹੈ।

**ਰਾਇ ਸ਼ੁਮਾਰੀ ਕੀ ਕਹਿੰਦੀ ਐ :**

ਸਾਲ 2021 ਦੀਆਂ ਮਿਉਨਿਸਪਲ ਚੋਣਾਂ ਵਿੱਚ ਵੋਟਰ ਟਰਨ-ਆਉਟ ਬਹੁਤ ਘੱਟ ਰਹੀ ਹੈ। ਐਡਵਾਂਸ ਪੋਲ ਵਿੱਚ 1 ਲੱਖ 41 ਹਜ਼ਾਰ ਵੋਟਾਂ ਪਈਆਂ ਸਨ ਤੇ ਕੱਲ੍ਹ ਪਈਆਂ ਵੋਟਾਂ ਦੀ ਗਿਣਤੀ 1 ਲੱਖ 29 ਹਜ਼ਾਰ 500 ਰਹੀ ਤੇ ਕੁਲ ਵੋਟਾਂ ਸਿਰਫ਼ 2 ਲੱਖ 70 ਹਜ਼ਾਰ ਤੋਂ ਵੱਧ ਪਈਆਂ ਹਨ। ਐਲਬਰਟਾ ਪ੍ਰੀਮੀਅਰ ਜੇਸਨ ਕੈਨੀ ਨੇ ਡਾ. ਜੋਤੀ ਗੌਂਡੇਕ ਅਤੇ ਅਮਰਜੀਤ ਸੋਹੀ ਨੂੰ ਉਹਨਾਂ ਦੀ ਸ਼ਾਨਦਾਰ ਜਿੱਤ 'ਤੇ ਵਧਾਈ ਦਿੰਦਿਆਂ ਆਸ ਪ੍ਰਗਟ ਕੀਤੀ ਹੈ ਕਿ ਸੂਬੇ ਦੀ ਆਰਥਕ ਗਤੀ ਨੂੰ ਤੇਜ਼ ਕਰਨ ਲਈ ਉਹਨਾਂ ਦੇ ਸਹਿਯੋਗ ਨਾਲ ਕੰਮ ਤੇਜ਼ ਕੀਤਾ ਜਾਵੇਗਾ। ਕੈਲਗਰੀ ਦੇ 62% ਵੋਟਰਾਂ ਨੇ ਘਰਾਂ ਵਿੱਚ ਹੁੰਦੇ ਪੀਣ ਵਾਲੇ ਪਾਣੀ ਦੀ ਸਪਲਾਇ ਵਿੱਚ ਫ਼ਲੋਰਾਇਡ ਮਿਕਸ ਕਰਨ ਦੇ ਹੱਕ ਵਿੱਚ ਵੋਟ ਪਾਈ ਹੈ। ਕੁਲ 2 ਲੱਖ 1 ਹਜ਼ਾਰ 940 ਵੋਟਰਾਂ ਨੇ ਇਸ ਪ੍ਰਤੀ ਹਾਂ ਵਿੱਚ ਵੋਟ ਦਿੱਤਾ ਹੈ ਜਦੋਂ ਕਿ 1 ਲੱਖ 25 ਹਜ਼ਾਰ 853 ਵੋਟਰਾਂ ਨੇ ਨਾਂਹ ਕੀਤੀ ਹੈ। ਇਹ 38% ਲੋਕਾਂ ਦੀ ਰਾਇ ਬਣੀ ਹੈ। ਕੈਲਗਰੀ ਦੇ 51% ਵੋਟਰਾਂ ਨੇ ਸੂਬੇ ਵਿੱਚ ਸਮਾਂ ਤਬਦੀਲ ਕਰਨ ਨੂੰ ਨਾਂਹ ਕਰ ਦਿੱਤੀ ਹੈ



## ਜਪਾਨ ਦੇ ਸ਼ਾਹੀ ਖ਼ਾਨਦਾਨ ਵਿੱਚੋਂ ਰਾਜਕੁਮਾਰੀ ਮਾਕੋ ਨੇ ਵਿਆਹ ਕਰਵਾਉਂਦਿਆਂ ਸ਼ਾਹੀ ਖ਼ਾਨਦਾਨ ਦੀਆਂ ਸਹੂਲਤਾਂ ਨੂੰ ਠੋਕਰ ਮਾਰੀ

ਸੈਸਕਾਟੂਨ (ਪੰਜਾਬੀ ਅਖ਼ਬਾਰ ਬਿਊਰੋ)ਜਪਾਨ ਦੀ ਰਾਜਕੁਮਾਰੀ ਮਾਕੋ ਵੱਲੋਂ ਚੁੱਪਚਾਪ ਗ਼ੈਰ ਸ਼ਾਹੀ ਰਸਮਾਂ ਨਾਲ ਇੱਕ ਸਧਾਰਨ ਵਿਅਕਤੀ ਨਾਲ ਵਿਆਹ ਕਰਵਾਉਣ ਮਗਰੋਂ ਉਸ ਨੂੰ ਸ਼ਾਹੀ ਟੱਬਰ ਵਿੱਚੋਂ ਕੱਢ ਬਾਹਰ ਕੀਤਾ ਗਿਆ ਹੈ। ਰਾਜਕੁਮਾਰੀ ਮਾਰਕੋ ਦਾ ਕਹਿਣਾ ਹੈ ਕਿ ਉਸ ਨੇ ਆਪਣੀ ਮਰਜ਼ੀ ਨਾਲ ਅਤੇ ਦਿਲ ਦੀ ਗੱਲ ਸੁਣਦਿਆਂ ਆਪਣੀ ਪਸੰਦ ਦੇ ਵਿਅਕਤੀ ਨਾਲ ਸ਼ਾਦੀ ਕਰਵਾਈ ਹੈ ਜਿਸ ਦਾ ਉਸ ਨੂੰ ਮਾਣ ਹੈ। ਉਸ ਨੇ ਸ਼ਾਹੀ ਟੱਬਰ ਵਲੋਂ ਮਿਲਣ ਵਾਲੀ ਵੱਡੀ ਰਕਮ ਨੂੰ ਠੋਕਰ ਮਾਰ ਦਿੱਤੀ ਹੈ।

## ਕੋਲੇ ਵਾਲੇ ਥਰਮਲ ਪਲਾਂਟ 2030 ਤੱਕ ਬੰਦ ਕਰਨ ਸਬੰਧੀ ਸਹਿਮਤੀ ਬਣ ਗਈ ਹੈ।

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਜੀ-20 ਦੇਸ਼ਾਂ ਦੇ ਇਟਲੀ ਦੇ ਰੋਮ ਸ਼ਹਿਰ ਵਿੱਚ ਕਰਵਾਏ ਗਏ ਸਿਖ਼ਰ ਸੰਮੇਲਨ ਵਿੱਚ ਪ੍ਰਾਇਮ ਮਨਿਸਟਰ ਜਸਟਿਨ ਟਰੂਡੋ ਨੇ ਕਿਹਾ ਹੈ ਕਿ ਵਾਤਾਵਰਣ ਸੰਭਾਲ ਅਤੇ ਇਸ ਨੂੰ ਬਚਾਉਣ ਵਾਸਤੇ ਜ਼ਿਆਦਾ ਵੱਡੇ ਟੀਚੇ ਅਤੇ ਉਹਨਾਂ ਨੂੰ ਹਾਸਲ ਕਰਨ ਵਾਸਤੇ ਜ਼ਿਆਦਾ ਕੰਮ ਕਰਨ ਦੀ ਲੋੜ ਹੈ। ਦੋ ਦਿਨ ਚੱਲੇ ਇਸ ਸਿਖ਼ਰ ਸੰਮੇਲਨ ਵਿੱਚ ਸਾਰੇ ਦੇਸ਼ਾਂ ਨੇ ਪਹਿਲੀ ਵਾਰ ਇਸ ਗੱਲ 'ਤੇ ਸਹਿਮਤੀ ਦਿੱਤੀ ਹੈ ਕਿ ਧਰਤੀ ਦੇ ਤਾਪਮਾਨ ਵਿਚ 1.5 ਡਿਗਰੀ ਸੈਲਸੀਅਸ ਤੋਂ ਜ਼ਿਆਦਾ ਵਾਧਾ ਨਾ ਹੋਣ ਦੇਣ ਵਾਸਤੇ ਸਖ਼ਤ ਕਦਮ ਚੁੱਕੇ ਜਾਣੇ ਚਾਹੀਦੇ ਹਨ। ਕੋਲੇ ਨਾਲ ਚੱਲਣ ਵਾਲੇ ਥਰਮਲ ਪਲਾਂਟਾਂ ਨੂੰ ਸਾਲ 2030 ਤੱਕ ਬੰਦ ਕਰਨ ਅਤੇ ਜ਼ੀਰੋ ਐਮੀਸ਼ਨ ਦਾ ਪੱਧਰ 2050 ਤੱਕ ਹਾਸਲ ਕਰਨ ਵਾਸਤੇ ਸਹਿਮਤੀ ਬਣ ਗਈ ਦੱਸੀ ਗਈ ਹੈ। ਜਦੋਂ ਇਸ ਗੱਲ 'ਤੇ ਸਹਿਮਤੀ ਬਣਾਈ ਜਾ ਰਹੀ ਸੀ ਤਾਂ ਚੀਨ ਦੇ ਰਾਸ਼ਟਰਪਤੀ ਸ਼ੀ ਜਿਨ ਪਿੰਗ ਅਤੇ ਰੂਸੀ ਰਾਸ਼ਟਰਪਤੀ ਵਲਾਦਿਮਿਰ ਪੂਤਿਨ ਇਸ ਮੀਟਿੰਗ ਵਿੱਚ ਪਹੁੰਚੇ ਹੀ ਨਹੀਂ। ਚੀਨ ਸਭ ਤੋਂ ਵੱਧ ਪ੍ਰਦੂਸ਼ਣ ਫੈਲਾਉਣ ਵਾਲਾ ਦੇਸ਼ ਹੈ ਤੇ ਉਸ ਵੱਲੋਂ ਜ਼ੋਰ ਪਾਇਆ ਜਾ ਰਿਹਾ ਸੀ ਕਿ ਜ਼ੀਰੋ ਐਮਿਸ਼ਨ ਦੇ ਪੱਧਰ ਦਾ ਟੀਚਾ 2050 ਦੀ ਥਾਂ 2060 ਤੱਕ ਹੋਣਾ ਚਾਹੀਦਾ ਹੈ।

## ਪੰਜਾਬ ਦੇ ਮੁੱਖ ਮੰਤਰੀ ਚੰਨੀ ਵੱਲੋਂ ਦੀਵਾਲੀ ਮੌਕੇ ਪੰਜਾਬ ਵਾਸੀਆਂ ਲਈ ਵਿਸ਼ੇਸ਼ ਤੋਹਫਾ

ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਭਾਰਤੀ ਸੂਬੇ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਅਹਿਮ ਐਲਾਨ ਕਰਦਿਆਂ ਪੰਜਾਬ ਦੇ ਲੋਕਾਂ ਅਤੇ ਖਾਸ ਕਰਕੇ ਕਰਮਚਾਰੀਆਂ ਨੂੰ ਦਿਵਾਲੀ ਦਾ ਇੱਕ ਵੱਡਾ ਤੋਹਫਾ ਦਿੱਤਾ ਹੈ। ਕਰਮਚਾਰੀਆਂ ਦੇ ਡੀ ਏ ਵਿਚ 11 ਫ਼ੀ ਸਦੀ ਵਾਧੇ ਦਾ ਐਲਾਨ ਕੀਤਾ ਗਿਆ ਹੈ ਅਤੇ 440 ਕਰੋੜ ਰੁਪਏ ਦੇ ਬਕਾਏ ਦਿੱਤੇ ਜਾਣ ਦੀ ਗੱਲ ਵੀ ਕਹੀ ਗਈ ਹੈ। ਇਸ ਦੇ ਨਾਲ ਹੀ ਬਿਜਲੀ ਦਰਾਂ ਵਿਚ 3 ਰੁਪਏ ਪ੍ਰਤੀ ਯੂਨਿਟ ਕਟੌਤੀ ਦਾ ਐਲਾਨ ਕੀਤਾ ਹੈ। ਇਹ ਦਰਾਂ ਤੁਰੰਤ ਲਾਗੂ ਹੋਣਗੀਆਂ।ਖਪਤਕਾਰਾਂ ਨੂੰ ਇਹ ਲਾਭ ਦੇਣ ਨਾਲ ਪੰਜਾਬ ਸਰਕਾਰ 'ਤੇ ਹਰ ਸਾਲ 3316 ਕਰੋੜ ਰੁਪਏ ਦਾ ਵਾਧੂ ਬੋਝ ਪਵੇਗਾ।

MIDWEST DIESEL REPAIR INC.
Midwest Truck Parts
Gurprit Gill (Sony)
Midwest Diesel Repair Inc.
We Service all Makes of Semi Trucks and Trailers
NMT
ਹਰ ਤਰ੍ਹਾਂ ਦੇ ਸੈਮੀ ਟਰੱਕਾਂ ਦੀ ਰਿਪੇਅਰ ਕਰਦੇ ਹਾਂ।
ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।
ਇਹਨੀ ਦਿਨੀ ਉਹਨਾਂ ਕੋਲ ਸਪੈਸ਼ਲ ਸੇਲ ਲੱਗੀ ਹੋਈ ਹੈ ਜਿਸਦਾ ਤੁਸੀਂ ਫਾਇਦਾ ਉਠਾ ਸਕਦੇ ਹੋ।
• Mobile Tire Service-24H
• Wheel Alignment • Differential • Rebuilt
• Engine-Transmission • Heating and Air Conditioning
Tire Service
ਨਵੇਂ ਅਤੇ ਪੁਰਾਣੇ ਟਾਇਰ ਵੀ ਮਿਲਦੇ ਹਨ
Harpreet Singh Shergill
(306) 216 0610
1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca

DENTRO CARRIERS LTD
REGINA, SK
HIRING OWNER OPERATOR NOW
ਓਨਰ ਅਪਰੇਟਰ ਅਤੇ ਟਰੱਕ ਡਰਾਈਵਰਾਂ ਦੀ ਲੋੜ ਹੈ।
• New Automatic Trucks
• City Work
• Long Haul US- Canada Runs
• Dedicated Runs
• Great Miles Rate
Referral Bonus
Health Benefits
LEASE TO OWNER OPERATOR PROGRAM
Ajitpal Singh
Tel: 306 751 4150 Mob: 306 201 7600
Fax: 306 757 7171
Email: dentrocarriersltd@gmail.com

FASTARA CARRIER
HIRING NEW OWNER-OPREATOR AND DRIVERS
AT BOTH TERMINALS
ਓਨਰ-ਓਪਰੇਟਰਾਂ ਅਤੇ ਡਰਾਈਵਰਾਂ ਦੀ ਲੋੜ
• Automatic Truck
• Long Haul US-Canada Runs
• Dedicated Runs
• Great Mile Rates
• Will Help With Immigration
Apply Now
Send Resume at:
Email: Info@fastaracarrier.com
Phone:1800-210-5201
Cell: 639 560 0561

ਸਾਨੂੰ ਡਰਾਇਵਰਾਂ ਦੀ ਵੀ ਲੋੜ ਹੈ
FREE SWIFT CABS FREE
YOUR DESTINATION IS OUR GOAL
CONTACT: BILL SINGH
306 515 0604
GREAT NEWS: NO DISPATCH FEES FOR NEW OPERATORS
306-999-2229
www.swiftcabs.ca
PROUDLY SERVING REGINA
SWIFT CABS WILL PROVIDE FOLLOWING BENEFITS TO THE OPERATIONS AND EMPLOYERS ABSOLUTELY FREE:
• GROUP HEALTH & DENTAL BENEFITS
• LONG TERM DISABILITY BENEFITS
• LOTS OF OTHER EMPLOYEE BENEFITS INCLUDED
ALL BENEFITS WILL BE PROVIDED BY CANADA'S BEST AND LARGEST INSURANCE COMPANY FOR FREE
TaxiCaller

CAM TRANSPORT
REGINA, SK
Currently Hiring Drivers and Owner Operators for Canada (Prairies) and USA Runs.
• Must Have-Clean Driver Abstract
• Clear Criminal Record
ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ
Cam Transport Offers:
• Great Pay, Steady Miles,
• Dedicated Work
• Dedicated trucks for drivers
• Every Weekend Home
• Excellent Equipments
• Paid Layover
Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313
Office: 306 910-0100 Email: Info@camtransport.ca
1014 Kearns Cres Regina (SK) S4K 0A1

Khalsa Professional Services Corp.
Gurtej Singh Grewal
Accountant
• Tax filling
• New Incorporation
ਸਖ਼ਤ ਕਮਾਈਆਂ ਵਿੱਚੋਂ ਡਾਲਰਾਂ ਦੀ ਬੱਚਤ ਚੰਗੇ ਟੈਕਸ ਪਲੈਨਰ ਦੀ ਸਲਾਹ ਨਾਲ ਹੀ ਹੁੰਦੀ ਹੈ।
Free Notary Service For Khalsa Accountax Clients
PAYROLL ACCOUNTING WCB/PST
306 450 3223 306 501 4070
gsgrewal@kpscorp.ca, www.kpscorp.ca
River Heights Shopping Center, Suite 10 - 2700 Montague Street Regina Saskathcewan, S4S 0J9

Gurtej Singh Grewal
Mortgage Associate
License # 316959
ਕਿਸੇ ਵੀ ਕਿਸਮ ਦੀ ਮੌਰਗੇਜ ਕਰਵਾਉਣ ਲਈ ਇੱਕ ਵਾਰ ਸਾਡੇ ਰੇਟ ਜ਼ਰੂਰ ਚੈਕ ਕਰੋ।
The Mortgage Centre
We work for you, not the lenders.
Fax: 1-855-621-0802
Website- kpscorp.ca
Email: grewal.g@mortgagecentre.com
www: mortgagecentre.com/gurtejgrewal
#10-2700 MONTAGUE ST, REGINA (SK) S4S 0J9
Office: 306 450 3223
Cell: 306 501 4070